@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 24 April 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 24 ਅਪ੍ਰੈਲ 2026, 11 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 169, qpatrika@gmail.com ਫੋਨ : 9971359517 www.qaumipatrika.org

## ਰਾਹੁਲ ਬਾਬਾ ਨਾਲ ਰਹਿ ਕੇ ਖੜਗੇ ਦੀ ਭਾਸ਼ਾ ਵਿਗੜੀ'': ਅਮਿਤ ਸ਼ਾਹ

ਨੈਸ਼ਨਲ ਡੈਸਕ 23 ਅਪ੍ਰੈਲ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਵਿਰੁੱਧ ਜ਼ੋਰਦਾਰ ਹੱਲਾ ਬੋਲਿਆ ਹੈ। ਦਮ ਦਮ ਉੱਤਰ ਵਿਖੇ ਇੱਕ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਪ੍ਰਧਾਨ ਮੰਤਰੀ ਮੋਦੀ ਵਿਰੁੱਧ ਦਿੱਤੇ ਗਏ ਬਿਆਨ 'ਤੇ ਪਲਟਵਾਰ ਕੀਤਾ। ਉਨ੍ਹਾਂ ਕਿਹਾ ਕਿ ਖੜਗੇ ਪਹਿਲਾਂ ਅਜਿਹੇ ਬਿਆਨ ਨਹੀਂ ਦਿੰਦੇ ਸਨ, ਪਰ ਰਾਹੁਲ ਬਾਬਾ ਨਾਲ ਰਹਿ ਕੇ ਉਨ੍ਹਾਂ ਦੀ ਭਾਸ਼ਾ ਵੀ ਵਿਗੜ ਗਈ ਹੈ। ਸ਼ਾਹ ਨੇ ਇਲਜ਼ਾਮ ਲਾਇਆ ਕਿ ਇਹ ਰਾਹੁਲ



ਗਾਂਧੀ ਦਾ ਹੀ ਅਸਰ ਹੈ ਕਿ ਕਾਂਗਰਸ ਪ੍ਰਧਾਨ ਹੁਣ ਦੇਸ਼ ਦੇ ਪ੍ਰਧਾਨ ਮੰਤਰੀ ਨੂੰ 'ਅੱਤਵਾਦੀ' ਕਹਿ ਰਹੇ ਹਨ। ਅਮਿਤ ਸ਼ਾਹ ਨੇ ਕਾਂਗਰਸ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਰਾਹੁਲ ਬਾਬਾ ਅਤੇ ਕਾਂਗਰਸ ਮੋਦੀ ਜੀ ਨੂੰ ਜਿੰਨੀਆਂ ਗਾਲਾਂ ਕੱਢ ਕੇ ਚਿੱਕੜ ਉਛਾਲਣ ਦੀ ਕੋਸ਼ਿਸ਼ ਕਰਨਗੇ, ਕਮਲ (ਭਾਜਪਾ ਦਾ ਚੋਣ ਨਿਸ਼ਾਨ) ਓਨੀ ਹੀ ਸ਼ਾਨ ਨਾਲ ਖਿੜੇਗਾ। ਉਨ੍ਹਾਂ ਦਾਅਵਾ ਕੀਤਾ ਕਿ ਇਹ ਚੋਣ ਬੰਗਾਲ ਵਿੱਚ ਬਹੁਤ ਵੱਡਾ ਬਦਲਾਅ ਲੈ ਕੇ ਆਵੇਗੀ ਅਤੇ ਜੇਕਰ ਭਾਜਪਾ ਸੱਤਾ ਵਿੱਚ ਆਉਂਦੀ ਹੈ, ਤਾਂ ਬੰਗਾਲ ਦਾ ਰਹਿਣ ਵਾਲਾ ਕੋਈ ਬੰਗਾਲੀ ਹੀ ਇੱਥੋਂ ਦਾ ਮੁੱਖ ਮੰਤਰੀ ਬਣੇਗਾ। ਮਮਤਾ ਬਨਰਜੀ 'ਤੇ ਹਮਲਾ ਕਰਦਿਆਂ ਸ਼ਾਹ ਨੇ ਕਿਹਾ ਕਿ 4 ਮਈ ਨੂੰ ਵੋਟਾਂ ਦੀ ਗਿਣਤੀ ਸ਼ੁਰੂ ਹੋਣ ਤੋਂ ਬਾਅਦ ਦੁਪਹਿਰ 1 ਵਜੇ ਤੱਕ ਮਮਤਾ ਦੀਦੀ ਦਾ 'ਟਾਟਾ ਬਾਏ-ਬਾਏ' ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਬੰਗਾਲ ਦੇ ਲੋਕ TMC ਦੇ ਸਿੰਡੀਕੇਟ ਰਾਜ ਤੋਂ ਤੰਗ ਆ ਚੁੱਕੇ ਹਨ ਅਤੇ 5 ਮਈ ਤੋਂ ਬਾਅਦ ਇਹ ਲੋਕ ਬੰਗਾਲ ਛੱਡ ਕੇ ਭੱਜ ਜਾਣਗੇ। ਸ਼ਾਹ ਨੇ ਇਹ ਵੀ ਦੋਸ਼ ਲਾਇਆ ਕਿ "$3 ਅਤੇ ਕਾਂਗਰਸ ਨੇ ਮਿਲ ਕੇ ਲੋਕ ਸਭਾ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਡੇਗਿਆ ਹੈ ਅਤੇ ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝੇ ਰੱਖਿਆ ਹੈ।

## ਜੰਮੂ 'ਚ ਭਾਰਤ-ਪਾਕਿ ਸਰਹੱਦ ਨੇੜੇ ਦਿਖੀ ਹਲਚਲ !

ਨੈਸ਼ਨਲ ਡੈਸਕ 23 ਅਪ੍ਰੈਲ। ਜੰਮੂ ਦੇ ਮਕਵਾਲ ਖੇਤਰ ਵਿੱਚ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਸੀਮਾ ਸੁਰੱਖਿਆ ਬਲ ਨੇ ਇੱਕ ਸ਼ੱਕੀ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਘਟਨਾ ਤੋਂ ਬਾਅਦ ਸਰਹੱਦੀ ਇਲਾਕੇ ਵਿੱਚ ਚੌਕਸੀ ਵਧਾ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਬੀ.ਐੱਸ.ਐੱਫ. ਦੇ ਜਵਾਨ ਮਾਇਨ ਆਊਟਰ ਪੋਸਟ ਦੇ ਨੇੜੇ ਗਸ਼ਤ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਸਰਹੱਦ ਦੇ ਬਿਲਕੁਲ ਨੇੜੇ ਸ਼ੱਕੀ ਹਾਲਾਤਾਂ ਵਿੱਚ ਇੱਕ ਵਿਅਕਤੀ ਦਿਖਾਈ ਦਿੱਤਾ। ਜਵਾਨਾਂ ਨੇ ਤੁਰੰਤ ਕਾਰਵਾਈ ਕਰਦਿਆਂ ਉਸ ਨੂੰ ਘੇਰਾ ਪਾ ਕੇ ਹਿਰਾਸਤ ਵਿੱਚ ਲੈ ਲਿਆ ਅਤੇ ਪੁੱਛਗਿੱਛ ਸ਼ੁਰੂ ਕੀਤੀ। ਮੁੱਢਲੀ ਜਾਂਚ ਤੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਫੜੇ ਗਏ ਵਿਅਕਤੀ ਦੀ ਉਮਰ ਕਰੀਬ 50 ਸਾਲ ਹੈ ਅਤੇ ਉਸ ਦੀ ਮਾਨਸਿਕ ਹਾਲਤ ਠੀਕ ਨਹੀਂ ਦੱਸੀ ਜਾ ਰਹੀ। ਬੀ.ਐੱਸ.ਐੱਫ. ਵੱਲੋਂ ਕੀਤੀ ਗਈ ਸ਼ੁਰੂਆਤੀ ਪੁੱਛਗਿੱਛ ਦੌਰਾਨ ਉਹ ਵਿਅਕਤੀ ਸਰਹੱਦੀ ਖੇਤਰ ਵਿੱਚ ਆਉਣ ਦਾ ਕੋਈ ਵੀ ਤਸੱਲੀਬਖਸ਼ ਕਾਰਨ ਨਹੀਂ ਦੱਸ ਸਕਿਆ। ਬੀ.ਐੱਸ.ਐੱਫ. ਨੇ ਫੜੇ ਗਏ ਵਿਅਕਤੀ ਨੂੰ ਅਗਲੇਰੀ ਜਾਂਚ ਅਤੇ ਲੋੜੀਂਦੀ ਕਾਨੂੰਨੀ ਕਾਰਵਾਈ ਲਈ ਸਥਾਨਕ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ।

# ਫਿਨਲੈਂਡ ਨਾਲ ਸਹਿਯੋਗ ਦੇ ਉਸਾਰੂ ਨਤੀਜੇ ਸਾਹਮਣੇ ਆ ਰਹੇ, ਪੰਜਾਬ ਦੇ ਕਲਾਸਰੂਮ ਬਿਹਤਰੀਨ, ਵਧੇਰੇ ਕਾਰਗਰ ਸਿੱਖਿਆ ਵੱਲ ਅੱਗੇ ਵਧ ਰਹੇ ਹਨ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਚੰਡੀਗੜ੍ਹ, 23 ਅਪ੍ਰੈਲ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਅਤੇ ਫਿਨਲੈਂਡ ਦੀ ਟੁਰਕੂ ਯੂਨੀਵਰਸਿਟੀ ਦਰਮਿਆਨ ਸਹਿਯੋਗ ਦੇ ਨਾਲ ਪੰਜਾਬ ਦੇ ਕਲਾਸਰੂਮਾਂ ਵਿੱਚ ਪ੍ਰਤੱਖ ਤਬਦੀਲੀਆਂ ਦਿਖਣੀਆਂ ਸ਼ੁਰੂ ਹੋ ਗਈਆਂ ਹਨ, ਜਿਸਨੇ ਅਧਿਆਪਨ ਅਭਿਆਸਾਂ ਨੂੰ ਵਧੇਰੇ ਆਨੰਦਮਈ ਅਤੇ ਵਿਹਾਰਕ ਬਣਾ ਦਿੱਤਾ ਹੈ ਅਤੇ ਵਿਦਿਆਰਥੀਆਂ ਲਈ ਸਿੱਖਣ ਦਾ ਮਾਹੌਲ ਵਧੇਰੇ ਪ੍ਰਭਾਵਸ਼ਾਲੀ ਬਣ ਰਿਹਾ ਹੈ। ਇਸ ਪਹਿਲਕਦਮੀ ਦੇ ਹਿੱਸੇ ਵਜੋਂ ਪੜ੍ਹਾਈ-ਲਿਖਾਈ ਰੱਟੇ ਮਾਰਨ ਦੇ ਢੰਗ-ਤਰੀਕਿਆਂ ਤੋਂ ਹਟ ਕੇ ਹੁਣ ਵਧੇਰੇ ਅਨੰਦਮਈ ਅਤੇ ਸ਼ਮੂਲੀਅਤ ਭਰੇ ਸਿੱਖਣ ਦੇ ਮਾਹੌਲ ਵੱਲ ਵਧ ਰਹੀ ਹੈ। ਪੰਜਾਬ ਦੀ ਵਿਆਪਕ ਸਿੱਖਿਆ ਕ੍ਰਾਂਤੀ ਵਿੱਚ ਸ਼ਾਮਲ ਇਹ ਪ੍ਰੋਗਰਾਮ ਸਥਾਨਕ ਕਲਾਸਰੂਮ ਵਿੱਚ ਵਿਸ਼ਵਵਿਆਪੀ ਮੁਹਾਰਤ ਨੂੰ ਸ਼ਾਮਲ ਕਰਨ 'ਤੇ ਕੇਂਦਰਿਤ ਹੈ, ਜੋ ਇੱਕ ਢਾਂਚਾਗਤ ਟ?ਰੇਨ-ਦ-ਟ?ਰੇਨਰਜ਼ ਮਾਡਲ ਰਾਹੀਂ ਪੈਮਾਨੇ ਨੂੰ ਤੈਅ ਕਰਦਾ ਹੈ, ਜਿਸ ਵਿੱਚ ਬੁਨਿਆਦੀ ਸਿੱਖਿਆ ਦੀ ਮਜ਼ਬੂਤੀ ਲਈ ਮਈ ਤੱਕ ਲਗਪਗ 300 ਅਧਿਆਪਕਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਫਿਨਲੈਂਡ ਦੀ ਆਪਣੀ ਸਰਕਾਰੀ ਫੇਰੀ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੁਕੁਲੋ-ਮੋਈਕੋਇਨੇਨ ਅਰਲੀ ਚਾਈਲਡਹੁੱਡ ਐਜੂਕੇਸ਼ਨ ਐਂਡ



ਕੇਅਰ ਸੈਂਟਰ ਦਾ ਦੌਰਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਪਹਿਲਾਂ ਹੀ ਸਥਾਨਕ ਕਲਾਸਰੂਮਾਂ ਨਾਲ ਵਿਸ਼ਵਵਿਆਪੀ ਸਿੱਖਿਆ ਮੁਹਾਰਤ ਨੂੰ ਇਕਸਾਰ ਕਰਕੇ ਸ਼ਾਨਦਾਰ ਨਤੀਜੇ ਦੇ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਅਧੀਨ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ?ਰੇਨਿੰਗ ਰਾਹੀਂ ਸ਼ੁਰੂ ਹੋਈ ਇਹ ਭਾਈਵਾਲੀ ਸ਼ੁਰੂਆਤੀ ਅਤੇ ਬੁਨਿਆਦੀ ਸਿੱਖਿਆ ਵਿੱਚ ਅਧਿਆਪਕ ਦੀ ਭੂਮਿਕਾ ਨੂੰ ਮਜ਼ਬੂਤ ਕਰਨ ਦੇ ਯਤਨਾਂ ਵੱਲ ਸੇਧਿਤ ਹੈ। ਇਹ ਥੋੜ੍ਹੇ ਸਮੇਂ ਦੀ ਦਖਲਅੰਦਾਜ਼ੀ ਵਜੋਂ ਨਹੀਂ ਸਗੋਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਬਾਲ-ਕੇਂਦ੍ਰਿਤ ਅਤੇ ਖੇਡ-ਅਧਾਰਤ ਸਿੱਖਿਆ ਨੂੰ ਸ਼ਾਮਲ ਕਰਨ ਲਈ ਲੰਬੇ ਸਮੇਂ ਦੇ ਸੰਸਥਾਗਤ ਯਤਨ ਵਜੋਂ ਤਿਆਰ ਕੀਤੀ ਗਈ ਹੈ, ਜਿਸ ਵਿੱਚ ਬਿਹਤਰੀਨ ਸਿੱਖਿਆ ਅਭਿਆਸਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਪ੍ਰੋਗਰਾਮ ਅਧਿਆਪਕਾਂ ਨੂੰ ਖੋਜ-ਅਧਾਰਤ ਤਰੀਕਿਆਂ ਨਾਲ ਲੈਸ ਕਰਨ 'ਤੇ ਕੇਂਦਰਿਤ ਹੈ, ਇਹ ਯਕੀਨੀ ਬਣਾਉਂਦਿਆਂ ਕਿ ਇਹ ਪਹੁੰਚ ਪੰਜਾਬ ਦੇ ਸਮਾਜਿਕ-ਸੱਭਿਆਚਾਰਕ ਸੰਦਰਭ ਦੇ ਅਨੁਕੂਲ ਹੋਵੇ। ਉਨ੍ਹਾਂ ਕਿਹਾ ਕਿ ਇਹ ਸਿਖਲਾਈ ਸੈਸ਼ਨ ਚੰਡੀਗੜ੍ਹ ਅਤੇ ਫਿਨਲੈਂਡ ਦੇ ਸ਼ਹਿਰਾਂ ਟੁਰਕੂ ਅਤੇ ਰਾਉਮਾ ਦੋਵੇਂ ਜਗ?ਹਾ ਕਰਵਾਏ ਗਏ, ਜਿਸ ਵਿੱਚ ਅਧਿਆਪਕਾਂ ਨੂੰ ਵਰਕਸ਼ਾਪਾਂ, ਮਾਰਗਦਰਸ਼ਨ ਅਭਿਆਸਾਂ ਅਤੇ ਸਕੂਲਾਂ ਦੇ ਦੌਰਿਆਂ ਰਾਹੀਂ ਕਲਾਸਰੂਮ ਵਿਚਲੀਆਂ ਨਵੀਆਂ ਜੁਗਤਾਂ ਤੋਂ ਜਾਣੂ ਕਰਵਾਉਣਾ ਸ਼ਾਮਲ ਹੈ। ਦੱਸਣਯੋਗ ਹੈ ਕਿ ਮਈ 2026 ਤੱਕ ਚਾਰ ਗਰੁੱਪਾਂ ਵਿੱਚ ਲਗਪਗ 300 ਅਧਿਆਪਕ ਸਿਖਲਾਈ ਪ੍ਰਾਪਤ ਕਰ ਲੈਣਗੇ, ਜਿਸ ਨਾਲ ਪੰਜਾਬ ਭਰ ਦੇ ਵਿਦਿਆਰਥੀਆਂ ਨੂੰ ਲਾਭ ਹੋਵੇਗਾ।

Contd....................page-3

# ਬੰਗਾਲ 'ਚ ਵੋਟਿੰਗ ਦਾ ਟੁੱਟਿਆ ਰਿਕਾਰਡ, ਪਹਿਲੇ ਪੜਾਅ 'ਚ 91.78% ਹੋਈ ਬੰਪਰ ਵੋਟਿੰਗ

ਕੌਮੀ ਪਤ੍ਰਿਕਾ

ਕੋਲਕਾਤਾ/ਚੇਨਈ 23 ਅਪ੍ਰੈਲ। ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਵਿੱਚ ਵੋਟਰਾਂ ਨੇ ਭਾਰੀ ਉਤਸ਼ਾਹ ਦਿਖਾਉਂਦੇ ਹੋਏ ਇਤਿਹਾਸ ਰਚ ਦਿੱਤਾ ਹੈ। ਬੰਗਾਲ ਵਿੱਚ ਰਿਕਾਰਡ 91.78 ਫੀਸਦੀ ਵੋਟਿੰਗ ਦਰਜ ਕੀਤੀ ਗਈ ਹੈ, ਜੋ ਕਿ ਪਿਛਲੀਆਂ ਚੋਣਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਇਸੇ ਤਰ੍ਹਾਂ ਤਾਮਿਲਨਾਡੂ ਵਿੱਚ ਵੀ ਭਾਰੀ ਗਰਮੀ ਦੇ ਬਾਵਜੂਦ 84.35 ਫੀਸਦੀ ਰਿਕਾਰਡ ਵੋਟਿੰਗ ਹੋਈ ਹੈ। ਬੰਗਾਲ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ। ਕੂਚ ਬਿਹਾਰ ਵਿੱਚ 92 ਫੀਸਦੀ, ਉੱਤਰ ਦਿਨਾਜਪੁਰ ਵਿੱਚ 90 ਫੀਸਦੀ ਅਤੇ ਦੱਖਣੀ ਦਿਨਾਜਪੁਰ ਵਿੱਚ ਸਭ ਤੋਂ ਵੱਧ 93 ਫੀਸਦੀ ਤੋਂ ਜ਼ਿਆਦਾ ਵੋਟਿੰਗ ਹੋਈ ਹੈ। ਇਹ ਸਾਲ 1952 ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਵੱਧ ਵੋਟਿੰਗ ਫੀਸਦੀ ਮੰਨਿਆ ਜਾ ਰਿਹਾ ਹੈ। ਰਿਕਾਰਡ ਵੋਟਿੰਗ ਦੇ ਨਾਲ-ਨਾਲ ਬੰਗਾਲ ਵਿੱਚ ਕਈ ਥਾਵਾਂ 'ਤੇ ਹਿੰਸਕ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਬੀਰਭੂਮ ਦੇ ਖੈਰਾਸ਼ੋਲ ਇਲਾਕੇ ਵਿੱਚ ਕੇਂਦਰੀ ਸੁਰੱਖਿਆ ਬਲਾਂ ਨਾਲ ਕੁੱਟਮਾਰ ਅਤੇ ਵਾਹਨਾਂ ਦੀ ਭੰਨ-ਤੋੜ ਦੀਆਂ ਖਬਰਾਂ ਮਿਲੀਆਂ ਹਨ। ਸਥਾਨਕ ਲੋਕਾਂ ਨੇ ਦੋਸ਼ ਲਗਾਇਆ ਕਿ EVM ਵਿੱਚ TMC ਦਾ ਬਟਨ ਦਬਾਉਣ 'ਤੇ ਵੋਟ ਭਾਜਪਾ ਨੂੰ ਜਾ ਰਹੀ ਸੀ, ਜਿਸ ਕਾਰਨ ਕਈ ਬੂਥਾਂ 'ਤੇ ਪ੍ਰਦਰਸ਼ਨ ਹੋਏ ਅਤੇ ਵੋਟਿੰਗ ਵੀ ਰੋਕਣੀ ਪਈ। ਬੰਪਰ ਵੋਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਦੀ ਵੱਡੀ ਜਿੱਤ ਦਾ ਦਾਅਵਾ ਕੀਤਾ ਹੈ, ਜਦਕਿ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੁੜ "$3 ਦੀ ਸਰਕਾਰ ਬਣਨ ਦਾ ਭਰੋਸਾ ਜਤਾਇਆ ਹੈ। ਭਾਜਪਾ ਆਗੂ ਸੁਵੇਂਦੂ ਅਧਿਕਾਰੀ ਨੇ ਵੀ ਜਿੱਤ ਦਾ ਦਾਅਵਾ ਕਰਦਿਆਂ ਕਿਹਾ ਕਿ ਸੂਬੇ ਵਿੱਚ ਬਦਲਾਅ ਦੀ ਹਵਾ ਚੱਲ ਰਹੀ ਹੈ। ਜ਼ਿਕਰਯੋਗ ਹੈ ਕਿ ਬੰਗਾਲ ਵਿੱਚ ਦੂਜੇ ਪੜਾਅ ਦੀ ਵੋਟਿੰਗ 29 ਅਪ੍ਰੈਲ ਨੂੰ ਹੋਵੇਗੀ ਅਤੇ ਵੋਟਾਂ ਦੀ ਗਿਣਤੀ 4 ਮਈ ਨੂੰ ਕੀਤੀ ਜਾਵੇਗੀ। ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਲਈ ਪਹਿਲੇ ਪੜਾਅ ਦੀ ਵੋਟਿੰਗ ਦੌਰਾਨ ਈਵੀਐਮ ਵਿੱਚ ਤਕਨੀਕੀ ਖਰਾਬੀ ਕਾਰਨ ਵੀਰਵਾਰ ਨੂੰ ਕੁਝ ਥਾਵਾਂ 'ਤੇ ਵੋਟਿੰਗ ਵਿੱਚ ਵਿਘਨ ਪਿਆ। ਇਸ ਦੀ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਬੇਮਿਸਾਲ



ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ, ਰਾਤ ??ਭਰ ਕੁਝ ਥਾਵਾਂ ਤੋਂ ਹਿੰਸਾ ਦੀਆਂ ਰਿਪੋਰਟਾਂ ਮਿਲੀਆਂ। ਅਧਿਕਾਰੀਆਂ ਨੇ ਦੱਸਿਆ ਕਿ ਮੁਰਸ਼ਿਦਾਬਾਦ ਜ਼ਿਲ੍ਹੇ ਦੇ ਬੇਲਡੰਗਾ ਵਿਧਾਨ ਸਭਾ ਹਲਕੇ ਦੇ ਪਾਰਸਾਲਿਕਾ ਮਦਨਮੋਹਨ ਪ੍ਰਾਇਮਰੀ ਸਕੂਲ ਦੇ ਬੂਥ ਨੰਬਰ 156 'ਤੇ ਇਲੈਕਟ?ਰਾਨਿਕ ਵੋਟਿੰਗ ਮਸ਼ੀਨ (ਈਵੀਐਮ) ਖਰਾਬ ਹੋਣ ਕਾਰਨ ਵੋਟਿੰਗ ਰੋਕ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇਸੇ ਤਰ੍ਹਾਂ ਦੀਆਂ ਸਮੱਸਿਆਵਾਂ ਕਾਰਨ ਸ਼ਮਸ਼ੇਰਗੰਜ ਵਿਧਾਨ ਸਭਾ ਹਲਕੇ ਦੇ ਬੂਥ ਨੰਬਰ 212 'ਤੇ ਵੋਟਿੰਗ ਸਮੇਂ ਸਿਰ ਸ਼ੁਰੂ ਨਹੀਂ ਹੋ ਸਕੀ। ਕੰਡੀ ਦੇ ਬੂਥ ਨੰਬਰ 130 'ਤੇ ਵੀ ਵੋਟਿੰਗ ਵਿੱਚ ਦੇਰੀ ਹੋਈ। ਪੂਰਬੀ ਮੇਦਿਨੀਪੁਰ ਦੇ ਨੰਦੀਗ੍ਰਾਮ ਵਿਧਾਨ ਸਭਾ ਹਲਕੇ ਦੇ ਬਿਰੂਲੀਆ ਵਿੱਚ ਇੱਕ ਈਵੀਐਮ ਵਿੱਚ ਖਰਾਬੀ ਦੀ ਰਿਪੋਰਟ ਮਿਲੀ ਹੈ। ਕੂਚ ਬਿਹਾਰ ਦੇ ਟਾਊਨ ਹਾਈ ਸਕੂਲ ਦੇ ਬੂਥ ਨੰਬਰ 229 'ਤੇ ਵੋਟਿੰਗ ਲਗਭਗ ਇੱਕ ਘੰਟੇ ਲਈ ਮੁਅੱਤਲ ਕੀਤੀ ਗਈ ਸੀ, ਜਿਸ ਤੋਂ ਬਾਅਦ ਇਹ ਦੁਬਾਰਾ ਸ਼ੁਰੂ ਹੋ ਗਈ। ਮਾਲਦਾ ਜ਼ਿਲ੍ਹੇ ਦੇ ਹਬੀਬਪੁਰ ਹਲਕੇ ਦੇ ਬੂਥ ਨੰਬਰ 231 'ਤੇ ਵੀ ਵੋਟਿੰਗ ਵਿੱਚ ਦੇਰੀ ਹੋਈ। ਦਾਰਜੀਲਿੰਗ ਜ਼ਿਲ੍ਹੇ ਦੇ ਸਿਲੀਗੁੜੀ ਦੇ ਮਾਰਗਰੇਟ ਸਕੂਲ ਸਥਿਤ ਬੂਥ ਨੰਬਰ 26/31 'ਤੇ ਈਵੀਐਮ ਖਰਾਬ ਹੋਣ ਕਾਰਨ ਵੋਟਿੰਗ ਸਮੇਂ ਸਿਰ ਸ਼ੁਰੂ ਨਹੀਂ ਹੋ ਸਕੀ। ਵੋਟਿੰਗ ਪ੍ਰਕਿਰਿਆ ਦੌਰਾਨ ਝਾਰਗ੍ਰਾਮ ਜ਼ਿਲ੍ਹੇ ਦੇ ਇੱਕ ਪੋਲਿੰਗ ਸਟੇਸ਼ਨ ਦੇ ਨੇੜੇ ਇੱਕ ਹਾਥੀ ਘੁੰਮ ਰਿਹਾ ਸੀ, ਜਿਸ ਕਾਰਨ ਵੋਟਰਾਂ ਵਿੱਚ ਦਹਿਸ਼ਤ ਫੈਲ ਗਈ।

## ਮਸ਼ਹੂਰ ਅਦਾਕਾਰਾ ਦੀ ਹੋ ਗਈ ਮੌਤ ! ਹਰਿਆਣਾ 'ਚ ਘਰ ਅੰਦਰੋਂ ਮਿਲੀ ਲਾਸ਼

ਐਂਟਰਟੇਨਮੈਂਟ ਡੈਸਕ 23 ਅਪ੍ਰੈਲ। ਹਰਿਆਣਵੀ ਅਦਾਕਾਰਾ ਅਤੇ ਮਾਡਲ ਦਿਵਯੰਕਾ ਸਿਰੋਹੀ ਦਾ 30 ਸਾਲ ਦੀ ਉਮਰ ਵਿਚ ਦੇਹਾਂਤ ਹੋ



ਗਿਆ ਹੈ। ਮੰਗਲਵਾਰ ਦੇਰ ਰਾਤ ਉਸਦੀ ਸਿਹਤ ਅਚਾਨਕ ਖਰਾਬ ਹੋ ਗਈ, ਜਿਸ ਕਾਰਨ ਉਹ ਬੇਹੋਸ਼ ਕੇ ਜ਼ਮੀਨ 'ਤੇ ਡਿੱਗ ਪਈ। ਇਸ ਦੌਰਾਨ ਉਸ ਦੇ ਸਿਰ 'ਤੇ ਗੰਭੀਰ ਸੱਟ ਲੱਗੀ। ਪਰਿਵਾਰਕ ਮੈਂਬਰਾਂ ਨੇ ਉਸਨੂੰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਬੁੱਧਵਾਰ ਸਵੇਰੇ ਗਾਜ਼ੀਆਬਾਦ ਵਿੱਚ ਉਸਦਾ ਅੰਤਿਮ ਸੰਸਕਾਰ ਕੀਤਾ ਗਿਆ। ਦਿਵਯੰਕਾ ਪੰਜਾਬੀ ਗਾਇਕਾ ਅਫਸਾਨਾ ਖਾਨ ਵੱਲੋਂ ਗਾਏ ਗਏ ਭਗਤੀ ਗੀਤ ਬਰਸਾਨਾ ਮਿਲਾ ਹੈ ਵਿਚ ਵੀ ਨਜ਼ਰ ਆ ਚੁੱਕੀ ਹੈ।

# ਬੇਅੰਤ ਸਿੰਘ ਕਤਲਕਾਂਡ ਮਾਮਲੇ 'ਚ ਸੁਪਰੀਮ ਕੋਰਟ ਸਖ਼ਤ ! ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ ਨੂੰ ਦਿੱਤਾ ਆਦੇਸ਼

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 23 ਅਪ੍ਰੈਲ। ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਕੇਂਦਰ ਨੂੰ 2 ਹਫ਼ਤਿਆਂ ਦੇ ਅੰਦਰ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ ਆਪਣਾ ਹਲਫਨਾਮਾ ਦਾਖ਼ਲ ਕਰਨ ਲਈ ਕਿਹਾ। ਰਾਜੋਆਣਾ ਨੂੰ 1995 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ ਸੀ। ਉਨ੍ਹਾਂ ਨੇ ਆਪਣੀ ਦਯਾ ਪਟੀਸ਼ਨ 'ਤੇ ਫੈਸਲਾ ਹੋਣ 'ਚ ਦੇਰੀ ਕਾਰਨ ਆਪਣੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਦੀ ਮੰਗ ਕੀਤੀ ਹੈ। ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ 'ਚ ਬੰਦ ਹੈ, ਜਿਸ 'ਚੋਂ 15 ਸਾਲ ਤੋਂ ਵੱਧ ਸਮਾਂ ਉਨ੍ਹਾਂ ਨੇ ਮੌਤ ਦੀ ਸਜ਼ਾ ਦੇ ਇੰਤਜ਼ਾਰ 'ਚ ਬਿਤਾਏ ਹਨ। ਜੱਜ ਵਿਕਰਮਨਾਥ, ਸੰਦੀਪ ਮੇਹਤਾ ਅਤੇ ਵਿਜੇ ਬਿਸ਼ਨੋਈ ਦੀ ਬੈਂਚ ਨੇ ਕੇਂਦਰ ਵਲੋਂ ਪੇਸ਼ ਵਕੀਲ ਤੋਂ ਪੁੱਛਿਆ,''ਤੁਸੀਂ ਅਜੇ ਤੱਕ ਆਪਣਾ ਜਵਾਬੀ ਹਲਫਨਾਮਾ ਕਿਉਂ ਦਾਖ਼ਲ ਨਹੀਂ ਕੀਤਾ ਹੈ?'' ਵਕੀਲ ਨੇ ਕਿਹਾ ਕਿ ਉਹ ਕੁਝ ਦਸਤਾਵੇਜ਼ ਅਦਾਲਤ ਦੇ ਸਾਹਮਣੇ ਇਕ ਸੀਲਬੰਦ ਲਿਫਾਫੇ 'ਚ ਰੱਖਣਾ ਚਾਹੁੰਦੇ ਹਨ। ਬੈਂਚ ਨੇ ਕਿਹਾ,''ਤੁਸੀਂ ਆਪਣਾ ਜਵਾਬੀ ਹਲਫਨਾਮਾ ਦਾਖ਼ਲ ਕਰੋ, ਨਹੀਂ ਤਾਂ ਉਨ੍ਹਾਂ ਦੇ (ਰਾਜੋਆਣਾ ਦੇ) ਦੋਸ਼ ਬਿਨਾਂ ਕਿਸੇ ਵਿਰੋਧ ਦੇ ਮੰਨ ਲਏ ਜਾਣਗੇ।'' ਬੈਂਚ ਨੇ ਅੱਗੇ



ਕਿਹਾ,''ਤੁਸੀਂ ਆਪਣਾ ਹਲਫਨਾਮਾ ਦਾਖ਼ਲ ਕਰੋ, ਤੁਸੀਂ ਜੋ ਕੁਝ ਵੀ ਕਹਿਣਾ ਚਾਹੁੰਦੇ ਹੋ, ਉਸ 'ਚ ਕਹਿ ਸਕਦੇ ਹੋ।'' ਰਾਜੋਆਣਾ ਵਲੋਂ ਪੇਸ਼ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਮਾਰਚ 2012 'ਚ ਪਟੀਸ਼ਨਕਰਤਾ ਵਲੋਂ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਾਇਰ ਦਯਾ ਪਟੀਸ਼ਨ ਅਜੇ ਵੀ ਪੈਂਡਿੰਗ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ 2023 'ਚ ਕਿਹਾ ਸੀ ਕਿ ਅਧਿਕਾਰੀਆਂ ਨੂੰ ਦਯਾ ਪਟੀਸ਼ਨ 'ਤੇ ਫੈਸਲਾ ਲੈਣਾ ਚਾਹੀਦਾ। ਰੋਹਤਗੀ ਨੇ ਪਿਛਲੇ ਸਾਲ 24 ਸਤੰਬਰ ਦੇ ਸੁਪਰੀਮ ਕੋਰਟ ਦੇ ਆਦੇਸ਼ ਦਾ ਜ਼ਿਕਰ ਕੀਤਾ, ਜਿਸ 'ਚ ਕਿਹਾ ਗਿਆ ਸੀ ਕਿ ਪ੍ਰਤੀਵਾਦੀਆਂ ਦੇ ਕਹਿਣ 'ਤੇ ਇਸ ਮਾਮਲੇ 'ਚ ਸੁਣਵਾਈ ਟਾਲਣ ਦੀ ਕੋਈ ਵੀ ਹੋਰ ਅਪੀਲ ਸਵੀਕਾਰ ਨਹੀਂ ਕੀਤੀ ਜਾਵੇਗੀ। ਬੈਂਚ ਨੇ ਕੇਂਦਰ ਦੇ ਵਕੀਲ ਨੂੰ ਹਲਫਨਾਮਾ ਦਾਖ਼ਲ ਕਰਨ ਲਈ 2 ਹਫ਼ਤਿਆਂ ਦਾ ਸਮਾਂ ਦਿੱਤਾ ਅਤੇ ਸਾਫ਼ ਕਰ ਦਿੱਤਾ ਕਿ ਹੁਣ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ। ਸੁਪਰੀਮ ਕੋਰਟ ਨੇ ਇਸ ਤੋਂ ਪਹਿਲੇ ਕੇਂਦਰ ਤੋਂ ਰਾਜੋਆਣਾ ਦੀ ਦਯਾ ਪਟੀਸ਼ਨ 'ਤੇ ਫੈਸਲਾ ਲੈਣ ਲਈ ਕਿਹਾ ਸੀ, ਉਦੋਂ ਕੇਂਦਰ ਨੇ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਕਿ ਦਯਾ ਪਟੀਸ਼ਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

## 2006 ਮਾਲੇਗਾਓਂ ਧਮਾਕਾ ਮਾਮਲਾ 'ਚ ਵੱਡਾ ਫੈਸਲਾ

ਨੈਸ਼ਨਲ ਡੈਸਕ 23 ਅਪ੍ਰੈਲ। ਬੰਬੇ ਹਾਈ ਕੋਰਟ ਨੇ ਸਾਲ 2006 ਦੇ ਮਾਲੇਗਾਓਂ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ 'ਚ ਇੱਕ ਵੱਡਾ ਫੈਸਲਾ ਸੁਣਾਉਂਦਿਆਂ ਚਾਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਅਦਾਲਤ ਨੇ ਰਾਜੇਂਦਰ ਚੌਧਰੀ, ਧਨ ਸਿੰਘ, ਮਨੋਹਰ ਰਾਮ ਸਿੰਘ ਨਰਵਰੀਆ ਅਤੇ ਲੋਕੇਸ਼ ਸ਼ਰਮਾ ਵਿਰੁੱਧ ਅੱਤਵਾਦ ਅਤੇ ਕਤਲ ਸਮੇਤ ਸਾਰੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ। ਇਸ ਫੈਸਲੇ ਨਾਲ ਇਹ ਸਵਾਲ ਫਿਰ ਤੋਂ ਖੜ੍ਹਾ ਹੋ ਗਿਆ ਹੈ ਕਿ ਉਨ੍ਹਾਂ ਧਮਾਕਿਆਂ ਲਈ ਅਸਲ ਵਿੱਚ ਕੌਣ ਜ਼ਿੰਮੇਵਾਰ ਸੀ, ਜਿਨ੍ਹਾਂ ਵਿੱਚ 31 ਲੋਕਾਂ ਦੀ ਜਾਨ ਗਈ ਸੀ। ਮੁੱਖ ਜਸਟਿਸ ਚੰਦਰਸ਼ੇਖਰ ਅਤੇ ਜਸਟਿਸ ਸ਼ਿਆਮ ਚਾਂਡਕ ਦੀ ਬੈਂਚ ਨੇ ਵਿਸ਼ੇਸ਼ ©91 ਅਦਾਲਤ ਦੇ ਉਸ ਹੁਕਮ ਨੂੰ ਚੁਣੌਤੀ ਦੇਣ ਵਾਲੀਆਂ ਅਪੀਲਾਂ ਨੂੰ ਪ੍ਰਵਾਨ ਕਰ ਲਿਆ, ਜਿਸ ਵਿੱਚ ਮੁਲਜ਼ਮਾਂ ਵਿਰੁੱਧ ਦੋਸ਼ ਤੈਅ ਕਰਨ ਦਾ ਫੈਸਲਾ ਲਿਆ ਗਿਆ ਸੀ। ਹਾਈ ਕੋਰਟ ਨੇ ਪਾਇਆ ਕਿ ©91 ਇਨ੍ਹਾਂ ਚਾਰਾਂ ਵਿਰੁੱਧ ਕੋਈ ਠੋਸ ਸਬੂਤ ਪੇਸ਼ ਕਰਨ ਵਿੱਚ ਅਸਫਲ ਰਹੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਬਿਨਾਂ ਮੁਕੱਦਮੇ ਦੇ 6 ਸਾਲਾਂ ਤੋਂ ਵੱਧ ਸਮਾਂ ਜੇਲ੍ਹ ਵਿੱਚ ਰਹਿਣਾ ਪਿਆ ਸੀ ਅਤੇ ਸਾਲ 2019 ਵਿੱਚ ਇਨ੍ਹਾਂ ਨੂੰ ਜ਼ਮਾਨਤ ਮਿਲੀ ਸੀ। 8 ਸਤੰਬਰ 2006 ਨੂੰ ਨਾਸਿਕ ਦੇ ਮਾਲੇਗਾਓਂ ਦੀ ਹਮੀਦੀਆ ਮਸਜਿਦ, ਵੱਡੇ ਕਬਰਿਸਤਾਨ ਅਤੇ ਮੁਸ਼ਾਵਰਤ ਚੌਕ ਵਿੱਚ ਹੋਏ ਚਾਰ ਧਮਾਕਿਆਂ ਵਿੱਚ 31 ਲੋਕ ਮਾਰੇ ਗਏ ਸਨ ਅਤੇ 312 ਜ਼ਖਮੀ ਹੋਏ ਸਨ। 329 ਦਾ ਪੱਖ: ਸੀ.ਬੀ.ਆਈ. ਨੇ ਵੀ ਆਪਣੀ ਜਾਂਚ ਵਿੱਚ ਏ.ਟੀ.ਐੱਸ. ਦੇ ਦਾਅਵਿਆਂ ਨਾਲ ਸਹਿਮਤੀ ਜਤਾਈ ਸੀ। ਸਾਲ 2011 ਵਿੱਚ ©91 ਨੇ ਜਾਂਚ ਸੰਭਾਲੀ ਅਤੇ ਦਾਅਵਾ ਕੀਤਾ ਕਿ ਇਨ੍ਹਾਂ ਧਮਾਕਿਆਂ ਪਿੱਛੇ ਦੱਖਣਪੰਥੀ ਕੱਟੜਪੰਥੀ ਸਨ। ©91 ਨੇ ਸੁਆਮੀ ਅਸੀਮਾਨੰਦ ਦੇ ਬਿਆਨ ਨੂੰ ਆਧਾਰ ਬਣਾ ਕੇ ਪਹਿਲੇ 9 ਮੁਸਲਿਮ ਮੁਲਜ਼ਮਾਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ ਅਤੇ ਇਨ੍ਹਾਂ ਚਾਰਾਂ ਨੂੰ ਨਾਮਜ਼ਦ ਕੀਤਾ ਸੀ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਪੀੜਤ ਪਰਿਵਾਰਾਂ ਲਈ ਇਨਸਾਫ਼ ਦੀ ਉਮੀਦ ਨੂੰ ਵੱਡਾ ਝਟਕਾ ਲੱਗਿਆ ਹੈ ਕਿਉਂਕਿ ਹੁਣ ਇਸ ਘਿਨਾਉਣੇ ਕਾਂਡ ਦਾ ਕੋਈ ਵੀ ਗੁਨਾਹਗਾਰ ਸਲਾਖਾਂ ਪਿੱਛੇ ਨਹੀਂ ਰਿਹਾ।

## ਚੋਣ ਕਮਿਸ਼ਨ ਨੇ ਕਾਂਗਰਸ ਪ੍ਰਧਾਨ ਨੂੰ ਭੇਜਿਆ ਨੋਟਿਸ, 24 ਘੰਟਿਆਂ 'ਚ ਮੰਗਿਆ ਜਵਾਬ

ਨੈਸ਼ਨਲ ਡੈਸਕ 23 ਅਪ੍ਰੈਲ। ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਦਿੱਤੇ ਗਏ ਆਪਣੇ ਇੱਕ ਵਿਵਾਦਤ ਬਿਆਨ ਕਾਰਨ ਮੁਸੀਬਤ 'ਚ ਫਸ



ਗਏ ਹਨ। ਚੋਣ ਕਮਿਸ਼ਨ ਨੇ ਖੜਗੇ ਵੱਲੋਂ ਪ੍ਰਧਾਨ ਮੰਤਰੀ ਨੂੰ 'ਅੱਤਵਾਦੀ' ਕਹਿਣ ਦੇ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਉਨ੍ਹਾਂ ਨੂੰ ਸਖ਼ਤ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਨੇ ਖੜਗੇ ਨੂੰ ਇਸ ਮਾਮਲੇ 'ਚ 24 ਘੰਟਿਆਂ ਦੇ ਅੰਦਰ-ਅੰਦਰ ਆਪਣਾ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਜਾਣਕਾਰੀ ਅਨੁਸਾਰ ਤਾਮਿਲਨਾਡੂ ਵਿੱਚ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਖੜਗੇ ਨੇ AIADMK ਦੇ ©41 'ਚ ਸ਼ਾਮਲ ਹੋਣ 'ਤੇ ਸਵਾਲ ਚੁੱਕੇ ਸਨ। ਉਨ੍ਹਾਂ ਕਿਹਾ ਕਿ ਜੋ ਲੋਕ ਅੰਨਾਦੁਰਈ ਦੀ ਤਸਵੀਰ ਲਗਾਉਂਦੇ ਹਨ, ਉਹ ਮੋਦੀ ਨਾਲ ਗਠਜੋੜ ਕਿਵੇਂ ਕਰ ਸਕਦੇ ਹਨ, ਉਹ ਇੱਕ ਅੱਤਵਾਦੀ ਹਨ। ਖੜਗੇ ਨੇ ਅੱਗੇ ਦੋਸ਼ ਲਾਇਆ ਕਿ ਪੀ. ਐੱਮ. ਮੋਦੀ ਅਤੇ ਉਨ੍ਹਾਂ ਦੀ ਪਾਰਟੀ ਬਰਾਬਰੀ ਅਤੇ ਨਿਆਂ ਦੇ ਸਿਧਾਂਤ ਵਿੱਚ ਵਿਸ਼ਵਾਸ ਨਹੀਂ ਰੱਖਦੀ। ਖੜਗੇ ਦੇ ਇਸ ਬਿਆਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਹਮਲਾਵਰ ਹੋ ਗਈ। ਕੇਂਦਰੀ ਮੰਤਰੀ ਨਿਰਮਲਾ ਸੀਤਾਰਮਨ, ਕਿਰੇਨ ਰਿਜੀਜੂ, ਅਰਜੁਨ ਰਾਮ ਮੇਘਵਾਲ ਅਤੇ ਰਾਸ਼ਟਰੀ ਜਨਰਲ ਸਕੱਤਰ ਅਰੁਣ ਸਿੰਘ ਸਮੇਤ ਕਈ ਸੀਨੀਅਰ ਆਗੂਆਂ ਨੇ ਚੋਣ ਕਮਿਸ਼ਨ ਦੇ ਦਫ਼ਤਰ ਪਹੁੰਚ ਕੇ ਲਿਖਤੀ ਸ਼ਿਕਾਇਤ ਦਰਜ ਕਰਵਾਈ। ਭਾਜਪਾ ਨੇ ਇਸ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਦੱਸਦਿਆਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਮਾਮਲਾ ਗਰਮਾਉਂਦਾ ਦੇਖ ਮਲਿਕਾਰਜੁਨ ਖੜਗੇ ਨੇ ਆਪਣੇ ਬਿਆਨ 'ਤੇ ਸਫ਼ਾਈ ਪੇਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਕਦੇ ਵੀ ਅਸਲ ਅਰਥਾਂ 'ਚ 'ਅੱਤਵਾਦੀ' ਨਹੀਂ ਕਿਹਾ। ਉਨ੍ਹਾਂ ਦਾ ਕਹਿਣ ਦਾ ਮਤਲਬ ਸਿਰਫ਼ ਇਹ ਸੀ ਕਿ ਮੋਦੀ ਲੋਕਾਂ ਨੂੰ ਡਰਾ-ਧਮਕਾ ਰਹੇ ਹਨ। ਹਾਲਾਂਕਿ ਚੋਣ ਕਮਿਸ਼ਨ ਨੇ ਇਸ ਸਪੱਸ਼ਟੀਕਰਨ ਦੇ ਬਾਵਜੂਦ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ।

# ਹਰਿਆਣਾ ਵਿੱਚ ਵਾਹਨ ਰਜਿਸਟ੍ਰੇਸ਼ਨ 'ਤੇ ਸਖ਼ਤੀ, ਪੂਰੇ ਹਰਿਆਣਾ ਵਿੱਚ ਹੋਵੇਗੀ ਡੂੰਘੀ ਜਾਂਚ: ਅਨਿਲ ਵਿੱਜ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ, 23 ਅਪ੍ਰੈਲ: ਹਰਿਆਣਾ ਦੇ ਟਰਾਂਸਪੋਰਟ ਮੰਤਰੀ ਸ਼੍ਰੀ ਅਨਿਲ ਵਿੱਜ ਨੇ ਅੰਬਾਲਾ ਜ਼ਿਲ੍ਹੇ ਦੇ ਚਾਰੋਂ ਉਪ-ਮੰਡਲ (ਸਿਵਲ) ਦਫ਼ਤਰਾਂ ਵਿੱਚ ਵੱਡੇ ਪੱਧਰ 'ਤੇ ਵਾਹਨਾਂ ਦੀ ਰਜਿਸਟਰੇਸ਼ਨ ਵਿੱਚ ਕਥਿਤ ਧਾਂਦਲੀ ਦੀਆਂ ਖ਼ਬਰਾਂ ਦਾ ਨੋਟਿਸ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਰਾਜ ਦੇ ਸਾਰੇ ਉਪ-ਮੰਡਲ (ਸਿਵਲ) ਦਫ਼ਤਰਾਂ ਅਤੇ ਖੇਤਰੀ ਟਰਾਂਸਪੋਰਟ ਦਫ਼ਤਰਾਂ ਦੀ ਡੂੰਘੀ ਜਾਂਚ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਨਿਰੋਧਕ ਬਿਊਰੋ ਤੋਂ ਕਰਵਾਈ ਜਾਵੇ। ਇਸ ਸਬੰਧ ਵਿੱਚ ਟਰਾਂਸਪੋਰਟ ਮੰਤਰੀ ਨੇ ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਤੇ ਟਰਾਂਸਪੋਰਟ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਹਨ। ਸ਼੍ਰੀ ਵਿੱਜ ਨੇ ਸਪੱਸ਼ਟ ਕੀਤਾ ਕਿ ਇਸ ਤਰ੍ਹਾਂ ਦੀਆਂ ਬੇਨਿਯਮੀਆਂ ਸਿਰਫ਼ ਅੰਬਾਲਾ ਤੱਕ ਸੀਮਤ ਨਹੀਂ ਹੋ ਸਕਦੀਆਂ, ਸਗੋਂ ਰਾਜ ਦੇ ਹੋਰ ਉਪ-ਮੰਡਲ ਦਫ਼ਤਰਾਂ ਅਤੇ ਖੇਤਰੀ ਟਰਾਂਸਪੋਰਟ ਦਫ਼ਤਰਾਂ ਵਿੱਚ ਵੀ ਹੋ ਸਕਦੀਆਂ ਹਨ, ਇਸ ਲਈ ਪੂਰੇ ਰਾਜ ਪੱਧਰ 'ਤੇ ਜਾਂਚ ਜ਼ਰੂਰੀ ਹੈ। ਵਰਨਣਯੋਗ ਹੈ ਕਿ ਅੰਬਾਲਾ ਵਿੱਚ ਐਸ.ਡੀ.ਐਮ. ਦਫ਼ਤਰਾਂ ਰਾਹੀਂ ਤਾਮਿਲਨਾਡੂ ਸਮੇਤ ਹੋਰਨਾਂ ਰਾਜਾਂ ਵਿੱਚ ਅਧੂਰੇ ਪਤਿਆਂ 'ਤੇ ਵਾਹਨਾਂ ਦੀ ਰਜਿਸਟ?ਰੇਸ਼ਨ ਦੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ। ਇਸ ਤੋਂ ਇਲਾਵਾ, ਧੂੜ, ਰੇਤ, ਮਿੱਟੀ ਅਤੇ ਹੋਰ ਢਿੱਲੀ ਨਿਰਮਾਣ ਸਮੱਗਰੀ ਢੋਣ ਵਾਲੇ ਵਾਹਨਾਂ ਵੱਲੋਂ ਬਿਨਾਂ ਢੱਕੇ ਆਵਾਜਾਈ ਕੀਤੇ ਜਾਣ 'ਤੇ ਵੀ ਮੰਤਰੀ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਹਨ ਕਿ ਅਜਿਹੇ ਸਾਰੇ ਟਰੱਕਾਂ/ਟਰਾਂਸਪੋਰਟ ਵਾਹਨਾਂ ਨੂੰ ਤਿਰਪਾਲ ਜਾਂ ਹੋਰ ਢੁਕਵੇਂ ਸਾਧਨਾਂ ਨਾਲ ਲਾਜ਼ਮੀ ਤੌਰ 'ਤੇ ਢੱਕਿਆ ਜਾਵੇ। ਇਸ ਸਬੰਧ ਵਿੱਚ ਰਾਜ ਦੇ ਸਾਰੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ-ਕਮ-ਸਕੱਤਰ ਅਤੇ ਖੇਤਰੀ ਟਰਾਂਸਪੋਰਟ ਅਥਾਰਟੀਆਂ ਨੂੰ ਆਦੇਸ਼ ਜਾਰੀ ਕੀਤੇ ਗਏ ਹਨ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਖ਼?ਲਾਫ਼ ਮੋਟਰ ਵਾਹਨ ਐਕਟ ਅਤੇ ਪ੍ਰਦੂਸ਼ਣ ਕੰਟਰੋਲ ਦਿਸ਼ਾ-ਨਿਰਦੇਸ਼ਾਂ ਤਹਿਤ ਚਲਾਨ ਕੀਤੇ ਜਾਣਗੇ।



ਨਾਲ ਹੀ, ਟਰਾਂਸਪੋਰਟਰਾਂ ਅਤੇ ਚਾਲਕਾਂ ਨੂੰ ਇਸ ਵਿਸ਼ੇ ਬਾਰੇ ਜਾਗਰੂਕ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਸ਼੍ਰੀ ਵਿੱਜ ਨੇ 17 ਫਰਵਰੀ 2017 ਨੂੰ ਨੋਟੀਫਾਈ ਕੀਤੀ ਗਈ ਸਟੇਜ ਕੈਰੇਜ ਸਕੀਮ-2016 ਦੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸਟੇਜ ਕੈਰੇਜ ਆਪਰੇਟਰਾਂ ਵੱਲੋਂ ਸਕੀਮ ਦੀਆਂ ਸ਼ਰਤਾਂ ਦੀ ਉਲੰਘਣਾ ਦੀਆਂ ਕਈ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸਕੀਮ ਤਹਿਤ ਪਰਮਿਟ ਧਾਰਕਾਂ ਨੂੰ ਆਪਣੀਆਂ ਬੱਸਾਂ ਵਿੱਚ ਵਿਦਿਆਰਥੀਆਂ, ਰਿਆਇਤੀ ਅਤੇ ਫ?ਰੀ-ਪਾਸ ਧਾਰਕਾਂ ਨੂੰ ਯਾਤਰਾ ਦੀ ਸਹੂਲਤ ਪ੍ਰਦਾਨ ਕਰਨਾ ਲਾਜ਼ਮੀ ਹੈ ਅਤੇ ਇਸ ਦੇ ਲਈ ਸਰਕਾਰ ਵੱਲੋਂ ਕੋਈ ਸਬਸਿਡੀ ਨਹੀਂ ਦਿੱਤੀ ਜਾਵੇਗੀ। ਇਸ ਮਾਮਲੇ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਸ਼ਹਿਰਾਂ ਵਿੱਚ ਭਾਰੀ ਵਾਹਨਾਂ ਦੇ ਅਣਅਧਿਕਾਰਤ ਦਾਖਲੇ 'ਤੇ ਵੀ ਸਖ਼ਤੀ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ। ਮੰਤਰੀ ਨੇ ਕਿਹਾ ਕਿ ਅਕਸਰ ਸਮਾਂ ਅਤੇ ਤੇਲ ਬਚਾਉਣ ਲਈ ਅਜਿਹੇ ਵਾਹਨ ਸ਼ਹਿਰ ਦੇ ਭੀੜ-ਭੜੱਕੇ ਵਾਲੇ ਇਲਾਕਿਆਂ, ਬਾਜ਼ਾਰਾਂ ਅਤੇ ਸੈਕਟਰਾਂ ਵੱਲ ਮੁੜ ਜਾਂਦੇ ਹਨ, ਜਿਸ ਨਾਲ ਆਵਾਜਾਈ ਪ੍ਰਭਾਵਿਤ ਹੁੰਦੀ ਹੈ, ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਹਾਦਸਿਆਂ ਦਾ ਖ਼ਤਰਾ ਵਧ ਜਾਂਦਾ ਹੈ।

# ਲੁੱਟਾਂ-ਖੋਹਾਂ ਕਰਨ ਵਾਲਾ ਗਿਰੋਹ ਬੇਨਕਾਬ

**ਕੌਮੀ ਪਤ੍ਰਿਕਾ**

ਦੋਰਾਹਾ/ਖੰਨਾ 23 ਅਪ੍ਰੈਲ। ਲੁਧਿਆਣਾ ਰੇਂਜ ਪੁਲਸ ਨੂੰ ਉਸ ਵੇਲੇ ਵੱਡੀ ਕਾਮਯਾਬੀ ਹਾਸਲ ਹੋਈ ਜਦੋਂ ਵੱਖ-ਵੱਖ ਸ਼ਹਿਰਾਂ ਵਿਚ ਚੋਰੀਆਂ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਇਕ ਸਰਗਰਮ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰਦਿਆਂ 4 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਉਨ੍ਹਾਂ ਦੇ ਕਬਜ਼ੇ ਤੋਂ 2 ਚੋਰੀਸ਼ੁਦਾ ਮੋਟਰਸਾਈਕਲ ਅਤੇ ਖੋਹ ਕੀਤੀ ਗਈ 1 ਸੋਨੇ ਦੀ ਚੇਨ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਡੀ.ਆਈ.ਜੀ. ਲੁਧਿਆਣਾ ਰੇਂਜ ਸਤਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐੱਸ.ਐੱਸ.ਪੀ. ਖੰਨਾ ਡਾ. ਦਰਪਣ ਆਹਲੂਵਾਲੀਆ ਦੀ ਰਹਿਨੁਮਾਈ ਹੇਠ ਗੈਂਗਸਟਰਾਂ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਐੱਸ.ਪੀ. (ਇੰਵੈਸਟੀਗੇਸ਼ਨ) ਪਵਨਜੀਤ ਚੌਧਰੀ ਦੀ ਅਗਵਾਈ ਅਤੇ ਡੀ.ਐੱਸ.ਪੀ. ਮੋਹਿਤ ਕੁਮਾਰ ਸਿੰਗਲਾ ਦੀ ਦੇਖਰੇਖ ਹੇਠ ਸੀ.ਆਈ.ਏ ਸਟਾਫ ਖੰਨਾ ਦੇ ਇੰਚਾਰਜ ਇੰਸਪੈਕਟਰ ਜਸ਼ਨਪ੍ਰੀਤ ਸਿੰਘ ਸਮੇਤ ਪੁਲਸ ਟੀਮਾਂ ਵੱਲੋਂ ਸੰਜੀਦਾ ਢੰਗ ਨਾਲ ਕਾਰਵਾਈ ਕੀਤੀ ਗਈ ਹੈ। ਪੁਲਸ ਅਧਿਕਾਰੀ ਅਨੁਸਾਰ ਇਹ ਮਾਮਲਾ ਸ਼ਿਕਾਇਤਕਰਤਾ ਅਮਨਦੀਪ ਕੌਰ ਵਾਸੀ ਪਿੰਡ ਲੱਲ ਕਲਾ ਵੱਲੋਂ ਦਰਜ ਕਰਵਾਇਆ ਗਿਆ ਸੀ, ਜਿਸ ਵਿੱਚ ਉਸਨੇ ਦੱਸਿਆ ਕਿ ਉਹ ਆਪਣੀ ਸਹੇਲੀ ਨਾਲ ਸਮਰਾਲਾ ਦੇ ਢਿੱਲੋ ਮਾਰਕੀਟ ਵਿਚ ਗਈ ਹੋਈ ਸੀ, ਜਿੱਥੇ ਦੋ ਅਣਪਛਾਤੇ ਨੌਜਵਾਨਾਂ ਵੱਲੋਂ ਉਸਦੀ ਸੋਨੇ ਦੀ ਚੈਨ ਖੋਹ ਲਈ ਗਈ। ਇਸ ਸ਼ਿਕਾਇਤ 'ਤੇ ਥਾਣਾ ਸਮਰਾਲਾ ਵਿੱਚ ਮੁਕੱਦਮਾ ਦਰਜ ਕਰਕੇ ਤੁਰੰਤ ਤਫਤੀਸ਼ ਸ਼ੁਰੂ ਕੀਤੀ ਗਈ। ਤਫਤੀਸ਼ ਦੌਰਾਨ ਪੁਲਸ ਨੇ ਪਹਿਲਾਂ ਮੁਲਜ਼ਮ ਆਸ਼ੂ ਨੂੰ ਗ੍ਰਿਫਤਾਰ ਕੀਤਾ, ਜਦਕਿ ਮੁੱਖ ਸਾਥੀ ਸ਼ਿਵਾ ਉਰਫ ਸੈਂਟੀ ਉਰਫ ਅਜੈ ਦੀ ਭਾਲ ਜਾਰੀ ਰਹੀ। ਬਾਅਦ ਵਿਚ ਸੀ.ਆਈ.ਏ ਸਟਾਫ ਦੀ ਟੀਮ ਨੇ ਕਾਰਵਾਈ ਕਰਦਿਆਂ ਸ਼ਿਵਾ ਨੂੰ ਵੀ ਕਾਬੂ ਕਰ ਲਿਆ। ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਸ ਗਿਰੋਹ ਵਿੱਚ ਸਾਗਰ, ਜੈ ਰਾਮ ਅਤੇ ਕਾਂਤਾ ਵੀ ਸ਼ਾਮਲ ਹਨ, ਜੋ ਚੋਰੀਸ਼ੁਦਾ ਵਾਹਨਾਂ ਅਤੇ ਖੋਹ ਕੀਤੇ ਸੋਨੇ ਦੇ



ਗਹਿਣਿਆਂ ਦੀ ਖਰੀਦ-ਫਰੋਖਤ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਸਨ। ਇਸ 'ਤੇ ਪੁਲਸ ਨੇ ਉਕਤ ਤਿੰਨਾਂ ਨੂੰ ਵੀ ਗ੍ਰਿਫਤਾਰ ਕਰ ਲਿਆ। ਪੁਲਸ ਨੇ ਦੱਸਿਆ ਕਿ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ 2 ਚੋਰੀਸ਼ੁਦਾ ਮੋਟਰਸਾਈਕਲ ਸ਼ਿਵਾ ਅਤੇ ਸਾਗਰ ਤੋਂ ਬਰਾਮਦ ਕੀਤੇ ਗਏ, ਜਦਕਿ ਖੋਹ ਕੀਤੀ ਸੋਨੇ ਦੀ ਚੈਨ ਕਾਂਤਾ ਅਤੇ ਜੈ ਰਾਮ ਕੋਲੋਂ ਮਿਲੀ, ਜਿਸਨੂੰ ਵੇਚਣ ਲਈ ਉਨ੍ਹਾਂ ਨੂੰ ਦਿੱਤਾ ਗਿਆ ਸੀ। ਅੱਗੇ ਪੁੱਛਗਿੱਛ ਵਿਚ ਇਹ ਵੀ ਖੁਲਾਸਾ ਹੋਇਆ ਕਿ ਇਹ ਗਿਰੋਹ ਚੋਰੀ ਅਤੇ ਲੁੱਟ-ਖੋਹ ਕਰਕੇ ਪ੍ਰਾਪਤ ਕੀਤਾ ਸੋਨਾ ਉੱਤਰ ਪ੍ਰਦੇਸ਼ ਦੇ ਇੱਕ ਵਿਅਕਤੀ ਚੱਤਰ ਸੇਮ ਨੂੰ ਵੇਚਦਾ ਸਨ, ਜਿਸ ਦੀ ਭਾਲ ਜਾਰੀ ਹੈ। ਜਾਂਚ ਵਿੱਚ ਇਹ ਵੀ ਖੁਲਾਸਾ ਹੋਇਆ ਕਿ ਇਹ ਗਿਰੋਹ ਖੰਨਾ, ਮੋਹਾਲੀ, ਚੰਡੀਗੜ੍ਹ, ਅਮਲੋਹ ਅਤੇ ਮੰਡੀ ਗੋਬਿੰਦਗੜ੍ਹ ਸਮੇਤ ਦਿੱਲੀ ਅਤੇ ਹਰਿਆਣਾ ਵਿੱਚ ਵੀ ਕਈ ਵਾਰਦਾਤਾਂ ਨੂੰ ਅੰਜਾਮ ਦੇ ਚੁੱਕਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮ ਆਸ਼ੂ, ਸ਼ਿਵਾ ਅਤੇ ਸਾਗਰ ਖਿਲਾਫ ਪਹਿਲਾਂ ਵੀ ਗੰਭੀਰ ਧਾਰਾਵਾਂ ਹੇਠ ਮਾਮਲੇ ਦਰਜ ਹਨ। ਇਸ ਸਮੇਂ ਸਾਰੇ ਮੁਲਜ਼ਮਾਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿਸ ਦੌਰਾਨ ਹੋਰ ਅਹਿਮ ਖੁਲਾਸੇ ਹੋਣ ਦੀ ਪੂਰੀ ਸੰਭਾਵਨਾ ਜਤਾਈ ਜਾ ਰਹੀ ਹੈ।

## ਛੋਟਾ ਹਾਥੀ ਲੈ ਲਓ ਪਰ ਭੁੱਲ ਕੇ ਵੀ ਨਾ ਖਰੀਦੋ ਮਹਿੰਦਰਾ ਦੀ ਇਹ ਗੱਡੀ...!

ਆਟੋ ਡੈਸਕ 23 ਅਪ੍ਰੈਲ। ਦੇਸ਼ ਦੀ ਨਾਮੀ ਕੰਪਨੀ ਮਹਿੰਦਰਾ ਐਂਡ ਮਹਿੰਦਰਾ ਦੀ ਸਭ ਤੋਂ ਪ੍ਰੀਮੀਅਮ ਇਲੈਕਟ੍ਰਿਕ ਕਾਰ 25.6 ਬੈਟਮੈਨ ਐਡੀਸ਼ਨ ਇੱਕ ਗਾਹਕ ਲਈ ਉਸ ਸਮੇਂ ਵੱਡੀ ਮੁਸੀਬਤ ਬਣ ਗਈ, ਜਦੋਂ 30 ਲੱਖ ਰੁਪਏ ਖਰਚਣ ਦੇ ਬਾਵਜੂਦ ਉਸ ਨੂੰ ਸੜਕ 'ਤੇ ਖੱਜਲ-ਖੁਆਰ ਹੋਣਾ ਪਿਆ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਵਿੱਚ ਗਾਹਕ ਨੇ ਆਨੰਦ ਮਹਿੰਦਰਾ 'ਤੇ ਭਰੋਸਾ ਤੋੜਨ ਅਤੇ 'ਮੇਕ ਇਨ ਇੰਡੀਆ' ਦੇ ਨਾਮ 'ਤੇ ਧੋਖਾ ਦੇਣ ਦੇ ਗੰਭੀਰ ਇਲਜ਼ਾਮ ਲਗਾਏ ਹਨ। ਪੀੜਤ ਗਾਹਕ ਨੇ ਦੱਸਿਆ ਕਿ ਉਹ ਪਿਛਲੇ ਡੇਢ ਘੰਟੇ ਤੋਂ ਚਾਰਜਿੰਗ ਸਟੇਸ਼ਨ 'ਤੇ ਖੜ੍ਹਾ ਸੀ, ਪਰ ਉਸ ਦੀ ਲਗਜ਼ਰੀ ਕਾਰ ਚਾਰਜ ਨਹੀਂ ਹੋ ਸਕੀ। ਹੈਰਾਨੀ ਦੀ ਗੱਲ ਇਹ ਰਹੀ ਕਿ ਉਸ ਦੇ ਸਾਹਮਣੇ ਹੀ $7 ਦੀ ਵਿੰਡਸਰ ਕਾਰ ਅਤੇ ਕਈ ਛੋਟੇ ਹਾਥੀ ਫਾਸਟ ਚਾਰਜਰ ਨਾਲ ਚਾਰਜ ਹੋ ਕੇ ਚਲੇ ਗਏ ਪਰ ਮਹਿੰਦਰਾ ਦੀ ਸਭ ਤੋਂ ਮਹਿੰਗੀ ਗੱਡੀ ਉੱਥੇ ਹੀ ਫਸੀ ਰਹੀ।

## ਮਾਂ ਦੀ ਸਾੜ੍ਹੀ ਨੇ ਲੈ ਲਈ ਧੀ ਦੀ ਜਾਨ ! ਝੂਟੇ ਲੈਂਦੇ ਨਿਕਲ ਗਈ ਜਾਨ

**ਕੌਮੀ ਪਤ੍ਰਿਕਾ**

ਗੁਰੂਗ੍ਰਾਮ 23 ਅਪ੍ਰੈਲ। ਹਰਿਆਣਾ 'ਚ ਗੁਰੂਗ੍ਰਾਮ ਦੇ ਸੈਕਟਰ 9 ਇਲਾਕੇ 'ਚ ਘਰ 'ਚ ਖੇਡਦੇ ਸਮੇਂ ਹੋਈ ਇਕ ਲਾਪਰਵਾਹੀ ਕਾਰਨ 13 ਸਾਲਾ ਇਕ ਕੁੜੀ ਦੀ ਦੁਖਦ ਮੌਤ ਹੋ ਗਈ। ਪੁਲਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਰਾਣੀ ਕੁਮਾਰ ਨਾਮੀ ਇਹ ਕੁੜੀ ਐਤਵਾਰ ਨੂੰ ਆਪਣੀਆਂ ਭੈਣਾਂ ਨਾਲ ਖੇਡ ਰਹੀ ਸੀ, ਉਦੋਂ ਉਸ ਨੇ ਘਰ ਦੀ ਕੰਧ 'ਤੇ ਲੱਗੀ ਗਰਿੱਲ ਨਾਲ ਆਪਣੀ ਮਾਂ ਦੀ ਸਾੜ੍ਹੀ ਲਟਕਾ ਕੇ ਝੂਲਾ ਬਣਾਇਆ। ਝੂਲੇ 'ਚ ਘੁੰਮਦੇ ਸਮੇਂ ਅਚਾਨਕ ਸਾੜ੍ਹੀ ਉਸ ਦੇ ਗਲੇ 'ਚ ਲਿਪਟ ਗਈ ਅਤੇ ਉਸ ਦਾ ਦਮ ਘੁਟਣ ਲੱਗਾ। ਉਨ੍ਹਾਂ ਦੱਸਿਆ ਕਿ ਜਦੋਂ ਰਾਣੀ ਦੀ ਹਾਲਤ ਵਿਗੜੀ ਤਾਂ ਪਰਿਵਾਰ ਵਾਲੇ ਉਸ ਨੂੰ ਸਰਕਾਰੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਰਾਣੀ ਦੇ ਪਿਤਾ ਸੁਰੇਸ਼ ਸਿੰਘ ਕਈ ਸਾਲਾਂ ਤੋਂ ਦੇਵੀ ਲਾਲ ਕਾਲੋਨੀ 'ਚ ਕਿਰਾਏ ਦੇ ਮਕਾਨ 'ਚ ਰਹਿ ਰਹੇ ਹਨ। ਉਹ ਦਰਜ਼ੀ ਦਾ ਕੰਮ ਕਰਦੇ ਹਨ ਅਤੇ ਉਨ੍ਹਾਂ ਦੀਆਂ ਤਿੰਨ ਧੀਆਂ ਹਨ। ਇਹ ਮੂਲ ਰੂਪ ਨਾਲ ਬਿਹਾਰ ਦੇ ਸੀਤਾਮੜ੍ਹੀ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਸੁਰੇਸ਼ ਨੇ ਕਿਹਾ,"ਐਤਵਾਰ ਸ਼ਾਮ ਨੂੰ ਮੇਰੀਆਂ ਸਾਰੀਆਂ ਧੀਆਂ ਘਰ 'ਚ ਖੇਡ ਰਹੀਆਂ ਸਨ। ਮੈਂ ਅਤੇ ਮੇਰੀ ਪਤਨੀ ਵੀ ਘਰ 'ਚ ਮੌਜੂਦ ਸੀ ਪਰ ਸਾਨੂੰ ਥੋੜ੍ਹਾ ਵੀ ਅੰਦਾਜ਼ਾ ਨਹੀਂ ਹੈ ਕਿ ਇਹ ਸਭ ਕਿਵੇਂ ਹੋਇਆ।" ਪਰਿਵਾਰ ਨੇ ਦੱਸਿਆ ਕਿ ਕੁੜੀਆਂ ਹਮੇਸ਼ਾ ਘਰ 'ਚ ਖੇਡਦੀਆਂ ਸਨ ਅਤੇ ਪਰਦਿਆਂ ਜਾਂ ਕੱਪੜਿਆਂ ਨਾਲ ਝੂਲਾ ਬਣਾਉਂਦੀਆਂ ਸਨ। ਐਤਵਾਰ ਸ਼ਾਮ ਨੂੰ ਰਾਣੀ ਨੇ ਆਪਣੀ ਮਾਂ ਦੀ ਸਾੜ੍ਹੀ ਨਾਲ ਇਕ ਮਜ਼ਬੂਤ ਝੂਲਾ ਬਣਾਇਆ। ਹਾਦਸੇ ਤੋਂ ਕੁਝ ਪਲ ਪਹਿਲਾਂ, ਰਾਣੀਆਂ ਦੀਆਂ ਦੋਵੇਂ ਛੋਟੀਆਂ ਭੈਣਾਂ



ਖੁਸ਼ੀ ਨਾਲ ਤਾੜੀਆਂ ਵਜਾ ਰਹੀਆਂ ਸਨ, ਜਦੋਂ ਕਿ ਉਹ ਗੋਲ-ਗੋਲ ਘੁੰਮ ਰਹੀ ਸੀ। ਰਾਣੀ ਦੀ ਗਰਦਨ ਸਾੜ੍ਹੀ 'ਚ ਉਲਝ ਗਈ, ਜਦੋਂ ਉਸ ਦੇ ਮਾਤਾ-ਪਿਤਾ ਨੇ ਉਸ ਨੂੰ ਗਰਿੱਲ ਨਾਲ ਲਟਕਦੇ ਹੋਏ ਦੇਖਿਆ ਤਾਂ ਉਸ ਦਾ ਚਿਹਰਾ ਪੀਲਾ ਪੈ ਗਿਆ ਸੀ। ਸੁਰੇਸ਼ ਤੇ ਉਸ ਦੀ ਪਤਨੀ ਨੇ ਤੁਰੰਤ ਉਸ ਨੂੰ ਹੇਠਾਂ ਉਤਾਰਿਆ ਅਤੇ ਕੋਲ ਦੇ ਸਰਕਾਰੀ ਹਸਪਤਾਲ ਲੈ ਗਏ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਸੰਕੇਤ ਮਿਲਦਾ ਹੈ ਕਿ ਇਹ ਇਕ ਹਾਦਸਾ ਸੀ।

## ਪਤੀ ਨੂੰ ਛੱਡ ਕਿਸੇ ਹੋਰ ਨਾਲ ਚਲੀ ਗਈ ਕੁੜੀ ! ਗੁੱਸੇ 'ਚ ਪਰਿਵਾਰ ਨੇ ਦਿੱਤੀ ਦਰਦਨਾਕ ਮੌਤ

ਨੈਸ਼ਨਲ ਡੈਸਕ 23 ਅਪ੍ਰੈਲ। ਦੱਖਣੀ ਸੂਬੇ ਕਰਨਾਟਕ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਬੇਲਾਗਾਵੀ ਜ਼ਿਲ੍ਹੇ ਵਿੱਚ ਇੱਕ 24 ਸਾਲਾ ਕੁੜੀ ਦਾ ਉਸ ਦੇ ਹੀ ਪਰਿਵਾਰ ਵੱਲੋਂ ਕਥਿਤ ਤੌਰ 'ਤੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਪੁਲਸ ਨੇ ਇਸ ਨੂੰ 'ਆਨਰ ਕਿਲਿੰਗ' ਦਾ ਮਾਮਲਾ ਦੱਸਦਿਆਂ ਮ੍ਰਿਤਕਾ ਦੇ ਭਰਾ, ਚਾਚੇ ਅਤੇ ਜੀਜੇ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮ੍ਰਿਤਕਾ ਦੀ ਪਛਾਣ ਸਤਿਆਵਾ ਸੰਤੋਸ਼ ਹੇਲਾਵੀ (24) ਵਜੋਂ ਹੋਈ ਹੈ। ਪੁਲਸ ਅਨੁਸਾਰ ਸਤਿਆਵਾ ਆਪਣੇ ਪਤੀ ਨੂੰ ਛੱਡ ਕੇ ਕਿਸੇ ਹੋਰ ਵਿਅਕਤੀ ਨਾਲ ਚਲੀ ਗਈ ਸੀ, ਜਿਸ ਮਗਰੋਂ ਉਸ




ਦੇ ਪਰਿਵਾਰ ਨੂੰ ਕਾਫ਼ੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ। ਮੁਲਜ਼ਮਾਂ ਨੇ ਸਤਿਆਵਾ ਨੂੰ ਲੱਭ ਕੇ ਉਸ 'ਤੇ ਆਪਣੇ ਭਾਈਚਾਰੇ ਵਿੱਚ ਵਿਆਹ ਕਰਨ ਦਾ ਦਬਾਅ ਪਾਇਆ। ਜਦੋਂ ਉਸ ਨੇ ਮਨ੍ਹਾ ਕਰ ਦਿੱਤਾ, ਤਾਂ ਉਨ੍ਹਾਂ ਨੇ ਉਸ ਨੂੰ ਜ਼ਬਰਦਸਤੀ ਜ਼ਹਿਰ ਦੇ ਦਿੱਤਾ ਤੇ ਸਬੂਤ ਮਿਟਾਉਣ ਲਈ ਉਨ੍ਹਾਂ ਨੇ ਲਾਸ਼ ਨੂੰ ਸ਼ਮਸ਼ਾਨਘਾਟ ਵਿੱਚ ਸਾੜ ਦਿੱਤਾ। ਇਹ ਮਾਮਲਾ ਯਮਕਨਮਰਦੀ ਪੁਲਸ ਸਟੇਸ਼ਨ ਵਿੱਚ ਦਰਜ ਗੁੰਮਸ਼ੁਦਗੀ ਦੀ ਰਿਪੋਰਟ ਤੋਂ ਬਾਅਦ ਸਾਹਮਣੇ ਆਇਆ। ਪਹਿਲਾਂ ਇਹ ਕੇਸ ਠੰਡੇ ਬਸਤੇ ਵਿੱਚ ਚਲਾ ਗਿਆ ਸੀ, ਪਰ ਇੰਸਪੈਕਟਰ ਜਾਵੇਦ ਮੁਸ਼ਾਪੁਰੇ ਨੇ ਦੁਬਾਰਾ ਜਾਂਚ ਸ਼ੁਰੂ ਕੀਤੀ। ਪੁਲਸ ਨੇ ਮ੍ਰਿਤਕਾ ਦੀ ਮਾਂ ਦਾ ਵਿਸ਼ਵਾਸ ਜਿੱਤਿਆ, ਜਿਸ ਨੇ ਅਖੀਰ ਵਿੱਚ ਸਾਰੀ ਸੱਚਾਈ ਬਿਆਨ ਕਰ ਦਿੱਤੀ। ਇਸ ਮਾਮਲੇ 'ਚ ਪੁਲਸ ਨੇ ਚਾਚਾ ਪ੍ਰਕਾਸ਼ ਭੀਮੱਪਾ ਹੇਲਾਵਰ (46), ਭਰਾ ਸ਼ਨੂਰ ਸਦਾਸ਼ਿਵ ਹੇਲਾਵਰ (35) ਤੇ ਜੀਜਾ ਮੋਰਾਬਾਦ ਕੱਲੱਪਾ ਮਯੱਪਾ ਹੇਲਾਵੀ (40) ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਫਿਲਹਾਲ ਪੁਲਸ ਮਾਮਲੇ ਦੀ ਅਗਲੇਰੀ ਕਾਰਵਾਈ 'ਚ ਰੁੱਝੀ ਹੋਈ ਹੈ।

## ਦਵਾਈਆਂ ਦੇ ਨਾਂ 'ਤੇ ਵੇਚਿਆ ਜਾ ਰਿਹੈ 'ਜ਼ਹਿਰ' ! ਸਪਲਾਇਰ ਤੇ 2 ਮੈਡੀਕਲ ਸਟੋਰ ਸੰਚਾਲਕ ਕਾਬੂ

ਰਾਏਪੁਰ 23 ਅਪ੍ਰੈਲ। ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ 'ਚ ਨਕਲੀ ਦਵਾਈਆਂ ਦੇ ਗੈਰ-ਕਾਨੂੰਨੀ ਕਾਰੋਬਾਰ ਦਾ ਪਰਦਾਫਾਸ਼ ਕਰਦੇ ਹੋਏ ਪੁਲਸ ਨੇ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਦੋਸ਼ੀਆਂ 'ਚ ਇਕ ਇੰਦੌਰ ਤੋਂ ਦਵਾਈ ਸਪਲਾਈ ਕਰਨ ਵਾਲਾ ਅਤੇ 2 ਸਥਾਨਕ ਮੈਡੀਕਲ ਸਟੋਰ ਸੰਚਾਲਕ ਸ਼ਾਮਲ ਹੈ। ਅਦਾਲਤ ਨੇ ਸਾਰੇ ਦੋਸ਼ੀਆਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਹੈ। ਪੁਲਸ ਸੂਤਰਾਂ ਅਨੁਸਾਰ, ਇਸ ਸੰਗਠਿਤ ਰੈਕੇਟ ਦਾ ਖੁਲਾਸਾ ਉਸ ਸਮੇਂ ਹੋਇਆ, ਜਦੋਂ ਗੋਗਾਂਵ ਖੇਤਰ ਸਥਿਤ ਇਕ ਟਰਾਂਸਪੋਰਟ 'ਚ ਸ਼ੱਕੀ ਦਵਾਈਆਂ ਦੀ ਵੱਡੀ ਖੇਪ ਬਰਾਮਦ ਕੀਤੀ ਗਈ। ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਕਿ ਇਹ ਦਵਾਈਆਂ ਮੱਧ ਪ੍ਰਦੇਸ਼ ਦੇ ਇੰਦੌਰ 'ਚ ਮੰਗਾਈਆਂ ਗਈਆਂ ਸਨ। ਇਸ ਤੋਂ ਬਾਅਦ ਡਰੱਗ ਵਿਭਾਗ ਅਤੇ ਪੁਲਸ ਦੀ ਸੰਯੁਕਤ ਟੀਮ ਨੇ ਸਾਰੰਗੜ੍ਹ ਅਤੇ




ਭਾਠਾਪਾਰਾ ਖੇਤਰ ਦੇ ਕਈ ਮੈਡੀਕਲ ਅਦਾਰਿਆਂ 'ਤੇ ਛਾਪੇਮਾਰੀ ਕੀਤੀ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਜਨਵਰੀ ਮਹੀਨੇ 'ਚ ਸਾਰੰਗੜ੍ਹ ਦੇ ਇਕ ਦਵਾਈ ਵਪਾਰੀ ਦੀ ਰਾਏਪੁਰ 'ਚ ਸਹਾਇਕ ਡਰੱਗ ਕੰਟਰੋਲਰ ਸੰਜੇ ਕੁਮਾਰ ਨੇਤਾਮ ਨਾਲ ਇਕ ਹੋਟਲ 'ਚ ਮੁਲਾਕਾਤ ਹੋਈ ਸੀ, ਜਿਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ। ਵੀਡੀਓ 'ਚ ਫਾਈਲਾਂ ਦੇ ਆਦਾਨ-ਪ੍ਰਦਾਨ ਅਤੇ ਸ਼ੱਕੀ ਗਤੀਵਿਧੀਆਂ ਨਜ਼ਰ ਆਈਆਂ। ਮਾਮਲੇ ਦੇ ਨੋਟਿਸ 'ਚ ਆਉਣ ਮਗਰੋਂ ਸੰਬੰਧਤ ਅਧਿਕਾਰੀ ਨੂੰ ਮੁਅੱਤਲ ਕਰ ਕੇ ਵਿਭਾਗੀ ਜਾਂਚ ਸ਼ੁਰੂ ਕੀਤੀ ਗਈ। ਅੱਗੇ ਦੀ ਜਾਂਚ 'ਚ ਪੁਸ਼ਟੀ ਹੋਈ ਕਿ ਇੰਦੌਰ ਤੋਂ ਨਕਲੀ ਦਵਾਈਆਂ ਦੀ ਸਪਲਾਈ ਕਰ ਕੇ ਉਨ੍ਹਾਂ ਨੂੰ ਸਥਾਨਕ ਮੈਡੀਕਲ ਸਟੋਰ ਦੇ ਮਾਧਿਅਮ ਨਾਲ ਬਾਜ਼ਾਰ 'ਚ ਵੇਚਿਆ ਜਾ ਰਿਹਾ ਸੀ। ਪੁਲਸ ਨੇ ਇਸ ਮਾਮਲੇ 'ਚ ਇੰਦੌਰ ਵਾਸੀ ਰੋਚਕ ਅਗਰਵਾਲ, ਸਾਰੰਗੜ੍ਹ ਦੇ ਖੇਮਰਾਮ ਬਾਨੀ ਅਤੇ ਭਾਠਾਪਾਰਾ ਦੇ ਸੁਰੇਂਦਰ ਕੁਮਾਰ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ 'ਚ ਪੇਸ਼ ਕੀਤਾ

## ਪੰਜਾਬ 'ਚ ਹਥਿਆਰਾਂ ਦੇ ਮਾਡਿਊਲ ਦਾ ਪਰਦਾਫ਼ਾਸ਼ !

ਹੁਸ਼ਿਆਰਪੁਰ 23 ਅਪ੍ਰੈਲ। ਹੁਸ਼ਿਆਰਪੁਰ ਪੁਲਸ ਨੇ ਇਕ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਮਾਡਿਊਲ ਦਾ ਪਰਦਾਫ਼ਾਸ਼ ਕੀਤਾ ਹੈ, ਜਿਸ ਦੇ ਅੰਤਰਰਾਜੀ ਅਤੇ ਵਿਦੇਸ਼ੀ ਸੰਬੰਧ ਹਨ। ਪੁਲਸ ਨੇ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ 9.925 ਕਿਲੋਗ੍ਰਾਮ ਹੈਰੋਇਨ, ਦੋ ਵਿਦੇਸ਼ੀ ਪਿਸਤੌਲ, 8 ਮੈਗਜ਼ੀਨ ਅਤੇ 40 ਕਾਰਤੂਸ ਬਰਾਮਦ ਕੀਤੇ ਹਨ। ਪੁਲਸ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਵਿਦੇਸ਼ਾਂ 'ਚ ਸਥਿਤ ਗੈਂਗਸਟਰਾਂ ਲਈ ਸਥਾਨਕ ਹੈਂਡਲਰ ਵਜੋਂ ਕੰਮ ਕਰ ਰਹੇ ਸਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ 'ਚ ਸ਼ਾਮਲ ਸਨ। ਇਸ ਸਬੰਧ 'ਚ ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਪੁਲਸ ਥਾਣੇ 'ਚ ਇਕ ਐੱਫ਼. ਆਈ. ਆਰ. ਦਰਜ ਕੀਤੀ ਗਈ ਹੈ ਅਤੇ ਪੂਰੇ ਨੈੱਟਵਰਕ ਨੂੰ ਖ਼ਤਮ ਕਰਨ ਲਈ ਜਾਂਚ ਜਾਰੀ ਹੈ।

## ਪਟਾਕਾ ਫੈਕਟਰੀ 'ਚ ਹੋਏ ਧਮਾਕੇ ਕਾਰਨ 13 ਲੋਕਾਂ ਦੀ ਮੌਤ, ਕਈ ਬੁਰੀ ਤਰ੍ਹਾਂ ਝੁਲਸੇ

ਤ੍ਰਿਸ਼ੂਰ 23 ਅਪ੍ਰੈਲ। ਕੇਰਲ ਦੇ ਮੁੰਦਥਿੱਕੋਡ ਵਿੱਚ ਮੰਗਲਵਾਰ ਨੂੰ ਇੱਕ ਪਟਾਕਾ ਫੈਕਟਰੀ ਵਿੱਚ ਹੋਏ ਜ਼ਬਰਦਸਤ ਧਮਾਕੇ ਕਾਰਨ ਵੱਡਾ ਜਾਨੀ ਨੁਕਸਾਨ ਹੋਣ ਦੀ ਖ਼ਬਰ ਹੈ। ਇਸ ਦਰਦਨਾਕ ਹਾਦਸੇ ਵਿੱਚ ਘੱਟੋ-ਘੱਟ 13 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ ਕਈ ਹੋਰ ਬੁਰੀ ਤਰ੍ਹਾਂ ਝੁਲਸ ਗਏ ਹਨ। ਦੱਸਿਆ ਜਾ ਰਿਹਾ ਹੈ ਕਿ 5 ਜ਼ਖਮੀਆਂ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਹੈ। ਜਾਣਕਾਰੀ ਅਨੁਸਾਰ, ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਫੈਕਟਰੀ ਵਿੱਚ ਤ੍ਰਿਸ਼ੂਰ ਪੂਰਮ ਉਤਸਵ ਲਈ ਇੱਕ ਮੰਦਰ ਦੇਵਸਵੋਮ ਵੱਲੋਂ ਪਟਾਕੇ ਤਿਆਰ ਕਰਵਾਏ ਜਾ ਰਹੇ ਸਨ। ਧਮਾਕੇ ਦੇ ਸਮੇਂ ਸ਼ੈੱਡ ਵਿੱਚ ਲਗਭਗ 40 ਮਜ਼ਦੂਰ ਮੌਜੂਦ ਸਨ। ਇਹ ਪਟਾਕੇ ਝੋਨੇ ਦੇ ਖੇਤਾਂ ਦੇ ਵਿਚਕਾਰ ਇੱਕ ਸੁੰਨਸਾਨ ਇਲਾਕੇ ਵਿੱਚ ਬਣੇ ਅਸਥਾਈ ਸ਼ੈੱਡਾਂ ਵਿੱਚ ਬਣਾਏ ਜਾ ਰਹੇ ਸਨ। ਧਮਾਕਾ ਦੁਪਹਿਰ ਕਰੀਬ 3:30 ਵਜੇ ਹੋਇਆ ਅਤੇ ਸਥਾਨਕ ਲੋਕਾਂ ਮੁਤਾਬਕ ਇਸ ਤੋਂ ਬਾਅਦ ਵੀ ਰੁਕ-ਰੁਕ ਕੇ ਕਈ ਛੋਟੇ ਧਮਾਕੇ ਹੁੰਦੇ ਰਹੇ। ਇਨ੍ਹਾਂ ਲਗਾਤਾਰ ਹੋ ਰਹੇ ਵਿਸਫੋਟਾਂ ਕਾਰਨ ਫਾਇਰ ਬ੍ਰਿਗੇਡ ਅਤੇ ਬਚਾਅ ਟੀਮਾਂ ਨੂੰ ਰਾਹਤ ਕਾਰਜ ਚਲਾਉਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕੁਝ ਕਰਮਚਾਰੀ ਮਾਮੂਲੀ ਸੱਟਾਂ ਨਾਲ ਉੱਥੋਂ ਭੱਜਣ ਵਿੱਚ ਕਾਮਯਾਬ ਰਹੇ। ਰਾਜ ਦੀ ਸਿਹਤ ਮੰਤਰੀ ਵੀਣਾ ਜਾਰਜ ਨੇ ਹਾਦਸੇ ਦਾ ਨੋਟਿਸ ਲੈਂਦਿਆਂ ਜ਼ਖਮੀਆਂ ਲਈ ਵਿਸ਼ੇਸ਼ ਇਲਾਜ ਦੇ ਨਿਰਦੇਸ਼ ਦਿੱਤੇ ਹਨ ਅਤੇ ਮੈਡੀਕਲ ਕਾਲਜਾਂ ਵਿੱਚ ਸਾਰੇ ਜ਼ਰੂਰੀ ਪ੍ਰਬੰਧ ਕਰਨ ਲਈ ਕਿਹਾ ਹੈ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਵੀ ਇਸ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਜ਼ਖਮੀਆਂ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਹੈ।

## ਫੱਟ ਗਿਆ ਬੁਆਇਲਰ ! ਧਮਾਕੇ ਮਗਰੋਂ 9 ਲੋਕਾਂ ਦੀ ਮੌਤ, ਵੇਦਾਂਤਾ ਪਾਵਰ ਪਲਾਂਟ 'ਚ ਵਾਪਰਿਆ ਹਾਦਸਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 23 ਅਪ੍ਰੈਲ। ਛੱਤੀਸਗੜ੍ਹ ਦੇ ਸੱਕਤੀ ਜ਼ਿਲ੍ਹੇ ਵਿੱਚ ਮੰਗਲਵਾਰ ਨੂੰ ਇੱਕ ਦਰਦਨਾਕ ਹਾਦਸਾ ਵਾਪਰਿਆ, ਜਿੱਥੇ ਇੱਕ ਨਿੱਜੀ ਬਿਜਲੀ ਪਲਾਂਟ ਵਿੱਚ ਬਾਇਲਰ ਫਟਣ ਕਾਰਨ 9 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 15 ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਹ ਹਾਦਸਾ ਜ਼ਿਲ੍ਹੇ ਦੇ ਡਭਰਾ ਥਾਣਾ ਖੇਤਰ ਦੇ ਪਿੰਡ ਸਿੰਘੀਤਰਾਈ ਵਿੱਚ ਸਥਿਤ ਵੇਦਾਂਤਾ ਕੰਪਨੀ ਦੇ ਪਾਵਰ ਪਲਾਂਟ ਵਿੱਚ ਵਾਪਰਿਆ। ਪੁਲਸ ਸੁਪਰਡੈਂਟ ਪ੍ਰਫੁੱਲ ਠਾਕੁਰ ਨੇ ਦੱਸਿਆ ਕਿ ਜਿਸ ਸਮੇਂ ਪਲਾਂਟ ਦੇ ਬਾਇਲਰ ਦੀ ਟਿਊਬ ਵਿੱਚ ਧਮਾਕਾ ਹੋਇਆ, ਉਸ ਸਮੇਂ ਉੱਥੇ ਵੱਡੀ ਗਿਣਤੀ ਵਿੱਚ ਮਜ਼ਦੂਰ ਆਪਣੀ ਡਿਊਟੀ 'ਤੇ ਤਾਇਨਾਤ ਸਨ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਤਿੰਨ ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਛੇ ਹੋਰਾਂ ਨੇ ਹਸਪਤਾਲ ਵਿੱਚ ਇਲਾਜ ਦੌਰਾਨ ਦਮ ਤੋੜ ਦਿੱਤਾ। ਜ਼ਖਮੀ ਹੋਏ 15 ਮਜ਼ਦੂਰਾਂ ਨੂੰ ਰਾਏਗੜ੍ਹ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਅਜੇ ਵੀ ਨਾਜ਼ੁਕ ਬਣੀ ਹੋਈ ਹੈ।



ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰ ਦੇਵ ਸਾਇ ਨੇ ਇਸ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਸਾਡੀ ਸੰਵੇਦਨਾ ਹੈ ਅਤੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇਗੀ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਜਾਂਚ ਵਿੱਚ ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼?ਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਵੇਦਾਂਤਾ ਪਾਵਰ ਪਲਾਂਟ ਦੇ ਬੁਲਾਰੇ ਅਨੁਸਾਰ, ਇਹ ਹਾਦਸਾ ਉਪ-ਠੇਕੇਦਾਰ ਕੰਪਨੀ NGSL ਦੇ ਕਰਮਚਾਰੀਆਂ ਨਾਲ ਵਾਪਰਿਆ ਹੈ, ਜੋ ਯੂਨਿਟ ਦੇ ਰੱਖ-ਰਖਾਅ ਦਾ ਕੰਮ ਦੇਖਦੇ ਹਨ। ਕੰਪਨੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਪ੍ਰਭਾਵਿਤ ਲੋਕਾਂ ਨੂੰ ਵਧੀਆ ਡਾਕਟਰੀ ਸਹਾਇਤਾ ਪ੍ਰਦਾਨ ਕਰਨਾ ਹੈ ਅਤੇ ਉਹ ਸਥਾਨਕ ਪ੍ਰਸ਼ਾਸਨ ਨਾਲ ਮਿਲ ਕੇ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕਰ ਰਹੇ ਹਨ। ਫਿਲਹਾਲ ਪਲਾਂਟ ਵਿੱਚ ਸੁਰੱਖਿਆ ਦੇ ਲਿਹਾਜ਼ ਨਾਲ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ।

## ਮੰਡੀ 'ਚ ਖ਼ੌਫ਼ਨਾਕ ਕਾਰਾ ! ਨੌਜਵਾਨਾਂ ਨੇ 19 ਸਾਲਾ ਵਿਦਿਆਰਥਣ ਦਾ ਵੱਢ ਸੁੱਟਿਆ ਗਲਾ

**ਕੌਮੀ ਪਤ੍ਰਿਕਾ**

ਮੰਡੀ 23 ਅਪ੍ਰੈਲ। ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ 'ਚ ਇਕ ਦਿਲ ਕੰਬਾਊ ਵਾਰਦਾਤ ਸਾਹਮਣੇ ਆਈ ਹੈ, ਜਿੱਥੇ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਇਕ 19 ਸਾਲਾ ਵਿਦਿਆਰਥਣ ਦਾ ਗਲਾ ਵੱਢ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮ੍ਰਿਤਕਾ ਦੀ ਪਛਾਣ ਸਿਆ ਗੁਲੇਰੀਆ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ, ਇਹ ਘਟਨਾ ਸੋਮਵਾਰ ਨੂੰ ਉਸ ਸਮੇਂ ਵਾਪਰੀ ਜਦੋਂ ਸਿਆ ਆਪਣੇ ਕਾਲਜ ਜਾ ਰਹੀ ਸੀ। ਰਸਤੇ 'ਚ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਘੇਰ ਲਿਆ ਅਤੇ ਤੇਜ਼ਧਾਰ ਹਥਿਆਰ ਨਾਲ ਉਸ 'ਤੇ ਹਮਲਾ ਕਰ ਦਿੱਤਾ। ਹਮਲਾ ਇੰਨਾ ਭਿਆਨਕ ਸੀ ਕਿ ਕੁੜੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਹਮਲਾਵਰ ਵਾਰਦਾਤ ਨੂੰ ਅੰਜਾਮ ਦੇ ਕੇ ਫ਼ਰਾਰ ਹੋ ਗਏ। ਘਟਨਾ ਤੋਂ ਬਾਅਦ ਇਲਾਕੇ 'ਚ ਤਣਾਅ ਫੈਲ ਗਿਆ। ਪਿੰਡ ਵਾਸੀਆਂ ਨੇ




ਮੁਲਜ਼ਮ ਦੀ ਭਾਲ ਸ਼ੁਰੂ ਕੀਤੀ ਅਤੇ ਉਸ ਨੂੰ ਨੇੜਲੇ ਖੇਤਾਂ 'ਚ ਲੁਕਿਆ ਹੋਇਆ ਲੱਭ ਲਿਆ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਨੇ ਪਿੰਡ ਵਾਸੀਆਂ 'ਤੇ ਵੀ ਉਸੇ ਹਥਿਆਰ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਲੋਕਾਂ ਨੇ ਬਹਾਦਰੀ ਦਿਖਾਉਂਦੇ ਹੋਏ ਉਸ ਨੂੰ ਕਾਬੂ ਕਰ ਲਿਆ। ਫੜੇ ਗਏ ਮੁਲਜ਼ਮ ਦੀ ਪਛਾਣ 36 ਸਾਲਾ ਰਿਸ਼ੂ ਪਟਿਆਲ ਵਜੋਂ ਹੋਈ ਹੈ, ਜੋ ਗੋਪਾਲਪੁਰ ਦੇ ਪਿੰਡ ਥੀਰੋਨ ਦਾ ਰਹਿਣ ਵਾਲਾ ਹੈ। ਗੁੱਸੇ 'ਚ ਆਏ ਪਿੰਡ ਵਾਸੀਆਂ ਨੇ ਮੌਕੇ 'ਤੇ ਪਹੁੰਚੀ ਪੁਲਸ ਕੋਲੋਂ ਮੁਲਜ਼ਮ ਨੂੰ ਫਾਂਸੀ ਦੇਣ ਦੀ ਮੰਗ ਕੀਤੀ। ਪੁਲਸ ਨੇ ਮੁਲਜ਼ਮ ਨੂੰ ਹਿਰਾਸਤ 'ਚ ਲੈ ਕੇ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਹੈ। ਮੰਡੀ ਦੇ ਐੱਸ.ਪੀ. ਵਿਨੋਦ ਕੁਮਾਰ ਨੇ ਦੱਸਿਆ ਕਿ ਭਾਰਤੀ ਨਿਆ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਮੁਲਜ਼ਮ ਤੋਂ ਪੁੱਛਗਿੱਛ ਕਰ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਕਤਲ ਦੇ ਪਿੱਛੇ ਅਸਲ ਕਾਰਨ ਕੀ ਸੀ। ਫਿਲਹਾਲ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਸ੍ਰੀ ਕੀਰਤਪੁਰ ਸਾਹਿਬ ਦੀ ਪੁਲਸ ਵੱਲੋਂ ਹੈਰੋਇਨ ਸਮੇਤ ਇਕ ਨੌਜਵਾਨ ਗ੍ਰਿ.ਫਤਾਰ

ਸ੍ਰੀ ਕੀਰਤਪੁਰ ਸਾਹਿਬ 23 ਅਪ੍ਰੈਲ। ਜ਼ਿਲ੍ਹਾ ਪੁਲਸ ਮੁਖੀ ਰੂਪਨਗਰ ਮਨਿੰਦਰ ਸਿੰਘ ਆਈ. ਪੀ. ਐੱਸ. ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪੁਲਸ ਵੱਲੋਂ ਨਸ਼ਾ ਸਮੱਗਲਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖ਼?ਲਾਫ਼ ਸ਼ੁਰੂ ਕੀਤੀ ਮੁਹਿੰਮ ਤਹਿਤ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਸ ਵੱਲੋਂ 9 ਗ੍ਰਾਮ ਹੈਰੋਇਨ ਸਮੇਤ ਇਕ ਨੌਜਵਾਨ ਨੂੰ ਕਾਬੂ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐੱਸ. ਐੱਚ. ਓ. ਇੰਸਪੈਕਟਰ ਰਾਹੁਲ ਸ਼ਰਮਾ ਨੇ ਦੱਸਿਆ ਕਿ ਨਸ਼ਾ ਤਸਕਰੀ ਖ਼?ਲਾਫ਼ ਕਾਰਵਾਈ ਕਰਦੇ ਹੋਏ ਥਾਣਾ ਕੀਰਤਪੁਰ ਸਾਹਿਬ ਦੀ ਪੁਲਸ ਟੀਮ ਰੋਜ਼ਾਨਾ ਦੀ ਤਰ੍ਹਾਂ ਸ਼ੱਕੀ ਵਿਅਕਤੀਆਂ ਦੀ ਤਲਾਸ਼ ਅਤੇ ਚੈਕਿੰਗ ਦੇ ਸਬੰਧ ਵਿਚ ਸ਼ਾਮ ਵੇਲੇ ਬਾਬਾ ਗੁਰਦਿੱਤਾ ਜੀ ਐੱਸ. ਵਾਈ. ਐੱਲ. ਨਹਿਰ ਦੀ ਪਟੜੀ ਰਾਹੀਂ ਪਿੰਡ ਭਗਵਾਲਾ ਨੂੰ ਜਾ ਰਹੀ ਸੀ, ਜਦੋਂ ਪੁਲਸ ਪਾਰਟੀ ਬਾਹਦ ਪਿੰਡ ਭਟੋਲੀ ਨੇੜੇ ਪੁੱਜੀ ਤਾਂ ਇਕ ਨੌਜਵਾਨ ਨਹਿਰ ਦੇ ਕਿਨਾਰੇ ਆਪਣਾ ਮੋਟਰਸਾਈਕਲ ਸਟੈਂਡ 'ਤੇ ਲਗਾ ਕੇ ਖੜ੍ਹਾ ਸੀ, ਜੋਕਿ ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਘਬਰਾ ਗਿਆ ਅਤੇ ਆਪਣੀ ਜੇਬ ਵਿਚੋਂ ਕਾਲੇ ਰੰਗ ਦਾ ਲਿਫ਼ਾਫ਼ਾ ਬਾਹਰ ਕੱਢ ਕੇ ਸੜਕ ਕਿਨਾਰੇ ਸੁੱਟ ਦਿੱਤਾ। ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਨੌਜਵਾਨ ਨੂੰ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਪੁੱਛਗਿੱਛ ਦੌਰਾਨ ਉਸ ਨੇ ਆਪਣਾ ਨਾਮ ਰੋਹਿਤ ਹੀਰ ਵਾਸੀ ਪਿੰਡ ਬਾਠਕਲਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਦੱਸਿਆ ਅਤੇ ਲਿਫ਼ਾਫ਼ੇ ਵਿਚ ਹੈਰੋਇਨ ਹੋਣ ਬਾਰੇ ਦੱਸਿਆ। ਜਿਸ ਤੋਂ ਬਾਅਦ ਗਸਤ ਪਾਰਟੀ ਦੇ ਇੰਚਾਰਜ ਦੇ ਬਿਆਨਾਂ ਦੇ ਆਧਾਰ 'ਤੇ ਰੋਹਿਤ ਹੀਰ ਖ਼?ਲਾਫ਼ ਐੱਨ. ਡੀ. ਪੀ. ਐੱਸ. ਐਕਟ 22-61-85 ਦੇ ਤਹਿਤ ਮਾਮਲਾ ਦਰਜ ਕਰਕੇ ਮੌਕੇ ਉੱਪਰ ਸਮਰੱਥ ਅਧਿਕਾਰੀ ਵੱਲੋਂ ਪਹੁੰਚ ਕੇ ਸੜਕ ਕਿਨਾਰੇ ਸੁੱਟੇ ਲਿਫ਼ਾਫ਼ੇ ਦੀ ਜਾਂਚ ਕੀਤੀ ਗਈ ਜਿਸ ਵਿਚੋਂ 9 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਮੁਖੀ ਨੇ ਦੱਸਿਆ ਕਿ ਉਕਤ ਨੌਜਵਾਨ ਨੂੰ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ। ਜਿਸ ਨੂੰ ਅੱਜ ਮਾਣਯੋਗ ਅਦਾਲਤ ਵਿਚ ਪੇਸ਼ ਕਰ ਕੇ ਰਿਮਾਂਡ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਚੋਰੀਸ਼ੁਦਾ ਮੋਟਰਸਾਈਕਲਾਂ ਸਣੇ 2 ਵਿਅਕਤੀ ਗ੍ਰਿ.ਫਤਾਰ

ਟਾਂਡਾ ਉੜਮੁੜ 23 ਅਪ੍ਰੈਲ। ਟਾਂਡਾ ਪੁਲਸ ਦੀ ਟੀਮ ਨੇ ਦੋ ਵਿਅਕਤੀਆਂ ਨੂੰ ਚੋਰੀਸ਼ੁਦਾ 6 ਮੋਟਰਸਾਈਕਲਾਂ ਸਣੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਡੀ. ਐੱਸ. ਪੀ. ਟਾਂਡਾ ਸੁਖਪਾਲ ਸਿੰਘ ਨੇ ਪੁਲਸ ਟੀਮ ਦੀ ਇਸ ਪ੍ਰਾਪਤੀ ਬਾਰੇ ਪ੍ਰੈੱਸ ਕਾਨਫ਼ਰੰਸ ਦੌਰਾਨ ਜਾਣਕਾਰੀ ਦਿੱਤੀ ਹੈ । ਇਸ ਮੌਕੇ ਐੱਸ. ਐੱਚ. ਓ. ਗੁਰਿੰਦਰਜੀਤ ਸਿੰਘ ਨਾਗਰਾ ਵੀ ਮੌਜੂਦ ਸਨ । ਡੀ. ਐੱਸ .ਪੀ .ਨੇ ਦੱਸਿਆ ਕਿ ਗਸ਼ਤ ਦੌਰਾਨ ਮੁੱਖ ਸਿਪਾਹੀ ਤਲਵਿੰਦਰ ਸਿੰਘ ਕਿਸੇ ਮੁਖਬਰ ਦੀ ਸੂਚਨਾ ਦੇ ਅਧਾਰ ਤੇ ਸਿਨੇਮਾ ਚੌਂਕ ਟਾਂਡਾ ਨੇੜਿਓਂ ਇਕ ਵਿਅਕਤੀ ਨਵਦੀਪ ਸਿੰਘ ਉਰਫ਼ ਨਵੀਂ ਪੁੱਤਰ ਜਗਤਾਰ ਸਿੰਘ ਵਾਸੀ ਪੰਡੋਰੀ ਅਰਾਈਆਂ ਨੂੰ ਚੋਰੀ ਸ਼ੁਦਾ ਮੋਟਰਸਾਈਕਲ ਸਣੇ ਕਾਬੂ ਕੀਤਾ ਹੈ। ਇਸ ਮੁਲਜਮ ਕੋਲੋਂ ਪੁੱਛਗਿੱਛ ਦੌਰਾਨ ਉਸਦੀ ਨਿਸ਼ਾਨਦੇਹੀ ਤੇ ਜਿੱਥੇ ਪੁਲਸ ਨੇ ਉਸ ਵੱਲੋਂ ਵੱਖ ਵੱਖ ਸਥਾਨਾਂ ਤੋਂ ਚੋਰੀ ਕੀਤੇ 4 ਹੋਰ ਮੋਟਰਸਾਈਕਲ ਬਰਾਮਦ ਹੋਏ ਉੱਥੇ ਉਸਦੇ ਦੂਸਰੇ ਸਾਥੀ ਅਮਰਜੀਤ ਸਿੰਘ ਜੱਸੀ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਜੇਤਪੁਰ (ਚੱਬੇਵਾਲ )ਨੂੰ 1 ਚੋਰੀਸ਼ੁਦਾ ਮੋਟਰਸਾਈਕਲ ਸਣੇ ਕਾਬੂ ਕਰ ਲਿਆ ਗਿਆ । ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜਮਾਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ਅਤੇ ਰਿਮਾਂਡ ਮਿਲਣ 'ਤੇ ਇਨ੍ਹਾਂ ਕੋਲੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਲੋਂ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ ।

## ਈ-ਮੰਡੀਕਰਨ ਸਰਵਰ ਠੱਪ ਹੋਣ ਕਾਰਨ ਆੜ੍ਹਤੀਏ ਤੇ ਕਿਸਾਨ ਪ੍ਰੇਸ਼ਾਨ

ਹਾਜੀਪੁਰ 23 ਅਪ੍ਰੈਲ। ਹਾਜੀਪੁਰ ਅਤੇ ਆਸ-ਪਾਸ ਦੀਆਂ ਮੰਡੀਆਂ 'ਚ ਈ-ਮੰਡੀਕਰਨ ਦਾ ਸਰਵਰ ਸਹੀ ਤਰੀਕੇ ਨਾਲ ਕੰਮ ਨਾ ਕਰਨ ਕਾਰਨ ਆੜ੍ਹਤੀਆਂ ਅਤੇ ਕਿਸਾਨਾਂ 'ਚ ਭਾਰੀ ਰੋਸ ਪਾਇਆ ਗਿਆ। ਸਰਵਰ ਡਾਊਨ ਹੋਣ ਕਾਰਨ ਆੜ੍ਹਤੀਆਂ ਨੂੰ ਐਂਟਰੀਆਂ ਕਰਨ 'ਚ ਘੰਟਿਆਂ ਇੰਤਜ਼ਾਰ ਕਰਨਾ ਪੈਂਦਾ ਹੈ। ਕਿਸਾਨਾਂ ਦੀ ਜ਼ਮੀਨ ਦਾ ਡਾਟਾ ਪੋਰਟਲ 'ਤੇ ਅਪਡੇਟ ਨਾ ਹੋਣ ਕਾਰਨ ਫ਼ਸਲ ਦੀ ਖਰੀਦ ਪਾਉਣ 'ਚ ਦਿੱਕਤ ਆ ਰਹੀ ਹੈ। ਜੇਕਰ ਪੋਰਟਲ 'ਤੇ ਖਰੀਦ ਸਮੇਂ ਸਿਰ ਨਹੀਂ ਚੜ੍ਹਦੀ, ਤਾਂ ਕਿਸਾਨਾਂ ਦੇ ਖਾਤਿਆਂ 'ਚ ਪੈਸੇ ਆਉਣ 'ਚ ਵੀ ਦੇਰੀ ਹੋਣੀ ਤੈਅ ਹੈ। ਸਰਕਾਰ ਨੇ ਪਹਿਲਾਂ ਹੀ ਖਰੀਦ 17 ਅਪ੍ਰੈਲ ਤੋਂ ਸ਼ੁਰੂ ਕਰਕੇ ਦੇਰੀ ਕੀਤੀ ਹੈ ਅਤੇ ਹੁਣ ਤਕਨੀਕੀ ਖਾਮੀਆਂ ਕਾਰਨ ਕਿਸਾਨਾਂ ਅਤੇ ਆੜ੍ਹਤੀਆਂ ਦੀਆਂ ਮੁਸ਼ਕਿਲਾਂ ਹੋਰ ਵਧਾ ਦਿੱਤੀਆਂ ਹਨ। ਸਾਡੀ ਕੋਈ ਸੁਣਵਾਈ ਨਹੀਂ ਹੋ ਰਹੀ। ਕਿਸਾਨਾਂ ਅਤੇ ਆੜ੍ਹਤੀਆਂ ਜਿਨ੍ਹਾਂ 'ਚ ਆੜ੍ਹਤੀ ਪਰਮਵੀਰ ਸਿੰਘ ਢਾਡੇ ਕਟਵਾਲ, ਕਿਸਾਨ ਬਲਵੀਰ ਸਿੰਘ ਗੇਰਾ, ਸੁਰਿੰਦਰ ਸਿੰਘ ਭੱਲੋਵਾਲ, ਨਵਦੀਪ ਸਿੰਘ ਬੇਲਾ ਸਰਿਆਣਾਂ, ਜਸਵੀਰ ਸਿੰਘ ਅਜ਼ਮੇਰ ਅਤੇ ਸੁਰਿੰਦਰ ਸਿੰਘ ਨਿਕੂਚੱਕ ਨੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇਕਰ ਸਰਵਰ ਅਤੇ ਜ਼ਮੀਨ ਅਪਡੇਟ ਕਰਨ ਦੀ ਸਮੱਸਿਆ ਦਾ ਤੁਰੰਤ ਹੱਲ ਨਾ ਕੱਢਿਆ ਗਿਆ ਤਾਂ ਉਹ ਤਿੱਖਾ ਸੰਘਰਸ਼ ਵਿੱਢਣਗੇ।

## ਅੰਤਰਰਾਜੀ ਸਾਈਬਰ ਠੱਗ ਗਿਰੋਹ ਦਾ ਕੀਤਾ ਪਰਦਾਫਾਸ਼ ! 10 ਕਰੋੜ ਦੀ ਠੱਗੀ ਤੇ 200 ਬੈਂਕ ਖਾਤੇ ਬਰਾਮਦ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 23 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਭਦੋਹੀ ਜ਼ਿਲ੍ਹੇ ਦੀ ਪੁਲਸ ਨੇ ਇੱਕ ਵੱਡੇ ਸਾਈਬਰ ਧੋਖਾਧੜੀ ਗਿਰੋਹ ਦਾ ਪਰਦਾਫਾਸ਼ ਕਰਦਿਆਂ ਇਸ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਅਧਿਕਾਰੀਆਂ ਅਨੁਸਾਰ ਇਸ ਗਿਰੋਹ ਨੇ ਕਈ ਰਾਜਾਂ ਵਿੱਚ ਫੈਲੇ 200 ਤੋਂ ਵੱਧ ਬੈਂਕ ਖਾਤਿਆਂ ਦੀ ਵਰਤੋਂ ਕਰਕੇ ਲੋਕਾਂ ਨਾਲ 10 ਕਰੋੜ ਰੁਪਏ ਤੋਂ ਵੱਧ ਦੀ ਠੱਗੀ ਮਾਰੀ ਹੈ। ਪੁਲਸ ਸੁਪਰਡੈਂਟ (ਐਸ.ਪੀ.) ਅਭਿਨਵ ਤਿਆਗੀ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਉਦੋਂ ਸ਼ੁਰੂ ਹੋਈ ਜਦੋਂ ਗਿਆਨਪੁਰ ਦੇ ਇੱਕ ਰੇਹੜੀ-ਪਟੜੀ ਵਾਲੇ ਅਮਨ ਬਿੰਦ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਅਤੇ ਉਸ ਦੀ ਭੈਣ ਦੇ ਨਾਂ 'ਤੇ ਖੋਲ੍ਹੇ ਗਏ ਬੈਂਕ ਖਾਤਿਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਪੰਜ ਮੈਂਬਰੀ ਗਿਰੋਹ ਦਾ ਪਤਾ ਲੱਗਾ, ਜਿਸ ਵਿੱਚੋਂ ਅੰਸ਼ੁਲ ਮਿਸ਼ਰਾ, ਕਪਿਲ ਰਾਵਤ ਅਤੇ ਮੁਹੰਮਦ ਸ਼ੋਏਬ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦਕਿ ਅਸਤਿਤਵ ਵਰਮਾ ਉਰਫ ਰੌਣਕ ਅਤੇ ਧਰੁਵ



ਪਾਠਕ ਅਜੇ ਫਰਾਰ ਹਨ। ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਭੋਲੇ-ਭਾਲੇ ਲੋਕਾਂ ਨਾਲ ਦੋਸਤੀ ਕਰਦੇ ਸਨ ਅਤੇ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਤਹਿਤ ਕਰਜ਼ਾ ਦਿਵਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਦੇ ਬੈਂਕ ਖਾਤੇ ਖੁਲ੍ਹਵਾਉਂਦੇ ਸਨ। ਇਸ ਤੋਂ ਬਾਅਦ ਉਹ ਪੀੜਤਾਂ ਦੀਆਂ ਪਾਸਬੁੱਕਾਂ, ਏ.ਟੀ.ਐਮ. ਕਾਰਡ ਅਤੇ ਖਾਤਿਆਂ ਨਾਲ ਜੁੜੇ ਮੋਬਾਈਲ ਨੰਬਰ ਆਪਣੇ ਕਬਜ਼ੇ ਵਿੱਚ ਲੈ ਲੈਂਦੇ ਸਨ। ਇਨ੍ਹਾਂ ਖਾਤਿਆਂ ਦੀ ਜਾਣਕਾਰੀ ਵਟਸਐਪ, ਟੈਲੀਗ੍ਰਾਮ ਅਤੇ ਇੰਸਟਾਗ੍ਰਾਮ ਗਰੁੱਪਾਂ ਰਾਹੀਂ ਸਾਂਝੀ ਕੀਤੀ ਜਾਂਦੀ ਸੀ ਅਤੇ ਧੋਖਾਧੜੀ ਵਾਲੇ ਲੈਣ-ਦੇਣ ਲਈ ਏ.ਪੀ.ਕੇ. ਫਾਈਲਾਂ ਦੀ ਵਰਤੋਂ ਕੀਤੀ ਜਾਂਦੀ ਸੀ। ਮੁਲਜ਼ਮਾਂ ਕੋਲੋਂ ਬਰਾਮਦ ਕੀਤੇ ਚਾਰ ਐਂਡਰਾਇਡ ਫੋਨਾਂ ਦੇ ਡੇਟਾ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੇ ਉੱਤਰ ਪ੍ਰਦੇਸ਼, ਦਿੱਲੀ, ਰਾਜਸਥਾਨ ਅਤੇ ਝਾਰਖੰਡ ਵਿੱਚ ਧੋਖਾਧੜੀ ਨੂੰ ਅੰਜਾਮ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਖਾਤਿਆਂ ਵਿਰੁੱਧ ਰਾਸ਼ਟਰੀ ਸਾਈਬਰ ਅਪਰਾਧ ਰਿਪੋਰਟਿੰਗ ਪੋਰਟਲ 'ਤੇ ਪਹਿਲਾਂ ਹੀ 545 ਸ਼ਿਕਾਇਤਾਂ ਦਰਜ ਸਨ। ਠੱਗੀ ਦੀ ਰਕਮ ਏ.ਟੀ.ਐਮ., ਪੈਟਰੋਲ ਪੰਪਾਂ ਅਤੇ ਕ੍ਰਿਪਟੋਕਰੰਸੀ ਚੈਨਲਾਂ ਰਾਹੀਂ ਕਢਵਾਈ ਜਾਂਦੀ ਸੀ। ਗ੍ਰਿਫਤਾਰ ਕੀਤੇ ਗਏ ਸਾਰੇ ਮੁਲਜ਼ਮਾਂ ਦੀ ਉਮਰ 19 ਤੋਂ 21 ਸਾਲ ਦੇ ਵਿਚਕਾਰ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਜਾਰੀ ਹੈ।

### ਟਾਂਡਾ ਦੇ ਪਿੰਡ ਸ਼ਹਿਬਾਜ਼ਪੁਰ 'ਚੋਂ ਨਾਜਾਇਜ਼ ਸ਼ਰਾਬ ਸਣੇ ਔਰਤ ਕਾਬੂ

ਟਾਂਡਾ ਉੜਮੜ 23 ਅਪ੍ਰੈਲ। ਟਾਂਡਾ ਪੁਲਸ ਦੀ ਟੀਮ ਨੇ ਪਿੰਡ ਸਹਿਬਾਜ਼ਪੁਰ ਦੇ ਮੋੜ ਨੇੜਿਓਂ 1 ਔਰਤ ਨੂੰ ਨਾਜਾਇਜ਼ ਸ਼ਰਾਬ ਸਣੇ ਗ੍ਰਿਫਤਾਰ ਕੀਤਾ ਹੈ। ਐੱਸ. ਐੱਚ. ਓ. ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਅਤੇ ਡੀ. ਐੱਸ.ਪੀ. ਸੁਖਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਨਸ਼ੇ ਖਿਲਾਫ ਵਿੱਢੀ ਮੁਹਿੰਮ ਤਹਿਤ ਏ.ਐੱਸ.ਆਈ. ਨਰੇਸ਼ ਕੁਮਾਰ ਦੀ ਟੀਮ ਨੇ ਇਹ ਸਫਲਤਾ ਹਾਸਲ ਹੋਈ ਹੈ। ਉਨ੍ਹਾਂ ਦੱਸਿਆ ਕਿ ਜਦੋਂ ਟੀਮ ਪਿੰਡ ਪੁਲ ਪੁਖਤਾ ਵੱਲ ਗਸ਼ਤ ਕਰ ਰਹੀ ਸੀ ਤਾਂ ਖੁਸ਼ਬੂ ਪਤਨੀ ਅਮਿਤ ਵਾਸੀ ਮੁਹੱਲਾ ਵਿਜੇ ਨਗਰ ਨੇੜੇ ਬਿਜਲੀ ਘਰ ਟਾਂਡਾ ਨੂੰ 15 ਹਜ਼ਾਰ ਮਿਲੀਲੀਟਰ ਨਾਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਗਿਆ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਕੌਮੀ ਪਤ੍ਰਿਕਾ

# ਸ਼ੱਕ ਨੇ ਉਜਾੜਿਆ ਘਰ, ਪਤੀ ਨੇ ਪਤਨੀ ਨੂੰ ਗਲ ਘੁੱਟ ਕੇ ਮਾਰਿਆ, ਪੁਲਿਸ ਵੱਲੋਂ ਪਤੀ ਗੁਰਪ੍ਰੀਤ ਗ੍ਰਿਫਤਾਰ

**ਮਾਛੀਵਾੜਾ ਸਾਹਿਬ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਕੱਲ੍ਹ ਮਾਛੀਵਾੜਾ ਸਾਹਿਬ ਦੇ ਇਲਾਕ? ਵਿਚ ਇਕ ਦਰਦਨਾਕ ਘਟਨਾ ਵਾਪਰੀ ਜਿੱਥੇ ਦੋ ਮਾਸੂਮ ਬੱਚਿਆਂ ਦੇ ਸਿਰ ਤੋਂ ਮਾਂ ਦਾ ਸਾਇਆ ਉੱਠ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪਤੀ ਵੱਲੋਂ ਆਪਣੀ ਪਤਨੀ ਦੇ ਚਰਿੱਤਰ ਤੇ ਸ਼ੱਕ ਕਰਨ ਕਾਰਣ ਇੱਕ ਹੱਸਦਾ ਵਸਦਾ ਘਰ ਤਬਾਹ ਹੋ ਗਿਆ। ਨੇੜਲਾ ਪਿੰਡ ਮੰਡ ਸੁੱਖੇਵਾਲ ਵਿਖੇ ਅੱਜ ਬਾਅਦ ਦੁਪਹਿਰ ਇੱਕ ਨੌਜਵਾਨ ਨੇ ਆਪਣੀ ਪਤਨੀ ਦਾ ਗਲਾ ਘੁੱਟ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਗੁਰਪ੍ਰੀਤ ਸਿੰਘ ਜੋ ਕੰਬਾਈਨ ਚਲਾਉਣ ਦਾ ਕੰਮ ਕਰਦਾ ਹੈ ਤੇ ਉਸ ਦਾ 11 ਸਾਲ ਪਹਿਲਾਂ ਰਾਜਵਿੰਦਰ ਕੌਰ ਨਾਲ ਪ੍ਰੇਮ ਵਿਆਹ ਹੋਇਆ ਸੀ। ਪਤੀ ਗੁਰਪ੍ਰੀਤ ਸਿੰਘ ਨੂੰ ਸ਼ੱਕ ਸੀ ਕਿ ਉਸਦੀ ਪਤਨੀ ਕਿਸੇ ਹੋਰ ਵਿਅਕਤੀ ਨਾਲ ਫੋਨ ਤੇ ਗੱਲਾਂ ਕਰਦੀ ਹੈ, ਜਦਕਿ ਪਤਨੀ ਵੀ ਆਪਣੇ ਪਤੀ ਤੇ ਸ਼ੱਕ ਕਰਦੀ ਸੀ ਕਿ ਉਹ ਵੀ ਕਿਸੇ ਹੋਰ ਲੜਕੀ ਨਾਲ ਫੋਨ ਤੇ ਗੱਲਾਂ ਕਰਦਾ ਹੈ। ਜਿਸ ਕਾਰਨ ਉਹਨਾਂ ਦੋਵਾਂ ਵਿਚਕਾਰ ਕਾਫੀ ਘਰੇਲੂ ਕਲੇਸ਼ ਚਲਦਾ ਸੀ। ਅੱਜ ਕਲੇਸ਼ ਇੰਨਾ ਵੱਧ ਗਿਆ ਕਿ ਪਤੀ ਗੁਰਪ੍ਰੀਤ ਸਿੰਘ ਆਪਣੀ ਪਤੀ ਨੂੰ ਸਮਝਾਉਂਦਾ ਰਿਹਾ ਕਿ ਉਹ ਕਿਸੇ ਨਾਲ ਫੋਨ ਤੇ ਗੱਲਾਂ ਨਾ ਕਰੇ ਇਸ ਝਗੜੇ ਦਾ ਅੰਤ ਹੋਇਆ ਕਿ ਪਤੀ ਨੇ ਆਪਣੀ ਪਤਨੀ ਦਾ ਗਲਾ ਘੁੱਟ ਕੇ ਘਰ ਵਿੱਚ ਹੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਘਟਨਾ ਸਮੇਂ ਪਤੀ ਪਤਨੀ ਘਰ ਵਿੱਚ ਇਕੱਲੇ ਸਨ ਜਦ ਕਿ ਉਸਦੇ ਮਾਤਾ ਪਿਤਾ ਕਿਤੇ ਕੰਮ ਗਏ ਹੋਏ ਸਨ। ਕਤਲ ਕਰਨ ਪਿੱਛੋਂ ਉਸ ਨੇ ਆਪਣੀ ਇਸ ਘਟਨਾ ਦੀ ਸੂਚਨਾ ਪਤੀ ਨੇ ਆਪਣੇ ਦੋਸਤ ਨੂੰ ਦਿੱਤੀ ਤੇ ਪੁਲਿਸ ਨੂੰ ਖੁਦ ਹੀ ਫੋਨ ਕੀਤਾ ਕਿ ਮੈਂ ਪੁਲਿਸ ਸਟੇਸ਼ਨ ਆ ਰਿਹਾ।

ਘਟਨਾ ਦੀ ਸੂਚਨਾ ਮਿਲਦੇ ਹੀ ਡੀਐਸਪੀ ਪ੍ਰਿਤਪਾਲ ਸਿੰਘ ਥਾਣਾ ਮੁਖੀ ਪਵਿੱਤਰ ਸਿੰਘ ਵੀ ਮੌਕੇ ਤੇ ਪਹੁੰਚ ਗਏ ਤੇ ਉਹਨਾਂ ਨੇ ਲਾਸ਼ ਨੂੰ ਕਬਜ਼ੇ ਚ ਲੈ ਲਿਆ।ਡੀਐਸਪੀ ਨੇ ਦੱਸਿਆ ਕਿ ਸਾਰਾ ਮਾਮਲਾ ਸਪੱਸ਼ਟ ਹੈ ਕਿ ਗੁਰਪ੍ਰੀਤ ਸਿੰਘ ਆਪਣੀ ਪਤਨੀ ਰਾਜਵਿੰਦਰ ਕੌਰ ਦੇ ਚਰਿੱਤਰ ਤੇ ਸ਼ੱਕ ਕਰਦਾ ਸੀ ਤੇ ਇਹ ਘਰੇਲੂ ਕਲੇਸ਼ ਇਨਾ ਵੱਧ ਗਿਆ ਕਿ ਅੱਜ ਇਹਨਾਂ ਵਿੱਚੋਂ ਇੱਕ ਦੀ ਜਾਨ ਚਲੀ ਗਈ।

ਉਹਨਾਂ ਕਿਹਾ ਕਿ ਲਾਸ਼ ਨੂੰ ਕਬਜ਼ੇ ਚ ਲੈ ਲਿਆ ਗਿਆ ਹੈ ਅਤੇ ਗੁਰਪ੍ਰੀਤ ਸਿੰਘ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਮ੍ਰਿਤਕ ਰਾਜਵਿੰਦਰ ਕੌਰ ਅਤੇ ਉਸਦੇ ਪਤੀ ਗੁਰਪ੍ਰੀਤ ਸਿੰਘ ਦੇ ਦੋ ਛੋਟੇ ਬੱਚੇ ਜੋ ਕਿ ਬੇਹੱਦ ਮਾਸੂਮ ਅਤੇ ਘਬਰਾਏ ਹੋਏ ਦਿਖਾਈ ਦੇ ਰਹੇ ਸਨ ਕਿ ਉਹਨਾਂ ਦੇ ਘਰ ਕੀ ਭਾਣਾ ਵਾਪਰ ਗਿਆ। ਡੀ.ਐਸ.ਪੀ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣ ਤੋਂ ਬਾਅਦ ਜਲਦ ਹੀ ਇੱਥੇ ਦੋਸ਼ੀ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ

**ਕਤਲ ਕਰਨ ਤੋਂ ਬਾਅਦ ਵੀਡੀਓ ਬਣਾ ਕੇ ਆਪਣੇ ਦੋਸਤ ਨੂੰ ਭੇਜੀ**

ਗੁਰਪ੍ਰੀਤ ਸਿੰਘ ਨੇ ਜਦੋਂ ਆਪਣੀ ਪਤਨੀ ਰਾਜਵਿੰਦਰ ਦਾ ਕਤਲ ਕਰ ਦਿੱਤਾ ਤਾਂ ਉਸਦੀ ਵੀਡੀਓ ਬਣਾ ਕੇ ਆਪਣੇ ਦੋਸਤ ਨੂੰ ਭੇਜੀ ਕਿ ਉਸਨੇ ਆਪਣੀ ਪਤਨੀ ਦੇ ਚਰਿੱਤਰ ਤੇ ਸ਼ੱਕ ਕਰਦਾ ਸੀ ਤੇ ਕਤਲ ਕਰ ਦਿੱਤਾ ਹੈ। ਇਹ ਸਾਰੀ ਸੂਚਨਾ ਪੁਲਿਸ ਨੂੰ ਮਿਲੀ ਤਾਂ ਤੁਰੰਤ ਮਾਛੀਵਾੜਾ ਪੁਲਿਸ ਵੀ ਮੌਕੇ ਤੇ ਪਹੁੰਚ ਗਈ। ਜਾਣਕਾਰੀ ਇਹ ਵੀ ਮਿਲੀ ਹੈ ਕਿ ਕਤਲ ਕਰਨ ਤੋਂ ਬਾਅਦ ਗੁਰਪ੍ਰੀਤ ਸਿੰਘ ਮਾਛੀਵਾੜਾ ਥਾਣਾ ਵੱਲ ਨੂੰ ਚਲਾ ਗਿਆ ਕਿ ਤਾਂ ਜੋ ਉੱਥੇ ਜਾ ਕੇ ਆਪ ਪੇਸ਼ ਹੋ ਜਾਵੇ।

# ਦੇਵ ਮਾਨ ਨੇ ਪਿੰਡ ਬਾਬਰਪੁਰ ਦੇ ਸਕੂਲ ਵਿੱਚ ਸਾਇੰਸ ਲੈਬ ਦਾ ਕੀਤਾ ਉਦਘਾਟਨ



**ਨਾਭਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਸਿੱਖਿਆ ਨੂੰ ਉੱਚਾ ਚੁੱਕਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਹਨ ਜਿਸ ਤਹਿਤ ਸਿੱਖਿਆ ਕ੍ਰਾਂਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਪੰਜਾਬ ਦੇ ਸਕੂਲਾਂ ਨੂੰ ਸਰਕਾਰ ਵੱਲੋਂ ਲਗਾਤਾਰ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਜਿਸ ਨਾਲ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਵੱਲੋਂ ਹਲਕਾ ਨਾਭਾ ਦੇ ਪਿੰਡ ਬਾਬਰਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਇੰਸ ਲੈਬ ਦਾ ਉਦਘਾਟਨ ਕਰਨ ਉਪਰੰਤ ਕੀਤਾ ਉਹਨਾਂ ਦੱਸਿਆ ਕਿ ਸਕੂਲ ਵਿੱਚ ਨਵੀਂ ਸਾਇੰਸ ਲੈਬ ਬਣਾਈ ਗਈ ਹੈ ਜਿਸ ਵਿੱਚ ਆਧੁਨਿਕ ਤਕਨਾਲੋਜੀ ਦੇ ਉਪਕਰਨ ਇਸ ਲੈਬ ਵਿੱਚ ਰੱਖੇ ਗਏ ਜਿਸ ਨਾਲ ਵਿਦਿਆਰਥੀਆਂ ਨੂੰ ਸਿੱਖਿਆ ਵਿੱਚ ਸਹਿਯੋਗ ਮਿਲੇਗਾ ਉਨ੍ਹਾਂ ਦੱਸਿਆਂ ਕਿ ਆਉਂਣ ਵਾਲੇ ਦਿਨਾਂ ਵਿੱਚ ਇਸ ਸਕੂਲ ਵਿੱਚ ਕੰਮਾਂ ਲਈ ਹੋਰ ਗ੍ਰਾਂਟ ਜਾਰੀ ਕੀਤੀ ਜਾਵੇਗੀ ਇਸ ਮੌਕੇ ਉਨਾਂ ਦੇ ਨਾਲ ਪ੍ਰਿੰਸੀਪਲ ਸ਼ੈਲਿੰਦਰ ਸ਼ਰਮਾ ਲੈਕਚਰਾਰ, ਰਜਿੰਦਰ ਕੌਰ ਸਾਇੰਸ ਮਾਸਟਰ, ਮਨਦੀਪ ਸਿੰਘ, ਸਾਇੰਸ ਮਾਸਟਰ, ਹਰਿੰਦਰ ਸਿੰਘ ਸਾਇੰਸ ਮਿਸਟਰਸ, ਅਨੁਰਾਧਾ, ਬਲਜਿੰਦਰ ਕਪੂਰ, ਸੁਦੇਸ਼ ਕੁਮਾਰ, ਮਾਸਟਰ ਅਮਰੀਕ ਸਿੰਘ, ਗੱਗੀ ਸਰਪੰਚ ਬਾਬਰਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ ਵਾਈਸ ਚੇਅਰਮੈਨ, ਪਰਗਟ ਸਿੰਘ, ਰਣਬੀਰ ਸਿੰਘ ਕਾਲਾ, ਅੰਮ੍ਰਿਤਪਾਲ ਸਿੰਘ, ਸਿਮਰਨ ਅੜਕ ਚੌਹਾਨ, ਸਕੂਲ ਸਟਾਫ, ਜਸਵੀਰ ਸਿੰਘ ਵਜੀਦਪੁਰ, ਅਰਮਾਨ ਨਾਭਾ, ਵਿਦਿਆਰਥੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਤਿੱਖੀ ਧੁੱਪ ਤੋਂ ਬੱਚਣ ਲਈ ਦੁਪਿਹਰ ਵੇਲੇ ਘਰ ਤੋਂ ਬਾਹਰ ਘੱਟ ਤੋਂ ਘੱਟ ਨਿਕਲਿਆ ਜਾਵੇ : ਸਿਵਲ ਸਰਜਨ ਡਾ.ਸ਼ੈਲੀ ਜੇਤਲੀ

**ਪਟਿਆਲਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਜ ਵਿੱਚ ਇਸ ਗਰਮੀ ਦੇ ਮੌਸਮ ਦੌਰਾਨ ਲਗਾਤਾਰ ਦਿਨ ਦਾ ਤਾਪਮਾਨ ਵੱਧ ਰਿਹਾ ਹੈ, ਮੌਸਮ ਵਿਭਾਗ ਵੱਲੋਂ ਵੀ ਅਗਲੇ ਦਿਨਾਂ ਵਿੱਚ ਅਚਾਨਕ ਤਾਪਮਾਨ ਦੇ ਵੱਧਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਲਈ ਗਰਮੀ ਤੋਂ ਬਚਣ ਬਾਰੇ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਪਟਿਆਲਾ ਡਾ. ਸ਼ੈਲੀ ਜੇਤਲੀ ਨੇ ਕਿਹਾ ਕਿ ਗਰਮੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਤਰਲ ਪਦਾਰਥਾਂ ਜਿਵੇਂ ਲੱਸੀ, ਪਾਣੀ, ਨਿੰਬੂ-ਪਾਣੀ, ਨਾਰੀਅਲ ਪਾਣੀ ਆਦਿ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ। ਜੇਕਰ ਹੋ ਸਕੇ ਤਾਂ ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਤਰਬੂਜ਼, ਖਰਬੂਜ਼ਾ, ਸੰਤਰਾ, ਖੀਰੇ, ਟਮਾਟਰ ਆਦਿ ਵੱਧ ਪਾਣੀ ਵਾਲੇ ਪਦਾਰਥਾਂ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ। ਤਿੱਖੀ ਧੁੱਪ ਤੋਂ ਬੱਚਣ ਲਈ ਦੁਪਿਹਰ ਵੇਲੇ ਘਰ ਤੋਂ ਬਾਹਰ ਘੱਟ ਤੋਂ ਘੱਟ ਨਿਕਲਿਆ ਜਾਵੇ। ਜੇਕਰ ਦੁਪਹਿਰ ਵੇਲੇ ਕਿਸੇ ਕੰਮ ਕਰਕੇ ਬਾਹਰ ਜਾਣਾ ਪੈ ਜਾਂਦਾ ਹੈ ਤਾਂ ਕੋਸ਼ਿਸ਼ ਕਰੋ ਕਿ ਕੁੱਝ ਸਮਾਂ ਠੰਡੀ ਥਾਂ ਜਿਵੇਂ ਕਿ ਰੁੱਖ ਹੇਠਾਂ ਬੈਠਿਆ ਜਾਵੇ। ਗਰਮੀ ਦੇ ਦਿਨਾਂ ਦੌਰਾਨ ਹਮੇਸ਼ਾਂ ਹਲਕੇ ਰੰਗ ਦੇ ਕਪੜੇ ਪਾਏ ਜਾਣ।ਉਹਨਾਂ ਦੱਸਿਆ ਕਿ ਨਵ ਜੰਮੇ ਬੱਚਿਆਂ, ਮੋਟਾਪੇ ਤੋਂ ਪੀੜਤ ਲੋਕਾਂ, ਮਾਨਸਿਕ ਰੂਪ ਵਿੱਚ ਬੀਮਾਰ ਲੋਕਾਂ, ਦਿਲ ਦੇ ਰੋਗਾਂ ਤੋਂ ਪੀੜਤ ਵਿਅਕਤੀ, ਬਜੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਗਰਮੀ ਲੱਗਣ ਦਾ ਜਿਆਦਾ ਖਤਰਾ ਹੁੰਦਾ ਹੈ, ਇਸ ਲਈ ਗਰਮੀ ਦੇ ਦਿਨਾਂ ਵਿਚ ਬੱਚਿਆਂ, ਬਜੁਰਗਾਂ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਨ ਰਖਿਆ ਜਾਵੇ। ਉਹਨਾਂ ਦੱਸਿਆ ਕਿ ਹੀਟਸਟਰੋਕ ਦੇ ਮਰੀਜਾਂ ਦੀ ਸੰਭਾਲ ਲਈ ਜਿਲ੍ਹਾ ਹਸਪਤਾਲ ਅਤੇ ਸਿਵਲ ਹਸਪਤਾਲ ਰਾਜਪੁਰਾ, ਸਮਾਨਾ ਅਤੇ ਨਾਭਾ ਵਿਖੇ ਵੱਖਰੇ ਬੇਡਾਂ ਦਾ ਪ੍ਰਬੰਧ ਕੀਤਾ ਗਿਆ ਹੈ।

ਜਿਲਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਗਰਮੀ ਲੱਗਣ ਨਾਲ ਸ਼ਰੀਰ ਤੇ ਪਿੱਤ, ਚੱਕਰ ਆਉਣੇ, ਬਹੁਤ ਪਸੀਨਾਂ ਆਉਣਾ ਤੇ ਥਕਾਨ ਹੋਣਾ, ਸਿਰ ਦਰਦ ਤੇ ਉਲਟੀਆਂ ਲਗਣੀਆਂ, ਚਮੜੀ ਦਾ ਲਾਲ ਹੋਣਾ ਤੇ ਖੁਸ਼ਕ ਹੋਣਾ,ਬੇਚੈਨੀ, ਚਿੜਚਿੜਾਪਣ, ਦਿਲ ਦੀ ਧੜਕਣ ਦਾ ਵੱਧਣਾ ਆਦਿ ਵਰਗੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ ਅਤੇ ਕਈ ਵਾਰੀ ਗਰਮੀ ਲੱਗਣ ਨਾਲ ਮਾਸ਼ਪੇਸ਼ੀਆਂ ਵਿਚ ਵੀ ਕਮਜੋਰੀ ਆ ਜਾਂਦੀ ਹੈ। ਜਿਸ ਨਾਲ ਵਿਅਕਤੀ ਥੋੜਾ ਜਿਹਾ ਕੰਮ ਕਰਨ ਤੇ ਵੀ ਬਹੁਤ ਜ਼ਿਆਦਾ ਥਕਾਨ ਮਹਿਸੂਸ ਕਰਦਾ ਹੈ। ਗਰਮੀ ਦੇ ਮੌਸਮ ਵਿੱਚ ਕੜਕਦੀ ਧੁੱਪ ਵਿੱਚ ਲੇਬਰ ਦਾ ਕੰਮ ਕਰ ਰਹੇ ਵਿਅਕਤੀਆਂ ਵਿੱਚ ਕਈ ਵਾਰੀ ਹੀਟ ਸਟਰੋਕ ਦੀ ਪ੍ਰੇਸ਼ਾਨੀ ਆਉਂਦੀ ਹੈ, ਜੋ ਕਿ ਜਾਨ ਲੇਵਾ ਵੀ ਹੋ ਸਕਦੀ ਹੈ। ਇਸ ਲਈ ਕੜਕਦੀ ਧੁੱਪ ਚ ਲੰਮੇ ਸਮੇਂ ਕੰਮ ਤੋਂ ਗੁਰੇਜ਼ ਕੀਤਾ ਜਾਵੇ। ਜਰੂਰਤ ਪੈਣ ਤੇ ਮੁਫਤ ਐਂਬੂਲੈਂਸ ਸੇਵਾ ਲਈ ਟੋਲ ਫ੍ਰੀ ਨੰਬਰ 108 ਅਤੇ ਸਿਹਤ ਸਬੰਧੀ ਵਧੇਰੇ ਜਾਣਕਾਰੀ ਲਈ ਟੋਲ ਫ੍ਰੀ ਨੰਬਰ 104 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੇਵਾਦਾਰ ਰਾਕੇਸ਼ ਬੱਗਾ ਵੱਲੋਂ ਲੋਕ ਸੇਵਾ ਲਗਾਤਾਰ ਜਾਰੀ



**ਸਨੌਰ,23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸਨੌਰ ਤੋਂ ਆਜ਼ਾਦ ਉਮੀਦਵਾਰ ਵੱਜੋਂ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਹੇ ਸੇਵਾਦਾਰ ਰਾਕੇਸ਼ ਬੱਗਾ ਜਿਨਾਂ ਨੇ ਨਸ਼ੇ ਖਿਲਾਫ ਅਤੇ ਖੇਡਾਂ ਵੱਲ ਨੌਜਵਾਨਾਂ ਨੂੰ ਉਤਸਾਹਿਤ ਕਰਨ ਲਈ ਖੇਡਾਂ ਦਾ ਸਮਾਨ ਵੰਡਿਆ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਇਸ ਤੋਂ ਇਲਾਵਾ ਲੋੜਵੰਦ ਗਰੀਬ ਪਰਿਵਾਰਾ ਦੇ ਘਰ ਦੀਆਂ ਛੱਤਾਂ ਦੀ ਉਸਾਰੀ ਵੀ ਕਰਵਾਈ ਗਈ। ਸੇਵਾਦਾਰ ਰਾਕੇਸ਼ ਬੱਗਾ ਅਜ਼ਾਦ ਉਮੀਦਵਾਰ ਦੇ ਦਾਵੇਦਾਰ ਪਿੰਡ ਪਿੰਡ ਗਲੀ ਗਲੀ ਜਾ ਕੇ ਜਨਤਾ ਨੂੰ ਮਿਲ ਰਹੇ ਹਨ ਇਸ ਦੌਰਾਨ ਰਾਕੇਸ਼ ਬੱਗਾ ਪਿੰਡ ਸਫੈੜਾ ਪਹੁੰਚੇ ਕਿਹਾ ਕਿ ਹਲਕਾ ਸਨੌਰ ਅੰਦਰ ਪਿੰਡਾ ਦੇ ਲੋਕਾਂ ਨੂੰ ਮਿਲ ਰਿਹਾ ਹਾਂ। ਪ੍ਰੰਤੂ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਪਿਛਲੇ ਲੰਬੇ ਸਮੇਂ ਅਕਾਲੀ ਦਲ ਅਤੇ ਕਾਂਗਰਸ ਨੇ ਰਾਜ ਕੀਤਾ ਹੈ ਪ੍ਰੰਤੂ ਕੋਈ ਵੱਡੇ ਪੱਧਰ ਤੇ ਵਿਕਾਸ ਕਾਰਜ ਨਹੀਂ ਕੀਤੇ। ਏਸੇ ਤਰ੍ਹਾਂ ਆਪ ਪਾਰਟੀ ਚਾਰ ਸਾਲਾਂ ਚ ਵਿਕਾਸ ਦੇਵੱਡੇ ਦਾਅਵੇ ਕਰਦੀ ਹੈ ਉਥੇ ਹੀ ਇਹ ਪਾਰਟੀ ਫੈਲ ਨਜ਼ਰ ਆਈ ਹੈ।ਹਲਕਾ ਸਨੌਰ ਅੰਦਰ ਹੁਣ ਤੱਕ ਅਕਾਲੀਦਲ, ਕਾਂਗਰਸ ਤੇ ਮੌਜੂਦਾ ਆਪ ਸਰਕਾਰ ਦੇ ਚਾਰ ਸਾਲ ਬੀਤ ਜਾਣ ਮਗਰੋਂ ਇਕ ਫਾਇਰ ਬ੍ਰਿਗੇਡ ਸੈਂਟਰ ਤੱਕ ਨਹੀਂ ਲਿਆ ਸਕੇ। ਹਲਕਾ ਸਨੌਰ ਦੇ ਲੋਕੀ ਇਹਨਾਂ ਪਾਰਟੀਆਂ ਤੋਂ ਨਿਰਾਸ ਹਨ। ਇਸ ਤੋਂ ਇਲਾਵਾ ਪਿੰਡ ਵਾਸੀਆਂ ਨੇ ਪਾਣੀ ਦੀ ਸਮਸਿਆਵਾਂ, ਸੜਕਾਂ ਦੀ ਖਰਾਬ ਹਾਲਤ ਅਤੇ ਹੋਰ ਬੁਨਿਆਦੀ ਸੁਵਿਧਾਵਾਂ ਦੀਆ ਘਾਟਾ ਬਾਰੇ ਅਪਣੇ ਵਿਚਾਰ ਸਾਂਝੇ ਕੀਤੇ। ਸੇਵਾਦਾਰ ਰਾਕੇਸ਼ ਬੱਗਾ ਨੇ ਪਿੰਡ ਨਿਵਾਸੀਆ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀਆ ਸਮਸਿਆਵਾਂ ਨੂੰ ਸਬੰਧਤ ਵਿਭਾਗਾ ਤਕ ਪਹੁੰਚਾਉਣ ਦਾ ਪੂਰਾ ਯਤਨ ਕਰਨਗੇ। ਰਾਕੇਸ਼ ਬੱਗਾ ਨੇ ਕਿਹਾ ਕਿ ਲੋਕਾਂ ਚ ਰਹਿ ਕੇ ਉਨ੍ਹਾਂ ਦੀਆ ਮੁਸ਼ਕਿਲਾਂ ਸੁਣਨਾ ਹੀ ਅਸਲ ਸੇਵਾ ਹੈ ਇਸ ਨੂੰ ਅਪਣੀ ਜਿੰਮੇਵਾਰੀ ਸਮਝਦੇ ਹਨ। ਪਿੰਡ ਵਾਸੀਆਂ ਵੱਲੋਂ ਵੀ ਰਾਕੇਸ਼ ਬੱਗਾ ਦੇ ਇਸ ਯਤਨ ਦੀ ਸ਼ਲਾਘਾ ਕੀਤੀ ਅਤੇ ਉਮੀਦ ਜਤਾਈ ਕਿ ਉਹ ਅੱਗੇ ਵੀ ਏਸੇ ਤਰ੍ਹਾਂ ਲੋਕਾਂ ਨਾਲ ਜੁੜੇ ਰਹਿਣਗੇ

# ਹੁਨਰ ਸਿੱਖਿਆ ਦੇ ਤਹਿਤ ਲੱਗੇ ਆਊਟਸੋਰਸ ਅਧਿਆਪਕਾਂ ਨੂੰ ਨਹੀਂ ਮਿਲੀ ਮਾਰਚ ਮਹੀਨੇ ਦੀ ਤਨਖਾਹ



**ਪਟਿਆਲਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਦੋਂ ਦੀ ਆਮ ਆਦਮੀ ਪਾਰਟੀ ਸਰਕਾਰ ਸੱਤਾ ਵਿੱਚ ਆਈ ਹੈ ਉਦੋਂ ਤੋਂ ਹੀ ਮੁਲਾਜ਼ਮ ਆਪਣੀਆਂ ਤਨਖਾਹਾਂ ਧਰਨੇ ਮੁਜ਼ਾਹਰੇ ਕਰਕੇ ਹੀ ਲੈਣ ਯੋਗ ਹੋ ਰਹੇ ਹਨ। ਮੁਲਾਜ਼ਮਾਂ ਦਾ 16% ਡੀਏ, ਪੇ ਕਮਿਸ਼ਨ ਦਾ ਬਕਾਇਆ ਪੁਰਾਣੀ ਪੈਨਸ਼ਨ ਇਹ ਸਾਰੇ ਸਰਕਾਰ ਵੱਲੋਂ ਕੀਤੇ ਵਾਅਦੇ ਹੁਣ ਤੱਕ ਧਰੇ ਧਰਾਏ ਰਹਿ ਗਏ ਹਨ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ ਸਕੱਤਰ ਪਰਮਜੀਤ ਸਿੰਘ ਪਟਿਆਲਾ ਨੇ ਦੱਸਿਆ ਕਿ ਹੁਨਰ ਸਿੱਖਿਆ ਦੇ ਤਹਿਤ ਆਊਟਸੋਰਸ ਅਧਿਆਪਕਾਂ ਨੂੰ ਦੋ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ। ਉਹਨਾਂ ਕਿਹਾ ਕਿ ਮਾਰਚ ਅਤੇ ਅਪ੍ਰੈਲ ਦਾ ਮਹੀਨਾ ਮੁਲਾਜ਼ਮਾਂ ਲਈ ਬਹੁਤ ਅਹਿਮ ਮਹੀਨਾ ਹੁੰਦਾ ਹੈ। ਇਹਨਾਂ ਮਹੀਨਿਆਂ ਵਿੱਚ ਬੱਚਿਆਂ ਦੀਆਂ ਸਕੂਲਾਂ ਦੀਆਂ ਫੀਸਾਂ, ਦਾਖਲੇ, ਬੱਚਿਆਂ ਦੀ ਵਰਦੀ ਦੀ ਖਰੀਦ,ਕਣਕ ਖਰੀਦਣੀ, ਇਨਕਮ ਟੈਕਸ ਰਿਟਰਨਾਂ ਦੇ ਬਕਾਏ ਆਦਿ ਕਈ ਖਰਚੇ ਹੁੰਦੇ ਹਨ। ਇਸ ਦੇ ਨਾਲ ਹੀ ਵੱਧਦੀ ਮਹਿੰਗਾਈ ਕਰਕੇ ਵੀ ਇਨੀ ਘੱਟ ਤਨਖਾਹ ਵਿੱਚ ਵੀ ਆਮ ਆਦਮੀ ਦਾ ਗੁਜ਼ਾਰਾ ਬਹੁਤ ਔਖਾ ਹੈ। ਪਰ ਸਰਕਾਰ ਬਿਲਕੁਲ ਹੀ ਮੁਲਾਜ਼ਮ ਵਿਰੋਧੀ ਸਾਬਤ ਹੋ ਰਹੀ ਹੈ। ਸਰਕਾਰ ਬਿਨਾਂ ਤਨਖਾਹ ਦਿੱਤੇ ਅਧਿਆਪਕਾਂ ਤੋਂ ਸਿੱਖਿਆ ਕ੍ਰਾਂਤੀ ਲਿਆਉਣ ਦੇ ਚੱਕਰਾਂ ਵਿੱਚ ਹੈ। ਉਹਨਾਂ ਕਿਹਾ ਕਿ ਹੁਣ ਤੱਕ ਇਹ ਸਿੱਖਿਆ ਕ੍ਰਾਂਤੀ ਝੂਠੀ ਫਰਜ਼ੀ ਤੇ ਇਸ਼ਤਿਹਾਰੀ ਸਿੱਖਿਆ ਕ੍ਰਾਂਤੀ ਸਾਬਤ ਹੋਈ ਹੈ ਆਗੂਆਂ ਨੇ ਕਿਹਾ ਕਿ ਜੇਕਰ ਇਹਨਾਂ ਅਧਿਆਪਕ ਮੁਲਾਜ਼ਮਾਂ ਨੂੰ ਛੇਤੀ ਤਨਖਾਹ ਨਾ ਦਿੱਤੀ ਗਈ ਤਾਂ ਸਰਕਾਰ ਖਿਲਾਫ ਗੌਰਮਿੰਟ ਟੀਚਰਜ਼ ਯੂਨੀਅਨ ਦੇ ਝੰਡੇ ਹੇਠ ਅਧਿਆਪਕ ਵੱਡੇ ਸੰਘਰਸ਼ ਉਲੀਕਣਗੇ।ਇਸ ਸਮੇਂ ਕਮਲ ਨੈਨ, ਦੀਦਾਰ ਸਿੰਘ ਪਟਿਆਲਾ, ਹਿੰਮਤ ਸਿੰਘ ਖੋਖ, ਜਗਪ੍ਰੀਤ ਸਿੰਘ ਭਾਟੀਆ, ਹਰਪ੍ਰੀਤ ਸਿੰਘ ਉੱਪਲ, ਹਰਦੀਪ ਸਿੰਘ ਪਟਿਆਲਾ, ਵਿਕਾਸ ਸਹਿਗਲ, ਜਸਵਿੰਦਰ ਪਾਲ ਸ਼ਰਮਾ ਨਾਭਾ, ਗੁਰਪ੍ਰੀਤ ਸਿੰਘ ਸਿੱਧੂ, ਗੁਰਵਿੰਦਰ ਸਿੰਘ ਖੰਗੂੜਾ,ਭੀਮ ਸਿੰਘ ਸਮਾਣਾ, ਹਰਵਿੰਦਰ ਸਿੰਘ ਖੱਟੜਾ, ਰਜਿੰਦਰ ਜਵੰਦਾ, ਮਨਦੀਪ ਕਾਲੇਕੇ, ਗੁਰਵਿੰਦਰ ਸਿੰਘ ਜਨਹੇੜੀਆਂ, ਨਿਰਭੈ ਸਿੰਘ ਘਨੌਰ, ਟਹਿਬੀਰ ਸਿੰਘ, ਸਪਿੰਦਰਜੀਤ ਸ਼ਰਮਾ ਧਨੇਠਾ, ਰਾਜਿੰਦਰ ਸਿੰਘ ਰਾਜਪੁਰਾ, ਡਾ. ਬਲਜਿੰਦਰ ਸਿੰਘ ਪਠੋਣੀਆ, ਬੱਬਣ ਭਾਦਸੋਂ, ਸ਼ਿਵਪ੍ਰੀਤ ਸਿੰਘ ਪਟਿਆਲਾ, ਹੁਨਰ ਸਿੱਖਿਆ ਤਹਿਤ ਲੱਗੇ ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ, ਗੌਰਵ ਤੇ ਸੁਮਿਤ ਸਾਥੀ ਵੀ ਹਾਜ਼ਰ ਰਹੇ।

# ਖੂਨਦਾਨ ਲੋੜਵੰਦ ਮਰੀਜ਼ਾਂ ਲਈ ਜ਼ਿੰਦਗੀ ਹੈ: ਮਾਜਰੀ, ਢਿਲੋਂ, ਜੌੜਾਮਾਜਰਾ

## ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਨੇ 344ਵਾਂ ਰੈਗੂਲਰ ਖੂਨਦਾਨ ਕੈਂਪ ਲਗਾਇਆ



**ਪਟਿਆਲਾ, 23 ਅਪ੍ਰੈਲ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਲੋੜਵੰਦ ਮਰੀਜ਼ਾਂ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਚ 344ਵਾਂ ਰੈਗੂਲਰ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਰਸਮੀ ਉਦਘਾਟਨ ਸੀਨੀਅਰ ਆਗੂ ਰਛਪਾਲ ਸਿੰਘ ਜੌੜਾਮਾਜਰਾ ਨੇ 63 ਸਾਲ ਦੀ ਉਮਰ ਵਿਚ ਖੁਦ 21ਵੀਂ ਵਾਰ ਖੂਨਦਾਨ ਕਰਕੇ ਕੀਤਾ, ਜਦੋਂਕਿ ਇੰਦਰਜੀਤ ਸਿੰਘ ਫੁੱਟਬਾਲ ਕੋਚ ਨੇ 41ਵੀਂ ਵਾਰ, ਰਵਿੰਦਰ ਸਿੰਘ ਭਾਂਖਰ ਨੇ 38ਵੀਂ ਵਾਰ, ਅਵਤਾਰ ਸਿੰਘ ਬਲਬੇੜਾ ਨੇ 36ਵੀਂ ਵਾਰ, ਮਲੂਕ ਸਿੰਘ ਨਿਦਾਮਪੁਰ ਨੇ 16ਵੀਂ ਵਾਰ, ਹਰਿੰਦਰ ਸਿੰਘ ਪਟਿਆਲਾ, ਇੰਜੀਨੀਅਰ ਨਵਜੋਤ ਸਿੰਘ ਪਟਿਆਲਾ, ਗੁਰਮੀਤ ਸਿੰਘ ਖੇੜੀਗੁੱਜਰਾਂ, ਐਡਵੋਕੇਟ ਪ੍ਰਿੰਸ ਵਰਮਾ, ਮੱਖਣ ਸਿੰਘ ਤੇ ਪ੍ਰਿਤਪਾਲ ਸਿੰਘ ਕਾਕੜਾ ਤੇ ਅਮਰਿੰਦਰ ਸਿੰਘ ਫਤਹਿਪੁਰ ਨੇ ਵੀ ਖੂਨਦਾਨ ਕੀਤਾ। ਵਲੰਟੀਅਰਾਂ ਦੀ ਹੌਂਸਲਾ ਅਫਜਾਈ ਕਰਨ ਲਈ ਗੋਲਡਨ ਸਟਾਰ ਬਲੱਡ ਡੋਨਰ ਅਤੇ ਸਾਬਕਾ ਡੀ. ਐਸ. ਪੀ. ਨਾਹਰ ਸਿੰਘ ਮਾਜਰੀ, ਪ੍ਰਿੰਸੀਪਲ ਬਲਵੰਤ ਸਿੰਘ ਢਿਲੋਂ, ਸਬ-ਇੰਸਪੈਕਟਰ ਸਾਹਿਬ ਸਿੰਘ ਵਿਰਕ ਅਤੇ ਅੰਤਰ ਰਾਸ਼ਟਰੀ ਸਿੱਖਿਆ ਸਾਸ਼ਤਰੀ ਅਨਿਲ ਭਾਰਤੀ ਵਿਸ਼ੇਸ਼ ਤੌਰ ਤੇ ਪਹੁੰਚੇ, ਜਿਨ੍ਹਾਂ ਨੇ ਖੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕਰਦਿਆਂ ਕਿਹਾ ਕਿ ਨੌਜਵਾਨਾਂ ਵੱਲੋਂ ਖੂਨਦਾਨ ਕਰਨਾ ਸ਼ਲਾਘਾਯੋਗ ਹੈ, ਖੂਨਦਾਨ ਲੋੜਵੰਦ ਮਰੀਜ਼ਾਂ ਲਈ ਜਿੰਦਗੀ ਹੈ। ਉਨ੍ਹਾਂ ਕਿਹਾ ਕਿ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਪਿਛਲੇ 14 ਸਾਲਾਂ ਤੋਂ ਬਲੱਡ ਬੈਂਕ ਵਿਚ ਖੂਨਦਾਨ ਕੈਂਪ ਲਗਾ ਕੇ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਵਿਚ ਸ਼ਲਾਘਾਯੋਗ ਸਹਿਯੋਗ ਕਰ ਰਹੇ ਹਨ। ਜਿਸ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਇਸ ਮੌਕੇ ਮਿਸ਼ਨ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਯੂਥ ਆਗੂ ਹਰਮੀਤ ਸਿੰਘ ਬਡੂੰਗਰ, ਭਾਈ ਜਰਨੈਲ ਸਿੰਘ ਝੰਡੀ, ਨਿਸ਼ਾਂਤ ਭਾਰਦਵਾਜ, ਰਣਜੀਤ ਸਿੰਘ, ਕਿਰਪਾਲ ਸਿੰਘ ਪੰਜੋਲਾ, ਬਲਬੀਰ ਸਿੰਘ ਸਨੌਰੀ ਤੇ ਅਵਤਾਰ ਸਿੰਘ ਰੱਖੜਾ ਵੀ ਹਾਜ਼ਰ ਸਨ।

# 29ਵਾਂ ਮੂਰਤੀਆਂ ਸਥਾਪਨਾ ਦਿਵਸ ਪ੍ਰਾਚੀਨ ਸ਼ਿਵ ਮੰਦਿਰ ਸਫਾਬਾਦੀ ਗੇਟ ਵਿੱਚ ਧੂਮ ਧਾਮ ਨਾਲ ਮਨਾਇਆ



**ਪਟਿਆਲਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਹ ਪ੍ਰਾਚੀਨ ਸ਼ਿਵ ਮੰਦਿਰ ਦਾ ਨਵ ਨਿਰਮਾਣ ਜੈ ਮਾਂ ਨਿਸ਼ਕਾਮ ਸਭਾ ਰਜਿ: ਦੇ ਚੇਅਰਮੈਨ ਸਵ: ਲਾਲ ਮੇਲਾ ਰਾਮ ਅਹੁਜਾ ਜੀ ਅਤੇ ਪ੍ਰਧਾਨ ਸਤਨਾਮ ਹਸੀਜਾ ਅਤੇ ਸਾਰੇ ਜੈ ਮਾਂ ਨਿਸ਼ਕਾਮ ਸਭਾ ਦੇ ਮੈਂਬਰਾਂ ਵੱਲੋਂ ਤਨ—ਮਨ—ਧਨ ਨਾਲ ਸੇਵਾ ਕਰਕੇ 1996 ਵਿੱਚ ਨਵ ਨਿਰਮਾਣ ਸ਼ੁਰੂ ਕਰਵਾਇਆ ਅਤੇ ਅਕਸ਼ ਤੀਥੀ ਵਾਲੇ ਦਿਨ 1997 ਵਿੱਚ ਮੂਰਤੀਆਂ ਸਥਾਪਨਾ ਕਰਵਾਈ ਗਈ। ਸਵ: ਲਾਲ ਮੇਲਾ ਰਾਮ ਅਹੁਜਾ ਜੀ ਦਾ ਪੁੱਤਰ ਰਮੇਸ਼ ਅਹੁਜਾ ਵਲੋਂ ਵੀ ਵੱਧ ਚੜ੍ਹ ਕੇ ਸੇਵਾ ਕੀਤੀ ਜਾ ਰਹੀ ਹੈ। ਅੱਜ ਅਕਸ਼ੇ ਤੀਥੀ ਵਾਲੇ ਦਿਨ ਵੀ ਮੂਰਤੀ ਸਥਾਪਨਾ ਦਿਵਸ ਵਜੋਂ ਕੀਰਤਨ ਅਤੇ ਲੰਗਰ ਵਰਤਾਇਆ ਗਿਆ। ਇਹ ਲੰਗਰ ਦੀ ਰਾਸ਼ਨ ਸੇਵਾ ਜੈ ਸਾਈ ਫਾਊਂਡੇਸ਼ਨ ਵਲੋਂ ਕਰਵਾਈ ਗਈ। ਇਸ ਮੰਦਿਰ ਦੇ ਵਿੱਚ ਲਗਭਗ ਸਾਰੇ ਵਾਰ ਤਿਉਹਾਰ ਬੜੀ ਸ਼ਰਧਾ ਨਾਲ ਮਨਾਏ ਜਾਂਦੇ ਹਨ। ਮੰਦਿਰ ਦੇ ਨੀਚੇ—ਉੱਪਰ ਹਾਲ ਹੈ।

ਲੋਕਾਂ ਦੀ ਜਨ ਸੇਵਾ ਲਈ ਪਾਠ ਆਦਿ, ਲੰਗਰ ਆਦਿ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ। ਕੁੱਝ ਸਮੇਂ ਪਹਿਲਾਂ ਤੋਂ ਏ.ਸੀ. ਹਾਲ ਬਣਾਇਆ ਗਿਆ ਹੈ। ਸੰਨ 2002 ਤੋਂ ਇਹ ਸੰਸਥਾ ਵੀਰ ਜੀ ਦੀਆਂ ਮੜ੍ਹੀਆਂ ਵਿੱਚ ਮਹਾਂ ਸ਼ਿਵਰਾਤਰੀ ਦਾ ਉਤਸਵ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ ਅਤੇ ਮਾਮਾ—ਭਾਣਜਾ ਪਾਰਟੀ ਦੇ ਭਜਨ ਗਾਇਕ ਜਗਾਧਰੀ ਤੋਂ ਆਉਂਦੇ ਹਨ ਅਤੇ ਕੀਰਤਨ ਕਰਦੇ ਹਨ ਅਤੇ ਭੰਡਾਰਾ ਵੀ ਵਰਤਾਇਆ ਜਾਂਦਾ ਹੈ। 30 ਸਾਲ ਤੋਂ ਇਹ ਸੰਸਥਾ ਦਿਨ—ਰਾਤ ਇੱਕ ਕਰਕੇ ਸਮਾਜ ਦੇ ਸਾਰੇ ਦੁੱਖ ਸੁੱਖ ਵਿੱਚ ਖੜੀ ਹੈ।

# ਆਟੋ ਯੂਨੀਅਨ ਵਲੋਂ ਵਾਲਮੀਕਿ ਸਤਿਸੰਗ, ਵਿਦਿਆ ਸਾਮਗਰੀ ਵੰਡ ਸਮਾਰੋਹ ਤੇ ਮੈਡੀਕਲ ਕੈਂਪ ਆਯੋਜਿਤ



**ਪਟਿਆਲਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵਾ ਖੇਤਰ ਵਿੱਚ ਅਹਿਮ ਅਤੇ ਮੋਹਰੀ ਭੂਮਿਕਾ ਨਿਭਾਉਣ ਵਾਲੀ ਸੰਸਥਾ ਜੈ ਭੀਮ ਆਟੋ ਅਤੇ ਈ—ਰਿਕਸ਼ਾ ਯੂਨੀਅਨ ਵਲੋਂ ਪ੍ਰਧਾਨ ਵਿਸ਼ਾਲ ਕੁਮਾਰ, ਜਨਰਲ ਸਕੱਤਰ ਵਿਨੇ ਕੁਮਾਰ, ਕੈਸ਼ੀਅਰ ਸ਼ਿਵਮ ਕੁਮਾਰ ਅਰੋੜਾ ਅਤੇ ਸੰਦੀਪ ਦੀ ਦੇਖ ਰੇਖ ਵਿੱਚ ਭਾਵਾਧਸ ਦੇ ਸਹਿਯੋਗ ਨਾਲ ਪਟਿਆਲਾ ਦੇ ਲਾਹੌਰੀ ਗੇਟ ਸਥਿਤ ਗਾਂਧੀ ਨਗਰ ਵਿਖੇ ਸੰਵਿਧਾਨ ਨਿਰਮਾਤਾ, ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੇ 135ਵੇਂ ਜਨਮ ਦਿਵਸ ਨੂੰ ਸਮਰਪਿਤ ਭਗਵਾਨ ਵਾਲਮੀਕਿ ਸਤਿਸੰਗ, ਵਿਦਿਆ ਸਾਮਰਾਜੀ ਵੰਡ ਸਮਾਰੋਹ ਅਤੇ ਮੈਡੀਕਲ ਕੈਂਪ ਦੇ ਆਯੋਜਨ ਕਰਵਾਏ ਗਏ। ਜਿਸ ਦੌਰਾਨ ਭਾਵਾਧਸ ਦੇ ਸਰਵ ਉੱਚ ਨਿਰਦੇਸ਼ਕ ਵੀਰ ਨਰੇਸ਼ ਧੀਂਗਾਨ, ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਅਮਰਿੰਦਰ ਸਿੰਘ ਬਜਾਜ, ਵਲੋਂ ਮੁੱਖ ਮਹਿਮਾਨ ਅਤੇ ਸ਼੍ਰੋਮਣੀ ਅਕਾਲੀ ਦਲ ਐਸ.ਸੀ. ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਨਰੇਸ਼ ਕੁਮਾਰ ਨਿੰਦੀ ਵਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਗਈ। ਇਨ੍ਹਾਂ ਤੋਂ ਇਲਾਵਾ ਸ਼ੀਤਲ ਅਦਿਵੰਸੀ ਲੁਧਿਆਣਾ, ਭਾਵਾਧਸ ਦੇ ਜਿਲਾ ਪ੍ਰਧਾਨ ਵੀਰ ਰਾਜ ਕੁਮਾਰ ਬਾਲੀ, ਸੰਤ ਰਮੇਸ਼ ਵਿਕਲ, ਡਾ. ਅੰਬੇਡਕਰ ਲਾਈਬ੍ਰੇਰੀ ਅਤੇ ਸਟੱਡੀ ਸਰਕਲ ਦੇ ਪ੍ਰਧਾਨ ਹੇਮ ਰਾਜ ਭੱਟੀ, ਫਕੀਰ ਚੰਦ, ਕੁਲਦੀਪ ਸਿੰਘ ਮੱਟੂ, ਵਾਲਮੀਕਿ ਧਰਮ ਸਭਾ ਦੇ ਪ੍ਰਧਾਨ ਵਿਨੇ ਪਰੋਚੇ, ਹਿਊਮਨ ਰਾਇਟਸ ਸਰਵਿਸ ਦੇ ਪ੍ਰਧਾਨ ਜਤਿੰਦਰ ਕੁਮਾਰ ਸ਼ਰਮਾ, ਪਵਨ ਕੁਮਾਰ ਰਿਟਾਇਰਡ ਐਸ.ਐਸ.ਪੀ., ਤੇ ਜ਼ੋਨੀ ਅੱਟਵਾਲ, ਰੋਹਿਤ ਅੱਟਵਾਲ, ਰਾਜੇਸ਼ ਬੱਗਣ, ਕੁਸ਼ਵਿੰਦਰ ਕਲਿਆਣ ਆਦਿ ਅਹਿਮ ਸਖਸ਼ੀਅਤਾਂ ਵਲੋਂ ਵੀ ਹਾਜਰੀ ਲਗਵਾਈ ਗਈ। ਜਿੱਥੇ ਭਗਵਾਨ ਵਾਲਮੀਕਿ ਸਤਿਸੰਗ ਦੌਰਾਨ ਮਸ਼ੀਨਰੀ ਗਾਇਕ ਅਰੁਨ ਧਾਲੀਵਾਲ, ਆਸ਼ੂ ਸਹੋਤਾ ਅਤੇ ਜ਼ਸਵਿੰਦਰ ਬੋਬੀ ਵਲੋਂ ਸ਼ਰਧਾਲੂਆਂ ਨੂੰ ਭਜਨਾ ਰਾਹੀਂ ਭਗਤੀ ਰੰਗ ਰਗਿਆ ਗਿਆ, ਉੱਥੇ ਹੀ 300 ਜਰੂਰਤਮੰਦ ਵਿਦਿਆਰਥੀ ਬੱਚਿਆਂ ਨੂੰ ਸਕੂਲ ਬੈਗ, ਕਾਪੀਆਂ ਵੰਡੀਆ, ਡਾ. ਮਨਪ੍ਰੀਤ ਸਿੰਘ ਦੀ ਟੀਮ ਵਲੋਂ ਕੈਂਪ ਵਿੱਚ ਮਰੀਜਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਯੂਨੀਅਨ ਆਗੂ ਵਿਕਰਮਜੀਤ ਸਿੰਘ ਬਿੱਲਾ, ਦਿਪਕ ਕਲਿਆਣ, ਸੰਜੀਵ ਕੁਮਾਰ ਮੰਜੂ, ਸ਼ਿਵਾ, ਸ਼ੁਭਾਸ਼, ਵਿੱਕੀ ਅਤੇ ਇਨ੍ਹਾਂ ਤੋਂ ਇਲਾਵਾ ਰਿਸ਼ੀ ਕੁਮਾਰ, ਸੋਨੀ ਕੁਮਾਰ, ਕੁਲਵਿੰਦਰ ਸਿੰਘ, ਜ਼ਸਵੀਰ ਖਾਨ, ਜੱਜ ਸਿੰਘ, ਰੋਹਿੰਤ ਕੁਮਾਰ, ਗੌਰਵ ਕੁਮਾਰ, ਸੁਮਿੱਤ ਕੁਮਾਰ, ਗੁਰਵਿੰਦਰ ਸਿੰਘ ਮਨੀ, ਗੁਰਦੀਪ ਸਿੰਘ, ਰਾਜ ਕੁਮਾਰ ਲੱਕੀ ਆਦਿ ਵੱਲੋਂ ਭਲਾਈ ਕਾਰਜਾਂ ਵਿੱਚ ਸਹਿਯੋਗ ਕੀਤਾ ਗਿਆ।

# ਸੀ ਟੀ ਯੂਨੀਵਰਸਿਟੀ 'ਚ ਵਿਸ਼ਵ ਲਿਵਰ ਦਿਵਸ ਮੌਕੇ ਵਿਸ਼ੇਸ਼ ਲੈਕਚਰ, ਅੰਗ ਦਾਨ ਤੇ ਲਿਵਰ ਸਿਹਤ 'ਤੇ ਜਾਗਰੂਕਤਾ



**ਲੁਧਿਆਣਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਟੀ ਯੂਨੀਵਰਸਿਟੀ ਦੇ ਸਕੂਲ ਆਫ ਐਲਾਇਡ ਐਂਡ ਹੈਲਥਕੇਅਰ ਸਾਇੰਸਿਜ਼ ਵੱਲੋਂ ਵਿਸ਼ਵ ਲਿਵਰ ਦਿਵਸ ਮੌਕੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ, ਜਿਸਦਾ ਮਕਸਦ ਲਿਵਰ ਸਿਹਤ ਅਤੇ ਅੰਗ ਦਾਨ ਬਾਰੇ ਜਾਗਰੂਕਤਾ ਫੈਲਾਉਣਾ ਸੀ। ਡੀਐਮਸੀਐਚ ਦੇ ਚੀਫ ਲਿਵਰ ਟ੍ਰਾਂਸਪਲਾਂਟ ਸਰਜਨ ਡਾ. ਗੁਰਸਾਗਰ ਨੇ ਸਿਹਤਮੰਦ ਜੀਵਨ ਸ਼ੈਲੀ ਅਤੇ ਲਿਵਰ ਬਿਮਾਰੀਆਂ ਤੋਂ ਬਚਾਅ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।

ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਅੰਗ ਦਾਨ ਦੀ ਮਹੱਤਤਾ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਨਾਲ ਕਈ ਜਾਨਾਂ ਬਚਾਈਆਂ ਜਾ ਸਕਦੀਆਂ ਹਨ, ਜਦਕਿ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਨੇ ਨੌਜਵਾਨਾਂ ਨੂੰ ਸਮਾਜਿਕ ਬਦਲਾਅ ਲਈ ਅੱਗੇ ਆਉਣ ਦੀ ਅਪੀਲ ਕੀਤੀ।ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਅੰਤ ਵਿੱਚ ਸਾਰਿਆਂ ਨੇ ਅੰਗ ਦਾਨ ਦਾ ਸੰਕਲਪ ਵੀ ਲਿਆ। ਇਹ ਪ੍ਰੋਗਰਾਮ ਜਾਣਕਾਰੀ ਭਰਪੂਰ ਅਤੇ ਪ੍ਰੇਰਣਾਦਾਇਕ ਸਾਬਤ ਹੋਇਆ।

# ਬੇਅਦਬੀ ਕਾਨੂੰਨ ਪਾਸ ਹੋਣ ਨਾਲ ਕਾਨੂੰਨ-ਵਿਵਸਥਾ ਅਤੇ ਧਾਰਮਿਕ ਸਨਮਾਨ ਨੂੰ ਹੋਰ ਮਜ਼ਬੂਤ ਕਰੇਗਾ : ਸੰਧੂ



**ਸਨੌਰ,23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਵਿਰੁੱਧ ਲਿਆਂਦਾ ਗਿਆ ਬਿੱਲ ਹੁਣ ਕਾਨੂੰਨ ਦਾ ਰੂਪ ਧਾਰ ਚੁੱਕਾ ਹੈ। ਮਾਨਯੋਗ ਰਾਜਪਾਲ ਵੱਲੋਂ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਕਾਨੂੰਨ ਲਾਗੂ ਹੋ ਗਿਆ ਹੈ, ਜਿਸਨੂੰ ਧਾਰਮਿਕ ਆਸਥਾ ਅਤੇ ਮਰਿਆਦਾ ਦੀ ਰੱਖਿਆ ਵੱਲ ਇਕ ਅਹਿਮ ਅਤੇ ਇਤਿਹਾਸਕ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਹਲਕਾ ਸਨੌਰ ਤੋਂ ਸੀਨੀਅਰ 'ਆਪ' ਆਗੂ ਇੰਦਰਜੀਤ ਸਿੰਘ ਸੰਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਇਹ ਬਿੱਲ ਹੁਣ ਕਾਨੂੰਨੀ ਰੂਪ ਵਿੱਚ ਲਾਗੂ ਹੋ ਗਿਆ ਹੈ, ਜੋ ਸੂਬੇ ਵਿੱਚ ਕਾਨੂੰਨ-ਵਿਵਸਥਾ ਅਤੇ ਧਾਰਮਿਕ ਸਨਮਾਨ ਨੂੰ ਹੋਰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਦੇ ਤਹਿਤ ਬੇਅਦਬੀ ਦੇ ਮਾਮਲਿਆਂ 'ਤੇ ਸਖ਼ਤ ਨਿਗਰਾਨੀ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਕੜੀਆਂ ਸਜ਼ਾਵਾਂ ਦਿੱਤੀਆਂ ਜਾਣਗੀਆਂ।

ਸੰਧੂ ਨੇ ਕਿਹਾ ਕਿ ਉਹ ਅੱਜ ਇਸ ਫ਼ੈਸਲੇ ਨਾਲ ਬਹੁਤ ਖੁਸ਼ ਹਨ ਅਤੇ ਇਹ ਕਾਨੂੰਨ ਉਨ੍ਹਾਂ ਤਾਕਤਾਂ ਲਈ ਸਖ਼ਤ ਜਵਾਬ ਹੈ, ਜੋ ਧਰਮ ਦੇ ਨਾਂ 'ਤੇ ਸਮਾਜ ਵਿੱਚ ਫੁਟ ਪਾਉਣ ਦੀ ਕੋਸ਼ਿਸ਼ ਕਰਦੀਆਂ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਅੱਜ ਤੋਂ 11 ਸਾਲ ਪਹਿਲਾਂ 2015 ਚ ਜਦੋਂ ਉਹਨਾਂ ਸ਼੍ਰੋਮਣੀ ਅਕਾਲੀ ਦਲ ਨੂੰ ਛੱਡਿਆ ਸੀ ਤਾਂ ਇਹ ਫੈਸਲਾ ਪੂਰੇ ਸੰਧੂ ਪਰਿਵਾਰ ਲਈ ਬੜਾ ਔਖਾ ਅਤੇ ਕਠਿਨ ਫੈਸਲਾ ਸੀ, ਇਹ ਉਹਨਾਂ ਲਈ ਪ੍ਰੀਖਿਆ ਦੀ ਘੜੀ ਸੀ ਕਿਉਂ ਸੰਧੂ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਕੇ ਬਹੁਤ ਦੁਖੀ ਸੀ ਕਿਉਂ ਕਿ ਅਕਾਲੀ ਰਾਜ ਚ ਇਸਦਾ ਕੋਈ ਠੋਸ ਹੱਲ ਨਾ ਹੋ ਪਾਇਆ ਉਲਟਾ ਕੋਟਕਪੂਰਾ ਗੋਲੀ ਕਾਂਡ ਨੇ ਸਾਰਾ ਮਨ ਹੀ ਉਖੇੜ ਕੇ ਰੱਖ ਦਿੱਤਾ ਤੇ ਤਿੰਨ ਪੀੜ੍ਹੀਆਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਪਰਿਵਾਰ ਨੇ ਆਪਣੇ ਆਪ ਨੂੰ ਅਲੱਗ ਕਰ ਲਿਆ

ਸੰਧੂ ਨੇ ਦੱਸਿਆ ਕਿ ਅਕਾਲੀ ਦਲ ਨੂੰ ਛੱਡਣ ਤੋਂ ਬਾਅਦ ਵੱਡਾ ਸਵਾਲ ਇਹ ਸੀ ਕਿ ਇੰਦਰਜੀਤ ਸੰਧੂ ਅਤੇ ਪਰਿਵਾਰ ਹੁਣ ਕਿਸ ਪਾਰਟੀ ਵਿੱਚ ਸ਼ਾਮਲ ਹੋਵੇਗਾ ਤੇ ਅਖੀਰ ਦਸੰਬਰ 2015 ਨੂੰ ਪਟਿਆਲਾ ਰਾਜਪੁਰਾ ਰੋਡ ਤੇ ਸਥਿੱਤ ਯਸ਼ ਪੈਲੇਸ ਚ ਲੱਗਭੱਗ ਆਪਣੇ 700-800 ਸਮਰਥਕਾਂ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਇਆ। ਸੰਧੂ ਨੇ ਆਖਿਆ ਕਿ ਬੇਅਦਬੀਆਂ ਦੀ ਘਟਨਾ ਨੂੰ ਅੱਜ ਲੱਗਭੱਗ 11 ਸਾਲ ਬੀਤ ਚੁੱਕੇ ਹਨ ਪਰ ਅੱਜ ਪੰਜਾਬ ਅੰਦਰ ਭਗਵੰਤ ਸਿੰਘ ਮਾਨ ਦੀ ਅਗਵਾਈ ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਵਿਧਾਨ ਸਭਾ ਅੰਦਰ ਕਾਨੂੰਨ ਬਣਿਆ ਹੈ ਜੋ ਬੇਅਦਬੀ ਕਰਨ ਵਾਲੇ ਦੋਸ਼ੀਆਂ ਲਈ ਉਮਰ ਕੈਦ ਤੱਕ ਦਾ ਪ੍ਰਬੰਧ ਕਰਦਾ ਹੈ।

# ਕੱਲਾ ਕੱਲਾ ਦਾਣਾ ਮੰਡੀਆਂ ' ਚੋਂ ਚੁੱਕ ਕੇ ਤੁਰੰਤ ਕਿਸਾਨਾਂ ਦੇ ਖਾਤੇ ਵਿੱਚ ਭੁਗਤਾਨ ਪਹੁੰਚੇਗਾ : ਲਾਲ ਚੰਦ ਕਟਾਰੂਚੱਕ

**ਪਟਿਆਲਾ, 23 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗਾਂ ਦੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦਾਣਾ ਮੰਡੀ ਨਾਭਾ ਦਾ ਦੌਰਾ ਕੀਤਾ ਅਤੇ ਮੰਡੀ ਵਿੱਚ ਕਣਕ ਖਰੀਦ ਦੀ ਪ੍ਰਕਿਰਿਆ ਦਾ ਗਹਿਰਾਈ ਨਾਲ ਜਾਇਜ਼ਾ ਲਿਆ।

ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਮੰਡੀ ਵਿੱਚ ਕਿਸੇ ਵੀ ਕਿਸਮ ਦੀ ਦਿੱਕਤ ਨਾ ਹੋਵੇ, ਜਿਸ ਦੀ ਸਖ਼ਤ ਹਦਾਇਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਤੀ ਸੀ।

ਮੰਤਰੀ ਸ੍ਰੀ ਕਟਾਰੂਚੱਕ ਨੇ ਦੱਸਿਆ ਕਿ ਇਸ ਸਾਲ ਪੰਜਾਬ ਸਰਕਾਰ ਦਾ ਕਣਕ ਖਰੀਦਣ ਦਾ ਟੀਚਾ 122 ਲੱਖ ਮੀਟ੍ਰਿਕ ਟਨ ਰੱਖਿਆ ਗਿਆ ਹੈ। ਇਸ ਟੀਚੇ ਨੂੰ ਪੂਰਾ ਕਰਨ ਲਈ ਸਰਕਾਰ ਨੇ ਸਾਰੇ ਇੰਤਜ਼ਾਮ ਪੂਰੇ ਕਰ ਲਏ ਹਨ। ਓਹਨਾ ਕਿਹਾ, ਚੁਣੌਤੀਆਂ ਦੇ ਬਾਵਜੂਦ ਪੰਜਾਬ ਸਰਕਾਰ ਨੇ ਕਣਕ ਖਰੀਦ ਸਬੰਧੀ ਸੁਚਾਰੂ ਪ੍ਰਕਿਰਿਆ ਕਾਇਮ ਕੀਤੀ।

ਉਨ੍ਹਾਂ ਨੇ ਕਿਹਾ ਕਿ ਹੁਣ ਤੱਕ ਪੰਜਾਬ ਦੀਆਂ ਮੰਡੀਆਂ ਵਿੱਚ 39 ਲੱਖ ਮੀਟ੍ਰਿਕ ਟਨ ਫਸਲ ਆ ਚੁੱਕੀ ਹੈ, ਜਿਸ ਵਿੱਚੋਂ 34 ਲੱਖ ਮੀਟ੍ਰਿਕ ਟਨ ਕਣਕ ਖਰੀਦੀ ਜਾ ਚੁੱਕੀ ਹੈ। ਮੰਤਰੀ ਨੇ ਅੱਗੋਂ ਕਿਹਾ ਕਿ ਇਸ ਦੌਰਾਨ ਕਿਸਾਨਾਂ ਨੂੰ ਮੰਡੀ ਵਿੱਚ ਕੋਈ ਵੀ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਸਾਰੀਆਂ ਮੰਡੀਆਂ ਵਿੱਚ ਖਰੀਦ ਪ੍ਰਕਿਰਿਆ ਬਹੁਤ ਹੀ ਸੁਚਾਰੂ ਅਤੇ ਤੁਰੰਤ ਚੱਲ ਰਹੀ ਹੈ, ਜਿਸ ਨਾਲ ਕਿਸਾਨਾਂ ਨੂੰ ਆਪਣੇ ਦਾਣੇ ਦਾ ਪੂਰਾ ਮੁੱਲ ਅਤੇ ਸਮੇਂ 'ਤੇ ਭੁਗਤਾਨ ਮਿਲ ਰਿਹਾ ਹੈ।

ਮੰਤਰੀ ਸ੍ਰੀ ਕਟਾਰੂਚੱਕ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਦੌਰਾਨ ਕਿਸਾਨਾਂ ਨੂੰ ਕਈ ਵਾਰ ਆਪਣੀ ਫਸਲ ਦੇ ਬਦਲੇ ਭੁਗਤਾਨ ਮਿਲਣ ਲਈ ਹਫਤਿਆਂ ਤੱਕ ਇੰਤਜ਼ਾਰ ਕਰਨਾ ਪੈਂਦਾ ਸੀ। ਕਈ ਵਾਰ ਤਾਂ ਇਹ ਲੰਬੇ ਸਮੇਂ ਤੱਕ ਖਰੀਦ ਪ੍ਰਕਿਰਿਆ ਦੇ ਰੁਕਣ ਦੇ ਕਾਰਨ ਮੰਡੀਆਂ ਵਿੱਚ ਧਰਨੇ ਅਤੇ ਹੜਤਾਲਾਂ ਵੀ ਕੀਤੀਆਂ ਜਾਂਦੀਆਂ ਸਨ। ਪਰ ਇਸ ਵਾਰ ਪੰਜਾਬ ਸਰਕਾਰ ਨੇ ਇਸ ਸਮੱਸਿਆ ਦਾ ਹੱਲ ਕਰਕੇ ਮੰਡੀ ਖਰੀਦ ਦੀ ਪ੍ਰਕਿਰਿਆ ਨੂੰ ਬਿਲਕੁਲ ਸੁਚਾਰੂ ਅਤੇ ਪ੍ਰਭਾਵਸ਼ਾਲੀ ਬਣਾਇਆ ਹੈ।

ਓਹਨਾ ਕਿਹਾ ਕਿ ਸਰਕਾਰ ਨੇ ਇਸ ਸਾਲ ਦੇ ਲਈ ਪ੍ਰਤੀ ਕੁਅੰਟਲ 2585 ਰੁਪਏ ਐਮਐਸਪੀ ਤੈਅ ਕੀਤੇ ਹਨ, ਜਿਸ ਤੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੇ ਲਾਹੇ ਦਾ ਪੂਰਾ ਮੁੱਲ ਮਿਲੇਗਾ। ਓਹਨਾ ਇਹ ਵੀ ਕਿਹਾ ਕਿ ਇਸ ਪ੍ਰਕਿਰਿਆ ਦੇ ਅਧੀਨ ਹੁਣ ਤੱਕ 1818 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਡਲੀਵਰ ਕੀਤੇ ਜਾ ਚੁੱਕੇ ਹਨ।

ਓਹਨਾ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਸਾਲ ਖਰੀਦ ਪ੍ਰਕਿਰਿਆ ਵਿੱਚ ਕਿਸਾਨਾਂ ਲਈ ਇੱਕ ਸ਼ਾਨਦਾਰ ਰਿਕਾਰਡ ਸਥਾਪਤ ਕੀਤਾ ਹੈ ਅਤੇ ਇਹ ਪ੍ਰਕਿਰਿਆ ਬਿਲਕੁਲ ਪ੍ਰਮਾਣਿਕ ਅਤੇ ਸਹਿਯੋਗ ਨਾਲ ਚੱਲ ਰਹੀ ਹੈ। ਇਸ ਸਾਲ ਸਰਕਾਰ ਨੇ ਕਿਸਾਨਾਂ ਦੇ ਫਸਲਾਂ ਦੀ ਖਰੀਦ ਅਤੇ ਉਸ ਦੇ ਬਦਲੇ ਭੁਗਤਾਨ ਵਿੱਚ ਕਾਫੀ ਸੁਧਾਰ ਕੀਤੇ ਹਨ, ਜਿਸ ਨਾਲ ਕਿਸਾਨਾਂ ਨੂੰ ਮੁੱਖ ਰੂਪ ਵਿੱਚ ਲਾਭ ਮਿਲ ਰਿਹਾ ਹੈ।

ਸ੍ਰੀ ਕਟਾਰੂਚੱਕ ਨੇ ਇਹ ਵੀ ਕਿਹਾ ਕਿ ਸਰਕਾਰ ਦਾ ਮੂਲ ਉਦੇਸ਼ ਕਿਸਾਨਾਂ ਨੂੰ ਪੂਰੀ ਰਕਮ ਦੀ ਡਲੀਵਰੀ ਅਤੇ ਸਹਿਯੋਗ ਦੇ ਨਾਲ ਖਰੀਦ ਪ੍ਰਕਿਰਿਆ ਨੂੰ ਤੇਜ਼ ਕਰਨਾ ਹੈ।

# ਫੁਲਕਾਰੀ

## ਪੰਜਾਬੀ ਸੱਭਿਆਚਾਰ ਦਾ ਝਲਕਾਰਾ



ਜਲੰਧਰ, ਸ਼ਨਿਚਰਵਾਰ 22 ਅਪ੍ਰੈਲ, 2017

*ਰੁਜ਼ਗਾਰ ਦੇ ਘਟਣ ਦੀਆਂ ਸਾਰੇ ਦੇਸ਼ਾਂ ਵਿਚ ਗੱਲਾਂ ਹਨ। ਕਿਉਂਕਿ ਪ੍ਰੰਪਰਾਗਤ ਨੌਕਰੀਆਂ ਸਾਹਮਣੇ ਤਕਨਾਲੋਜੀ ਆ ਗਈ ਹੈ। ਅੱਗੋਂ ਵੀ ਉਸ ਨੇ ਨੌਕਰੀਆਂ ਨੂੰ ਘਟਾਉਣਾ ਹੀ ਘਟਾਉਣਾ ਹੈ...*

# ਰੋਟੀ ਲਈ ਕੀਤਾ ਹਰ ਕੰਮ ਉੱਤਮ ਹੁੰਦਾ ਹੈ

• ਅਮਰਜੀਤ ਸਿੰਘ

ਪੰਜਾਬ 'ਚ ਹੁਨਰ ਦੀ ਕਮੀ ਨਹੀਂ ਹੈ ਪਰ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ। ਉੱਚ ਕੋਟੀ ਦੇ ਸੰਸਾਰ ਪ੍ਰਸਿੱਧ ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਸਾਇੰਸਦਾਨ, ਆਈਸੀਐਸ, ਆਈਏਐਸ, ਆਈਪੀਐਸ ਅਫ਼ਸਰ ਪੰਜਾਂ ਪਾਣੀਆਂ ਨੇ ਪੈਦਾ ਕੀਤੇ ਹਨ।

ਵੱਧ ਰਹੀ ਆਧੁਨਿਕ ਤਕਨਾਲੋਜੀ ਨੇ ਛੋਟੇ ਪੱਧਰ ਦੀਆਂ ਸੈਮੀ ਸਕਿਲਡ ਨੌਕਰੀਆਂ ਖਾਧੀਆਂ ਹਨ ਤੇ ਖਾ ਰਹੀ ਹੈ। ਹੁਣ ਬਿਜਾਈ ਕਟਾਈ ਇਕ ਬੰਦਾ ਕਰ ਸਕਦਾ ਹੈ। ਉਦਯੋਗਿਕ ਕ੍ਰਾਂਤੀ 'ਚ ਕਈ ਕੁਝ ਹੋਣ ਵਾਲਾ ਹੈ। ਆਧੁਨਿਕ ਤਕਨਾਲੋਜੀ ਖਾਵੇਗੀ ਨਹੀਂ ਸਗੋਂ ਐਫੀਸਿੰਸੀ ਵਧਾਏਗੀ। ਪੰਜਾਬ ਦੀ ਯੂਥ ਨੂੰ ਚਾਹੀਦਾ ਹੈ ਕਿ ਕਦੇ ਹੱਥ ਵੀ ਕਾਲੇ ਕਰਨੇ ਸਿੱਖੇ। ਰੋਟੀ ਲਈ ਕੀਤਾ ਹਰ ਸਾਧਨ ਉੱਤਮ ਹੁੰਦਾ ਹੈ। ਸੰਸਾਰ 'ਚ ਬਹੁਤ ਘੱਟ ਚਿੱਟੇ ਕਾਲਰਾਂ ਵਾਲੀਆਂ ਨੌਕਰੀਆਂ ਹਨ।

### ਰੁਜ਼ਗਾਰ ਸਾਰੇ ਚੰਗੇ ਹੁੰਦੇ ਹਨ

ਜੇ ਗੱਡੀ ਠੀਕ ਕਰਨੀ ਪੈ ਜਾਵੇ ਤਾਂ ਟਾਈਆਂ ਅੰਦਰ ਕਰ ਕੇ ਵੀ ਠੀਕ ਕੀਤੀ ਜਾ ਸਕਦੀ ਹੈ। ਅਸਲੀ ਗੱਲ ਹੈ ਕਿ ਅਸੀਂ ਆਪ ਕੁਝ ਕਰਨਾ ਹੀ ਨਹੀਂ ਚਾਹੁੰਦੇ। ਸਾਰੇ ਨੌਕਰਾਂ ਦੀਆਂ ਸਹੂਲਤਾਂ ਚਾਹੁੰਦੇ ਹਨ ਤੇ ਕਈ ਬੀਮਾਰੀਆਂ ਸਹੇੜੀ ਬੈਠੇ ਹਨ। ਰੁਜ਼ਗਾਰ ਸਾਰੇ ਹੀ ਵਧੀਆ ਹੁੰਦੇ ਹਨ। ਸਰਕਾਰੀ ਨੌਕਰੀਆਂ ਸੁਸਤ ਬੰਦੇ ਪੈਦਾ ਕਰਦੀਆਂ ਹਨ ਪਰਾਈਵੇਟ ਅਦਾਰੇ ਪੂਰੀ ਜਾਨ ਕੱਢ ਕੇ ਕੰਮ ਲੈਂਦੇ ਹਨ। ਕੰਮ ਲੈ 2-ਕੇ ਸੰਸਾਰ ਦੀਆਂ ਪਿੱਠਾਂ ਦੁਖਣ ਲਾ ਦਿੰਦੇ ਨੇ। ਜਦ ਤਨਖ਼ਾਹ ਹੈ ਤਾਂ ਕੰਮ ਕਿਉਂ ਨਾ ਕੀਤਾ ਜਾਵੇ। ਪਰ ਅਸੀਂ ਉਪਰਲੇ ਪੈਸੇ ਟੋਲਣ ਲੱਗ ਪਏ ਹਾਂ। ਕਿਸੇ ਕਰਮਚਾਰੀ ਦੀ ਜੁਅਰਤ ਕਿਉਂ ਪਵੇ ਪੈਸੇ ਮੰਗਣ ਦੀ। ਉਸ ਨੂੰ ਕੋਈ ਘਾਟ ਹੋਵੇ ਤਾਂ ਪੁੱਛੋ ਨਹੀਂ ਤਾਂ ਓਹਦੇ ਉਪਰਲੇ ਅਫ਼ਸਰ ਨੂੰ ਮਿਲੋ। ਅਸੀਂ ਸਿੱਖ ਗਏ ਆਂ ਪੈਸੇ ਦੇ ਕੇ ਕੰਮ ਕਰਾਉਣਾ। ਇਹੀ ਵਰਤਾਰਾ ਸਾਨੂੰ ਲੈ ਡੁੱਬਿਆ ਹੈ ਸਾਨੂੰ।



**ਨਵੀਆਂ ਮਸ਼ੀਨਾਂ, ਖੇਤੀ ਤੇ ਹੋਰ ਉਦਯੋਗ ਹੜੱਪ ਰਹੀਆਂ ਹਨ। ਜੇ ਬਦਲੋਗੇ ਤਾਂ ਚੰਗਾ ਰਹੇਗਾ ਨਹੀਂ ਤਾਂ ਘਰੀਂ ਬੈਠ ਜਾਓਗੇ। ਸਕਿਲਜ਼ ਦੀ ਜਾਣਕਾਰੀ ਅਤੇ ਟਰੇਨਿੰਗ ਲਏ ਬਿਨਾਂ ਕੰਮ ਨਹੀਂ ਚੱਲਣਾ...**

### ਨਵੀਆਂ ਤਕਨੀਕਾਂ ਦੀ ਲੋ

ਘਰਾਂ 'ਚ ਛੋਟੇ ਛੋਟੇ ਰੁਜ਼ਗਾਰ ਕਿਵੇਂ ਪੈਦਾ ਕੀਤੇ ਜਾਣ ਸੋਚੋ। ਮੈਂ ਹਰ ਇਕ ਨੂੰ ਉਤਸ਼ਾਹ ਦੇ ਕੇ ਅਗਾਂਹ ਨੂੰ ਤੋਰਿਆ ਹੈ। ਇੰਜ ਸਾਡੇ ਪਿੰਡ ਦੇ ਸਾਰੇ ਕੰਮੀਆਂ ਦੇ ਨਿਆਣੇ ਸ਼ਹਿਰ ਜਾ ਕੇ ਠੇਕੇਦਾਰ ਬਣ ਗਏ ਹਨ। ਕੋਈ ਪੇਂਟਰ, ਪਲੰਬਰ, ਰਾਜ ਮਿਸਤਰੀ ਕੋਈ ਮਕੈਨਿਕ ਬਣ ਗਿਆ ਹੈ। ਆਟੋ ਮਕੈਨਿਕ ਦੀਆਂ ਦੁਕਾਨਾਂ ਨਹੀਂ ਤਾਂ ਮੋਬਾਈਲ ਸੇਵਾਵਾਂ ਦਿਓ। ਘਰਾਂ 'ਚ ਛੋਟੇ-ਛੋਟੇ ਧੰਦੇ ਚਲਾ ਕੇ ਬੱਚਿਆਂ ਦਾ ਪੇਟ ਪਾਲ਼ੋ। ਗੱਲਾਂ 'ਚ ਕੱਖ ਨਹੀਂ ਪਿਆ। ਕੰਮ ਨੂੰ ਧਰਮ ਬਣਾਓ-ਛੱਡ ਦਿਓ ਵਿਹਲੜਾਂ ਵਾਂਗ ਡੇਰਿਆਂ 'ਤੇ ਜਾਣਾ-ਕਿਤੇ ਨਹੀਂ ਹਨ ਕਿਸੇ ਰੱਬ ਦੀਆਂ ਪੌੜੀਆਂ-ਸਭ ਭੁਲੇਖੇ ਹਨ। ਸਰਵਿਸ ਸੈਕਟਰ, ਖੇਤੀ ਤੇ ਉਦਯੋਗਾਂ ਨੂੰ ਨਵੀਆਂ ਤਕਨੀਕਾਂ ਦੀ ਲੋਅ 'ਚ ਤਬਦੀਲ ਕਰਨਾ ਹੋਵੇਗਾ। ਨਵੀਨ ਤਕਨਾਲੋਜੀ ਦੀ ਸਿੱਖਿਆ ਬਿਨਾਂ ਕੰਮ ਨਹੀਂ ਚੱਲਣਾ। •

**ਰੋਬੋਟ ਕਰਨਗੇ ਕੰਮ...**

ਰੋਬੋਟ ਬਣ ਰਹੇ ਹਨ ਬਹਿਰੇ, ਫਿਰ ਮਾਲਕ ਕਿਉਂ ਬੰਦੇ ਲਾਏਗਾ? ਜਦੋਂ ਉਸ ਦਾ 10 ਬੰਦਿਆਂ ਦਾ ਕੰਮ ਇਕ ਮਸ਼ੀਨ ਕਰੇਗੀ...। ਬਾਇਓ ਤੇ ਨੈਨੋ ਤਕਨੀਕਾਂ ਵਧਣਗੀਆਂ ...

**ਇਹ ਗੱਲ ਹਮੇਸ਼ਾ ਅਧਿਆਪਕ ਅਤੇ ਮਾਤਾ-ਪਿਤਾ ਨੂੰ ਯਾਦ ਰੱਖਣੀ ਚਾਹੀਦੀ ਹੈ ਕਿ ਬੱਚੇ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਹੀਣ ਭਾਵਨਾ ਆਉਣ ਲਈ ਉਹ ਖ਼ੁਦ ਜ਼ਿੰਮੇਵਾਰ ਹੁੰਦੇ ਹਨ...**



**ਘਰ ਹੋਵੇ ਜਾਂ ਸਕੂਲ ਹਰ ਬੱਚਾ ਦੂਜੇ ਦੇ ਬਰਾਬਰ ਅਹਿਮੀਅਤ ਪ੍ਰਾਪਤ ਕਰਨੀ ਚਾਹੁੰਦਾ ਹੈ। ਇਸ ਲਈ ਬੱਚਿਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਉਤਸ਼ਾਹਿਤ ਕਰ ਦੇ ਰਹੋ...**

# ਬੱਚੇ ਦੀ ਬੌਧਿਕ ਤੇ ਮਾਨਸਿਕ ਸਮਰੱਥਾ

ਜੋਹਨ ਲਾਕ ਨੇ ਬੱਚੇ ਦੇ ਮਨ ਦੀ ਤੁਲਨਾ ਟਬੁਲਾ ਰਾਸਾ ਭਾਵ ਖਾਲੀ ਸਲੇਟ ਨਾਲ ਕੀਤੀ ਹੈ। ਬੱਚੇ ਦਾ ਮਨ ਇਕ ਖਾਲੀ ਸਲੇਟ ਜਾਂ ਕੋਰੇ ਕਾਗ਼ਜ਼ ਵਾਂਗ ਸਾਫ਼ ਹੁੰਦਾ ਹੈ। ਬੱਚਾ ਜੀਵਨ ਦੇ ਮੁੱਢਲੇ ਵਰ੍ਹਿਆਂ ਵਿਚ ਮਾਨਸਿਕ ਅਤੇ ਬੌਧਿਕ ਤੌਰ ਤੇ ਪੂਰਨ ਵਿਕਸਿਤ ਨਹੀਂ ਹੁੰਦਾ । ਵਾਧੇ ਅਤੇ ਵਿਕਾਸ ਦੇ ਨਾਲ ਨਾਲ ਉਸ ਦਾ ਸਮਾਜੀਕਰਨ ਹੁੰਦਾ ਹੈ ਜਿਸ ਵਿਚ ਉਸ ਦੇ ਮਾਤਾ-ਪਿਤਾ, ਭੈਣ-ਭਰਾ, ਆਂਢੀ- ਗੁਆਂਢੀ, ਅਧਿਆਪਕ ਅਤੇ ਸਹਿਪਾਠੀ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹ ਸਮਾਜਿਕ ਵਾਤਾਵਰਣ ਤੋਂ ਢੇਰ ਸਾਰੇ ਚੰਗੇ ਅਤੇ ਮਾੜੇ ਪ੍ਰਭਾਵ ਗ੍ਰਹਿਣ ਕਰਦਾ ਹੈ। ਜੋ ਉਸ ਨੂੰ ਅਗਾਂਹ ਵਧੂ ਬਣਾ ਸਕਦੇ ਹਨ ਪਰ ਕਈ ਵਾਰੀ ਪਿਛਾਂਹ ਖਿਚੂ ਵੀ ਬਣਾ ਦਿੰਦੇ ਹਨ।

### ਹੀਣ ਭਾਵਨਾ ਬੱਚੇ ਨੂੰ ਸੁਸਤ ਬਣਾਉਂਦੀ ਹੈ

ਹੀਣ ਭਾਵਨਾ ਵੀ ਸਮਾਜਕ ਸਬੰਧਾਂ ਵਿੱਚੋਂ ਉਪਜਦੀ ਹੈ ਜੋ ਬਾਅਦ ਵਿਚ ਬੱਚੇ ਦੀ ਮਨੋਵਿਗਿਆਨਕ ਸਮੱਸਿਆ ਬਣ ਜਾਂਦੀ ਹੈ। ਬੱਚੇ ਦੇ ਮਨ ਵਿਚ ਹੀਣ ਭਾਵਨਾ ਆਉਣ ਦਾ ਕਾਰਨ ਮਾਤਾ-ਪਿਤਾ, ਭਰਾ-ਭੈਣ, ਅਧਿਆਪਕ ਅਤੇ ਬੱਚੇ ਦੇ ਸਹਿਪਾਠੀ ਬਣਦੇ ਹਨ।ਅਧਿਆਪਕ ਦੁਆਰਾ ਦਿੱਤਾ ਕਾਰਜ ਨਾ ਕਰਨ, ਘਰ ਵਿਚ ਕੋਈ ਗਲਤੀ ਕਰਨ, ਮਾਪਿਆਂ ਦੁਆਰਾ ਘਰ ਵਿਚ ਸਾਰੇ ਬੱਚਿਆਂ ਨੂੰ ਬਰਾਬਰ ਅਹਿਮੀਅਤ ਨਾ ਦੇਣਾ ਜਿਵੇਂ ਨਵ-ਜਨਮੇ ਬੱਚੇ ਨਾਲ



ਜ਼ਿਆਦਾ ਲਗਾਉ ਕਾਰਨ ਵੱਡੇ ਬੱਚੇ ਵੱਲ ਘੱਟ ਧਿਆਨ ਦੇਣ, ਅਧਿਆਪਕ ਅਤੇ ਮਾਪਿਆਂ ਦੁਆਰਾ ਦੂਸਰੇ ਬੱਚੇ ਦੀ ਕਾਰਗੁਜ਼ਾਰੀ ਜਾਂ ਪੇਪਰਾਂ ਵਿੱਚੋਂ ਪ੍ਰਾਪਤ ਅੰਕਾਂ ਨਾਲ ਤੁਲਨਾ ਕਰਨ ਦੇ ਨਤੀਜੇ ਵਜੋਂ ਜਦੋ ਕੋਈ ਗੱਲ ਵਾਰ ਵਾਰ ਚਿਤਾਰੀ ਜਾਂਦੀ ਹੈ, ਅਧਿਆਪਕ ਮਾਪੇ ਜਾਂ ਕੋਈ ਹੋਰ ਉਸ ਨੂੰ ਸੁਸਤ, ਬੇਅਕਲ, ਨਲਾਇਕ, ਬੁੱਧੂ ਕਹਿੰਦਾ ਹੈ ਜਾਂ ਉਸ ਦੀ ਸਰੀਰਕ ਬਣਤਰ, ਰੰਗ ਬਾਰੇ ਟਿੱਪਣੀ ਕਰਦਾ ਹੈ ਅਤੇ ਅਜਿਹਾ ਲਗਾਤਾਰ ਦੁਹਰਾਇਆ ਜਾਵੇ ਤਾਂ ਬੱਚਾ ਕਹੇ ਅਨੁਸਾਰ ਮਹਿਸੂਸ ਕਰਨ ਲੱਗਦਾ ਹੈ। ਆਪਣੇ ਬਾਰੇ ਗਲਤ ਧਾਰਨਾ ਅਵਚੇਤਨ ਮਨ ਵਿਚ ਪਕੇਰੀ ਕਰ ਲੈਂਦਾ ਹੈ। ਭਾਵੇਂ ਕਿ ਕੁਝ ਬੱਚੇ ਅਜਿਹੀਆਂ ਗੱਲਾਂ ਨੂੰ ਸਕਾਰਾਤਮਿਕ ਰੂਪ ਵਿਚ ਲੈ ਅੰਦਰੂਨੀ ਤੌਰ 'ਤੇ ਅੱਗੇ ਨਾਲੋ ਵਧੀਆ ਕਰਨ ਲਈ ਉਤਸ਼ਾਹਿਤ ਹੋ ਜਾਂਦੇ ਹਨ ਪਰ ਕਈ ਬੱਚੇ ਇਸ ਨੂੰ ਨਕਾਰਾਤਮਿਕ ਤਰੀਕੇਨਾਲ ਲੈਂਦੇ ਹਨ ਅਤੇ ਉਨ੍ਹਾਂ ਦੇ ਆਤਮ ਸਨਮਾਨ ਨੂੰ ਠੇਸ ਪਹੁੰਚਦੀ ਹੈ। ਉਹ ਖ਼ੁਦ ਨੂੰ ਸੀਮਤ ਕਰ ਕੇ ਇਹ ਵਿਚਾਰ ਬਣਾ ਲੈਂਦੇ ਹਨ ਕਿ ਉਹ ਕਿਸੇ ਕੰਮ ਦੇ ਯੋਗ ਨਹੀਂ।

### ਮਾਨਸਿਕ ਤੇ ਬੌਧਿਕ ਵਿਕਾਸ ਰੁੱਕ ਜਾਂਦਾ ਹੈ

ਹੀਣ ਭਾਵਨਾ ਦਾ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਬੱਚੇ ਦਾ ਮਾਨਸਿਕ ਅਤੇ ਬੌਧਿਕ ਵਿਕਾਸ ਰੁੱਕ ਜਾਂਦਾ ਹੈ ਭਾਵ ਬੱਚੇ ਦੇ ਅੱਗੇ ਵਧਣ ਜਾਂ ਤਰੱਕੀ ਕਰਨ ਵਿਚ ਹੀਣ ਭਾਵਨਾ ਇਕ ਮਨੋਵਿਗਿਆਨਕ ਰੁਕਾਵਟ ਬਣ ਜਾਂਦੀ ਹੈ ਇਸ ਨਾਲ ਬੱਚਾ ਇਕ ਬੋਝ ਜਾਂ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹੋ ਜਾਂਦਾ ਹੈ। ਬੱਚਿਆਂ ਨੂੰ ਹੀਣ ਭਾਵਨਾ ਤੋਂ ਬਚਾਉਣ ਲਈ ਸਭ ਤੋਂ ਪਹਿਲਾ ਅਧਿਆਪਕ ਅਤੇ ਮਾਪਿਆਂ ਨੂੰ ਬੱਚੇ ਦੇ ਮਨੋਵਿਗਿਆਨ ਅਤੇ ਮਾਨਸਿਕ ਪੱਧਰ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਅਧਿਆਪਕ ਨੂੰ ਹਰ ਬੱਚੇ ਨੂੰ ਉਤਸ਼ਹਿਤ ਕਰਨਾ ਚਾਹੀਦਾ ਹੈ। ਕਲਾਸ ਵਿਚ ਉਪਾਧੀਆਂ ਕੁਝ ਕੁ ਬੱਚਿਆਂ ਨੂੰ ਨਹੀਂ ਸਗੋਂ ਪੂਰਾ ਸਾਲ ਕੋਈ ਨਾ ਕੋਈ ਉਪਾਧੀ ਹਰ ਇਕ ਬੱਚੇ ਨੂੰ ਜ਼ਰੂਰ ਦੇਣੀ ਚਾਹੀਦੀ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਦੀ ਤੁਲਨਾ ਹੋਰ ਬੱਚਿਆਂ ਨਾਲ ਨਹੀਂ ਕਰਨੀ ਚਾਹੀਦੀ ਸਗੋ ਆਪਣੇ ਬੱਚੇ ਦੀ ਬੌਧਿਕ ਅਤੇ ਮਾਨਸਿਕ ਸਮਰੱਥਾ ਦਾ ਗਿਆਨ ਰੱਖਣਾ ਚਾਹੀਦਾ ਹੈ। ਹਰ ਬੱਚੇ ਦੀ ਵੱਖਰੀ- ਵੱਖਰੀ ਮਨੋ-ਦਸ਼ਾ ਹੁੰਦੀ ਹੈ।

• ਅੰਮ੍ਰਿਤਪਾਲ ਸਿੰਘ ਸੰਧੂ

# ਪੰਜਾਬੀ ਵਿਰਸੇ ਦੀਆਂ ਅਨਮੋਲ ਨਿਸ਼ਾਨੀਆਂ

ਪੰਜਾਬ ਦੀ ਧਰਤੀ ਜਿਸ ਦਾ ਪੌਣ ਪਾਣੀ ਨਿਰਾਲਾ, ਸੱਭਿਆਚਾਰ ਅਤੇ ਰੀਤੀ ਰਿਵਾਜ ਵਿਲੱਖਣ ਹਨ। ਵਿਦਵਾਨ ਇਸ ਨੂੰ 'ਪੰਜਾਬੀ ਸੱਭਿਆਚਾਰ ਦਾ ਪੰਘੂੜਾ' ਆਖਦੇ ਹਨ। ਇਸ ਦੇ ਵਿਰਸੇ ਦੀ ਪੂਰੀ ਦੁਨੀਆ ਵਿਚ ਧਾਕ ਹੈ। ਅੱਜ ਸਾਡੇ ਵਿਰਸੇ ਨਾਲ ਸਬੰਧਿਤ ਚਿੰਨ੍ਹ, ਗਹਿਣੇ, ਇਮਾਰਤਾ, ਸੰਦ ਸਾਡੇ ਤੋਂ ਵਿਸਰ ਰਹੇ ਹਨ। ਪੰਜਾਬੀ ਪਹਿਰਾਵਾ ਸਭਿਆਚਾਰ ਦਾ ਨਿੱਖੜਵਾਂ ਰੂਪ ਪੇਸ਼ ਕਰਦਾ ਸੀ। ਪਰ ਹੁਣ ਮਰਦਾਂ ਦੇ ਕੈਂਠੇ, ਚਾਦਰੇ ਅਤੇ ਖੂੰਡੇ ਕਿੱਧਰੇ ਲੱਭਿਆਂ ਵੀ ਨਹੀ ਲੱਭਦੇ ਨਹੀਂ। ਔਰਤਾਂ ਦਾ ਸ਼ਿੰਗਾਰ ਸੱਗੀ-ਫੁੱਲ, ਪਰਾਂਦੇ, ਫੁਲਕਾਰੀਆਂ ਅਤੇ ਝਾਂਜਰਾ ਗੂੰਗੀਆ ਤਸਵੀਰਾਂ ਬਣੀਆਂ ਮਿਲਦੀਆਂ ਹਨ। ਇਹ ਹਾਰ-ਸ਼ਿੰਗਾਰ ਗੀਤਾਂ ਦੇ ਬੋਲ ਬਣ ਕੇ ਰਹਿ ਗਏ ਹਨ। ਇਨ੍ਹਾਂ ਗੀਤਾਂ ਨੂੰ ਸੁਣ ਕਿ ਅੱਖਾਂ ਚਾਰ-ਚੁਫੇਰ ਇਹੋ-ਜਿਹੇ ਰੰਗਲੇ ਦ੍ਰਿਸ਼ਾ ਨੂੰ ਭਾਲਦੀਆਂ ਹਨ। ਅਜੋਕੇ ਸਮੇਂ ਇਸ ਵਿਰਸੇ ਦੀਆਂ ਨਿਸ਼ਾਨੀਆਂ ਵਿਚ ਲੋਕਾਂ ਦੀ ਬਸ ਇੰਨੀ ਹੀ ਦਿਲਚਸਪੀ ਰਹਿ ਗਈ ਹੈ ਕਿ ਇਨ੍ਹਾਂ ਵੰਨਗੀਆਂ ਨੂੰ ਵੱਡੇ-ਵੱਡੇ ਸਮਾਗਮਾਂ ਵਿਚ ਜ਼ਰੂਰ ਪ੍ਰਦਸ਼ਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਾਡੇ ਸੱਭਿਆਚਾਰ ਦੇ ਪ੍ਰਤੀਕ ਇਮਾਰਤਾਂ, ਸੰਦ ਸਾਂਭ-ਸੰਭਾਲ ਦੁੱਖੋਂ ਖਤਮ ਹੋ ਰਹੇ ਹਨ।

ਪੁਰਣੇ ਵਿਆਹਾ ਸਮੇਂ ਜੰਝ ਘਰ ਦਾ ਆਪਣਾ ਜਲੋ ਹੁੰਦਾ ਸੀ। ਬਰਾਤ ਆਉਣ 'ਤੇ ਆਉ ਭਗਤ ਅਤੇ ਠਹਿਰਾਉ ਜੰਝ ਘਰਾਂ ਵਿਚ ਕੀਤਾ ਜਾਂਦਾ ਸੀ। ਅੱਜ ਪਿੰਡਾਂ ਵਿਚ ਜੰਝ ਘਰ ਡੰਗਰਾਂ ਦੇ ਵਾੜੇ ਬਣੇ ਹੋਏ ਹਨ। ਘਰੇਲੂ ਚੱਕੀਆਂ ਪੰਜਾਬੀ ਸੱਭਿਆਚਾਰ ਦੀ ਇਕ ਹੋਰ ਅਹਿਮ ਵਸਤੂ ਸੀ। ਪੰਜਾਬੀ ਲੋਕ ਗੀਤਾਂ ਵਿਚ ਘਰੇਲੂ ਚੱਕੀਆਂ ਦੇ ਬੋਲ ਗੂੰਜਦੇ ਸਨ। ਰੰਗਲੇ ਚੌਂਕੇ, ਮਧਾਣੀਆਂ ਦੀ ਆਵਾਜ਼, ਕੰਧਾਂ ਉੱਪਰ ਉੱਕਰੀਆਂ ਮੋਰ, ਤੋਤੇ, ਫੁੱਲਾਂ ਅਤੇ ਗੋਹੇ ਨਾਲ ਲਿਪੀਆ ਕੰਧਾਂ ਤਾਂ ਇਕ ਸੁਪਨਾ ਹੀ ਬਣ ਗਈਆਂ ਹਨ। ਅੱਜ ਕੱਲ ਇਕ ਫ਼ਿਲਮ ਚਲ ਰਹੀ ਹੈ ਜਿਸ ਵਿਚ ਪੁਰਾਣੇ ਪੇਂਡੂ ਸੱਭਿਆਚਾਰ, ਪਹਿਰਾਵਾ, ਖਾਣਾ-ਪੀਣਾ, ਬੋਲ-ਚਾਲ, ਰੀਤੀ-ਰਿਵਾਜ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਦਿਖਾਏ ਗਏ ਹਨ। ਸ਼ਹਿਰੀ ਤੇ ਪੇਂਡੂ ਦੋਵੇਂ ਹੀ ਇਹ ਫ਼ਿਲਮ ਨੂੰ ਬੜੇ ਹੀ ਚਾਅ ਨਾਲ ਸਿਨੇਮਾ ਘਰਾਂ ਵਿਚ ਜਾ ਕੇ ਦੇਖ ਰਹੇ ਹਨ। ਅੱਜ ਤੋਂ ਕੋਈ ਇਕ ਦਹਾਕਾ ਪਹਿਲਾਂ ਇਹੋ ਸੱਭਿਆਚਾਰ ਸਾਡੇ ਪਿੰਡਾਂ ਵਿਚ ਜੀਵਤ ਸੀ, ਇਕ ਸਾਂਝ ਸੀ ਭਾਈਚਾਰਾ ਸੀ, ਮਿਲਵਰਤਣ ਸੀ। ਪਰ





**ਪੰਜਾਬੀ ਪਹਿਰਾਵਾ ਸਭਿਆਚਾਰ ਦਾ ਨਿੱਖੜਵਾਂ ਰੂਪ ਪੇਸ਼ ਕਰਦਾ ਸੀ। ਮਰਦਾਂ ਦੇ ਕੈਂਠੇ, ਚਾਦਰੇ ਅਤੇ ਖੂੰਡੇ ਕਿੱਧਰੇ ਲੱਭਦੇ ਨਹੀਂ। ਔਰਤਾਂ ਦਾ ਸ਼ਿੰਗਾਰ ਸੱਗੀ-ਫੁੱਲ, ਪਰਾਂਦੇ, ਫੁਲਕਾਰੀਆਂ ਅਤੇ ਝਾਂਜਰਾ ਤਸਵੀਰਾਂ ਬਣ ਕੇ ਰਹਿ ਗਈਆਂ ਹਨ...**

ਨਵੀਂ ਪੀੜ੍ਹੀ ਜੋ ਪੜ੍ਹ-ਲਿਖ ਗਈ ਹੈ, ਇਸ ਸਭ ਕੁਝ ਨੂੰ ਭੁੱਲ ਰਹੀ ਹੈ ਜਾਂ ਕਹੀਏ ਸਮੇਂ ਦੀ ਹਵਾ ਹੀ ਇੱਦਾਂ ਦੀ ਹੋ ਗਈ ਹੈ।

ਪੰਜਾਬੀ ਵਿਰਸੇ ਨੂੰ ਢਾਹ ਲਾਉਣ ਵਿਚ ਪੱਛਮੀ ਸੱਭਿਆਚਾਰ ਜ਼ਿੰਮੇਵਾਰ ਹੈ। ਟੀਵੀ ਚੈਨਲਾ ਨੇ ਅੱਜ ਦੀ ਪਨੀਰੀ ਦਾ ਬੇੜਾ ਗਰਕ ਕੀਤਾ ਹੈ। ਗੀਤਕਾਰਾਂ ਦੀ ਲੇਖਣੀ ਦਾ ਪੱਧਰ ਇੰਨਾਂ ਡਿੱਗ ਚੁੱਕਾ ਹੈ ਕਿ ਸ਼ਰਮ ਆਉਂਦੀ ਹੈ ਗੀਤ ਸੁਣਕੇ। ਗੀਤਾਂ ਵਿਚ ਪੰਜਾਬੀ ਜਵਾਨੀ ਨੂੰ ਜਿਸ ਤਰ੍ਹਾਂ ਪਰੋਸਿਆ ਜਾ ਰਿਹਾ ਹੈ, ਪੰਜਾਬੀ ਉਸ ਤਰ੍ਹਾਂ ਦੇ ਨਹੀਂ ਪਰ ਇਹ ਵੇਖ ਕੇ ਉਨ੍ਹਾਂ ਵਰਗੇ ਜ਼ਰੂਰ ਬਣਦੇ ਜਾ ਰਹੇ ਹਨ। ਉਹ ਨੰਗੇਜ ਅਤੇ ਅਸ਼ਲੀਲਤਾ ਨੂੰ ਆਪਣਾ ਚੱਜ-ਅਚਾਰ ਬਣਾ ਰਹੇ ਹਨ। ਸਾਡਾ ਪੁਰਾਤਨ ਵਿਰਸਾ ਦੱਸਦਾ ਹੈ ਕਿ ਅਸੀਂ ਜਗ ਜਿੱਤਣ ਵਾਲੇ ਸਿੰਕਦਰ ਦੀ ਈਨ ਨਹੀਂ ਮੰਨੀ ਪਰ ਅੱਜ ਪੱਛਮੀ ਸੱਭਿਆਚਾਰ ਦੇ ਗ਼ੁਲਾਮ ਜ਼ਰੂਰ ਹੁੰਦੇ ਜਾ ਰਹੇ ਹਾਂ।

ਇਸ ਤੇਜ਼-ਤਰਾਰ ਦੁਨੀਆ ਵਿਚ ਸਾਡੀ ਆਧੁਨਿਕ ਪੀੜ੍ਹੀ ਨੂੰ ਇਨ੍ਹਾਂ ਗਹਿਣੇ ਰੂਪੀ ਸਭਿਆਚਾਰ ਵਿਰਸੇ ਦੀਆਂ ਨਿਸ਼ਾਨੀਆਂ ਦੀ ਸੰਭਾਲ ਲਈ ਵਚਨਬੱਧ ਰਹਿਣਾ ਹੋਵੇਗਾ। ਹਰ ਪੰਜਾਬੀ ਨੂੰ ਵੰਗਾਰ ਹੈ ਉਸ ਦੇ ਵਜੂਦ ਦੀ ਕਿ ਉਹ ਪੱਛਮੀ ਕਰਨ ਦੇ ਤੇਜ਼ ਰੋੜ੍ਹ ਵਿੱਚੋਂ ਪੰਜਾਬੀ ਵਿਰਸੇ ਦੀਆਂ ਅਨਮੋਲ, ਮੌਲਿਕ ਅਤੇ ਸਚਾਰੂ ਜੀਵਨ ਕੀਮਤਾਂ ਨੂੰ ਰੁੜ੍ਹਨੋਂ ਬਚਾਉਣ, ਕਿਤੇ ਅਜਿਹਾ ਨਾ ਹੋਵੇ ਕਿ ਇਸ ਸੱਭਿਆਚਾਰ ਦੀਆਂ ਯਾਦਾਂ ਨੂੰ ਅਜਾਇਬ-ਘਰਾਂ ਵਿਚ ਗੂੰਗੀਆ ਮੂਰਤਾਂ ਬਣਾ ਕੇ ਸਾਂਭਣਾ ਪਵੇ।

• ਚੰਨਦੀਪ ਸਿੰਘ 'ਬੁਤਾਲਾ'
ਮੋਬਾਈਲ : 84271-40006



# ਵਿਦਾਇਗੀ ਪਾਰਟੀਆਂ

ਵਿੱਦਿਅਕ ਆਦਾਰਿਆਂ ਵਿਚ ਜਦੋਂ ਸੀਨੀਅਰ ਕਲਾਸ ਆਪਣੀ ਪੜ੍ਹਾਈ ਜਾਂ ਕੋਰਸ ਪੂਰਾ ਕਰ ਕੇ ਜਾਂਦੀ ਹੈ ਤਾਂ ਜੂਨੀਅਰ ਕਲਾਸ ਵੱਲੋਂ ਜਾਣ ਵਾਲੀ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀ ਪ੍ਰੰਪਰਾ ਬਹੁਤ ਸਮੇਂ ਤੋਂ ਹੀ ਚਲੀ ਆ ਰਹੀ ਹੈ। ਸੀਨੀਅਰ ਵਿਦਿਆਰਥੀਆਂ ਦੀਆਂ ਯਾਦਾਂ ਉਸ ਸੰਸਥਾ ਨਾਲ ਜੁੜੀਆਂ ਹੁੰਦੀਆਂ ਹਨ। ਚਾਹੇ ਆਪਣਾ ਮਕਸਦ ਪੂਰਾ ਕਰ ਕੇ ਉਸ ਸੰਸਥਾ ਨੂੰ ਛੱਡ ਕੇ ਜਾਣਾ ਉਨ੍ਹਾਂ ਲਈ ਲਾਜ਼ਮੀ ਹੁੰਦਾ ਹੈ ਪਰ ਫਿਰ ਵੀ ਉਸ ਸੰਸਥਾਂ ਨਾਲ ਪੈਦਾ ਹੋਏ ਲਗਾਵ ਕਰਕੇ ਉਨ੍ਹਾਂ ਦਾ ਦਿਲ ਔਖਾ ਹੁੰਦਾ ਹੈ ਤੇ ਜਾਣ ਨੂੰ ਦਿਲ ਨਹੀਂ ਕਰਦਾ। ਜਿਸ ਤਰ੍ਹਾਂ ਧੀ ਦੀ ਡੋਲੀ ਤੋਰਣ ਵੇਲੇ ਧੀ ਅਤੇ ਮਾਪੇ ਖੁਸ਼ ਤੇ ਸੋਗ ਮਈ ਹੁੰਦੇ ਹਨ। ਇਹ ਵਿਦਾਇਗੀ ਵੀ ਇਸੇ ਤਰ੍ਹਾਂ ਦੀ ਹੁੰਦੀ ਹੈ। ਕਈ ਸੰਸਥਾਵਾਂ ਵਿਚ ਖ਼ਾਸਕਰ ਲੜਕੀਆਂ ਨੂੰ ਭਾਵੁਕ ਹੋ ਕੇ ਰੋਂਦੇ ਵੇਖਿਆ ਗਿਆ ਹੈ। ਜੂਨੀਅਰ ਵਿਦਿਆਰਥੀ ਹੀ ਆਪਣੇ ਸੀਨੀਅਰ ਵਿਦਿਆਰਥੀਆਂ ਦੇ ਸਤਿਕਾਰ ਵਜੋਂ ਅਜਿਹੀ ਵਿਦਾਇਗੀ ਪਾਰਟੀ ਦਾ ਪ੍ਰਬੰਧ ਕਰਦੇ ਹਨ। ਸਮੇਂ ਦੇ ਨਾਲ ਨਾਲ ਇੰਨ੍ਹਾ ਵਿਦਾਇਗੀ ਪਾਰਟੀਆਂ ਦਾ ਰੂਪ ਬਦਲ ਰਿਹਾ ਹੈ। ਇਹ ਪਾਰਟੀਆਂ ਮਹਾਂ ਖ਼ਰਚੀਲੀਆਂ ਹੋਣ ਦੇ ਨਾਲ ਨਾਲ ਆਪਣੇ ਮਕਸਦ ਤੋਂ ਵੀ ਦੂਰ ਹੁੰਦੀਆਂ ਜਾ ਰਹੀਆਂ ਹਨ। ਮੈਨੂੰ ਯਾਦ ਹੈ1975 ਵਿਚ ਸਾਡੀ ਦਸਵੀਂ ਦੀ ਵਿਦਾਇਗੀ ਪਾਰਟੀ ਸਮੇਂ ਚਾਹ ਦੇ ਕੱਪ ਨਾਲ ਸਾਨੂੰ ਭੂਜੀਆ-ਬਦਾਨਾ ਦਿੱਤਾ ਗਿਆ ਸੀ ਤੇ ਅਸੀਂ ਸਾਰੀ ਕਲਾਸ ਨੇ ਮਿਲਕੇ ਲੋਹੇ ਦੇ ਪਾਇਪ ਵਾਲੀ ਕੁਰਸੀ ਸਕੂਲ ਨੂੰ ਦਿੱਤੀ ਸੀ। ਇਸੇ ਤਰ੍ਹਾਂ 1982 'ਚ ਹੋਈ ਸਾਡੀ ਕਾਲਜ ਦੀ ਵਿਦਾਇਗੀ ਪਾਰਟੀ ਸਮੇਂ ਸਾਨੂੰ ਚਾਹ ਦੇ ਕੱਪ ਨਾਲ ਇਕ ਸਮੋਸਾ ਅਤੇ ਬਰਫ਼ੀ ਦਾ ਪੀਸ ਦਿੱਤਾ ਸੀ। ਪਰ ਦੋਹਾਂ ਪਾਰਟੀਆਂ ਸਮੇਂ ਮਾਹੌਲ ਬਹੁਤ ਭਾਵੁਕ ਸੀ। ਤਕਰੀਬਨ ਸਾਰੇ ਹੀ ਅਧਿਆਪਕਾਂ ਵਲੋਂ ਸਾਨੂੰ ਬਹੁਤ ਹੀ ਵਧੀਆ ਸਿੱਖਿਆ ਦਿੱਤੀ ਗਈ। ਸਭਿਆਚਾਰਕ ਪ੍ਰਗਰਾਮ ਦਾ ਮਿਆਰ ਬਹੁਤ ਉੱਚਾ ਸੀ। ਕੋਈ ਫਾਲਤੂ ਦਿਖਾਵਾ ਜਾਂ ਫੁਕਰਪੁਣਾ ਨਹੀਂ ਸੀ ਹੁੰਦਾ। •

**ਵਿਦਾਈ ਦੇ ਮਾਹੌਲ ਨੂੰ ਖ਼ੁਸ਼ਨੁਮਾ ਬਣਾਉਣ ਲਈ ਕਈ ਵਾਰੀ ਕਲਾਕਾਰ ਬੱਚਿਆਂ ਵਲੋਂ ਟੀਚਰਾਂ ਦੀ ਮਮਿਕਰੀ ਵੀ ਕੀਤੀ ਜਾਂਦੀ ਹੈ...**

# ਕਹਿਣੀ ਤੇ ਕਰਨੀ 'ਚ ਫ਼ਰਕ

ਇਕ ਦਿਨ ਮੈਨੂੰ ਸ਼ਹਿਰ ਦੇ ਨਾਮੀ ਸਕੂਲ ਵਿਚ ਜਾਣਾ ਪੈ ਗਿਆ। ਸਵੇਰ ਦੀ ਸਭਾ ਚੱਲ ਰਹੀ ਸੀ ਤੇ ਪ੍ਰਿੰਸੀਪਲ ਸਾਹਿਬ ਵਿਦਿਆਰਥੀਆਂ ਨੂੰ ਕਹਿ ਰਹੇ ਸਨ, 'ਬੱਚਿਓ ਬਿਜਲੀ ਸਾਡੇ ਰੋਜ਼-ਮਰਾ ਦੇ ਜੀਵਨ ਦਾ ਅਹਿਮ ਹਿੱਸਾ ਹੈ। ਸਾਡੇ ਬਹੁਤ ਸਾਰੇ ਕੰਮ ਅਜਿਹੇ ਹਨ ਜਿਹੜੇ ਇਸ ਤੋਂ ਬਿਨਾਂ ਅਸੰਭਵ ਨਹੀਂ ਤਾਂ ਔਖੇ ਜ਼ਰੂਰ ਹੋ ਜਾਂਦੇ ਹਨ। ਸੋ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਬਿਜਲੀ ਦੀ ਵਰਤੋਂ ਸੰਜਮ ਨਾਲ ਕਰੀਏ। ਜਿੱਥੇ ਇਕ ਪੱਖੇ ਜਾਂ ਟਿਊਬ ਨਾਲ ਕੰਮ ਸਰਦਾ ਹੈ, ਉੱਥੇ ਦੋ ਜਾਂ ਤਿੰਨ ਨਾ ਚਲਾਈਏ'।



ਪ੍ਰਿੰਸੀਪਲ ਸਾਹਿਬ ਦੇ ਭਾਸ਼ਣ ਤੋਂ ਬਾਅਦ ਹਾਲ ਤਾੜੀਆਂ ਨਾਲ ਗੂੰਜ ਉਠਿਆ। ਸਭਾ ਦੀ ਸਮਾਪਤੀ ਤੋਂ ਬਾਅਦ ਪ੍ਰਿੰਸੀਪਲ ਸਾਹਿਬ ਆਪਣੇ ਦਫ਼ਤਰ ਵੱਲ ਨੂੰ ਚੱਲ ਪਏ। ਸਤਿ ਸ੍ਰੀ ਅਕਾਲ ਬੁਲਾ ਕੇ ਮੈਂ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰ ਪਿਆ। ਜਦੋਂ ਮੈਂ ਉਨ੍ਹਾਂ ਦੇ ਦਫ਼ਤਰ ਵਿਚ ਪ੍ਰਵੇਸ਼ ਕੀਤਾ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਦੋ ਪੱਖੇ ਅਤੇ ਇਕ ਕੂਲਰ ਪੂਰੀ ਸਪੀਡ ਨਾਲ ਚੱਲ ਰਹੇ ਸਨ। •

# ਵਹਿਮਾਂ ਭਰਮਾਂ ਤੋਂ ਮੁਕਤੀ

• ਜੁਗਿੰਦਰਪਾਲ ਕਿਲ੍ਹਾ ਨੌਂ

ਬਚਪਨ ਤੋਂ ਹੀ ਮੇਰਾ ਜਾਦੂ-ਟੂਣੇ ਵਿਚ ਯਕੀਨ ਨਹੀਂ ਸੀ। ਜਿੱਥੇ ਕਿਤੇ ਵੀ ਮੈਂ ਟੂਣਾ ਕੀਤਾ ਵੇਖਦਾ ਉੱਥੋਂ ਟੂਣੇ ਦੀ ਸਮੱਗਰੀ ਬਿਨਾਂ ਕਿਸੇ ਡਰ ਦੇ ਚੁੱਕ ਲਿਆਉਂਦਾ। ਮੇਰੇ ਘਰ ਦੇ ਮੇਰੀ ਇਸ ਆਦਤ ਤੋਂ ਦੁਖੀ ਹੋ ਕੇ ਕਈ ਵਾਰ ਮੇਰੇ ਨਾਲ ਗੁੱਸੇ ਵੀ ਹੋ ਜਾਂਦੇ ਪਰ ਮੈਂ ਕਿਸੇ ਦੀ ਪ੍ਰਵਾਹ ਨਾ ਕਰਦਾ। ਇਕ ਵਾਰ ਮੈਂ ਸਾਡੇ ਪਿੰਡ ਨੇੜਿਓਂ ਲੰਘਦੀ ਨਹਿਰ ਦੇ ਪੁਲ ਤੋਂ ਟੂਣਾ ਚੁੱਕ ਲਿਆਂਦਾ। ਉਸ ਟੂਣੇ ਵਿਚ ਸਿਲਾਈ ਕੀਤਾ ਚਿੱਟਾ ਕੁੜਤਾ-ਪਜਾਮਾ, ਤਿੰਨ ਮੀਟਰ ਚਿੱਟਾ ਕੱਪੜਾ, ਚਾਰ ਮੀਟਰ ਕਾਲਾ ਕੱਪੜਾ, ਇਕ ਕਿਲੋ ਸਾਬਤ ਮੂੰਗੀ ਅਤੇ ਸਰ੍ਹੋਂ ਦੇ ਤੇਲ ਦੀ ਇਕ ਬੋਤਲ ਸ਼ਾਮਲ ਸੀ। ਘਰ ਆ ਕੇ ਜਦ ਮੈਂ ਕੁੜਤਾ-ਪਜਾਮਾ ਪਾ ਕੇ ਦੇਖਿਆ ਤਾਂ ਉਹ ਮੇਰੇ ਇਸ ਤਰ੍ਹਾਂ ਫਿੱਟ ਆਇਆ ਜਿਵੇਂ ਕਿਸੇ ਨੇ ਮੇਰਾ ਨਾਪ ਲੈ ਕੇ ਬਣਾਇਆ ਹੋਵੇ। ਮੈਂ ਉਸ ਸੂਟ ਨੂੰ ਕਾਫ਼ੀ ਸਮਾਂ ਹੰਢਾਇਆ। ਸਫ਼ੈਦ ਕੱਪੜੇ ਦੇ ਅਸੀਂ ਸਿਰਹਾਣਿਆਂ ਦੇ ਗਿਲਾਫ ਤੇ ਕਾਲੇ ਕੱਪੜੇ ਦੇ ਪਰਦੇ ਬਣਾ ਲਏ ਤੇ ਬਾਕੀ ਵਰਤਣ ਵਾਲਾ ਸਾਮਾਨ ਘਰੇ ਵਰਤ ਲਿਆ। ਅਜਿਹਾ ਕਰਨ ਨਾਲ ਸਾਡਾ ਕੋਈ ਨੁਕਸਾਨ ਨਹੀਂ ਹੋਇਆ ਬਲਕਿ ਟੂਣੇ ਦੇ ਸਾਮਾਨ ਨੇ ਸਾਨੂੰ ਫਾਇਦਾ ਹੀ ਦਿੱਤਾ।

### ਮੈਂ ਫਿਰ ਟੂਣਾ ਚੁਕਿਆ

ਇਸੇ ਤਰ੍ਹਾਂ ਇਕ ਵਾਰ ਮੈਨੂੰ ਹੋਰ ਟੂਣਾ ਚੁੱਕਣ ਦਾ ਮੌਕਾ ਮਿਲਿਆ ਜਿਸ ਵਿਚ ਔਰਤਾਂ ਦੇ ਸ਼ਿੰਗਾਰ ਦਾ ਕਾਫ਼ੀ ਸਾਰਾ ਮਹਿੰਗਾ ਸਾਮਾਨ ਸੀ। ਉਸ ਵਿੱਚੋਂ ਕੁਝ ਸਾਮਾਨ ਤਾਂ ਮੈਂ ਘਰੇ ਰੱਖ ਲਿਆ ਤੇ ਬਾਕੀ ਮੁਨਿਆਰੀ ਦੀ ਦੁਕਾਨ 'ਤੇ ਅੱਧੇ ਰੇਟ 'ਤੇ ਵੇਚ ਦਿੱਤਾ। ਘਰ ਲਿਆਂਦੇ ਹੋਏ ਸਾਮਾਨ ਬਾਰੇ ਮੈਂ ਘਰਦਿਆਂ ਨੂੰ ਪਹਿਲਾਂ ਹੀ ਆਖ ਦਿੱਤਾ ਸੀ ਕਿ ਉਹ ਕਿਸੇ ਨੂੰ ਨਾ ਦੱਸਣ ਕਿ ਇਹ ਸਾਮਾਨ ਟੂਣੇ 'ਚੋਂ ਚੁੱਕਿਆ ਹੈ ਬਲਕਿ ਇਹ ਦੱਸਣਾ ਕਿ ਇਸ ਨੂੰ ਬਾਜ਼ਾਰੋਂ ਖ਼ਰੀਦਿਆ ਹੈ। ਕੁਝ ਦਿਨਾਂ ਬਾਅਦ ਹੀ ਮੇਰੇ ਚਾਚਾ ਜੀ ਦੀ ਲੜਕੀ ਦਾ ਵਿਆਹ ਸੀ। ਵਿਆਹ ਵਿਚ ਸਾਡੀ ਰਿਸ਼ਤੇਦਾਰੀ 'ਚੋਂ ਆਈਆਂ ਆਪਣੀਆਂ ਭਰਜਾਈਆਂ ਨੂੰ ਜਦੋਂ ਮੈਂ ਉਹ ਸਾਮਾਨ ਦਿਖਾਇਆ ਤੇ ਦੱਸਿਆ ਕਿ ਇਹ ਤੁਹਾਡੇ ਲਈ ਸਪੈਸ਼ਲ ਮੰਗਵਾਇਆ ਹੈ ਤਾਂ ਉਹ ਬਹੁਤ ਖੁਸ਼



ਹੋਈਆਂ। ਉਨ੍ਹਾਂ ਮੇਰੇ ਲਈ ਅਸੀਸਾਂ ਦੀ ਝੜੀ ਲਗਾ ਦਿੱਤੀ। ਮੈਂ ਸੋਚ ਰਿਹਾ ਸੀ ਕਿ ਇਹ ਤਾਂ ਉਹ ਗੱਲ ਹੈ, 'ਨਾਲੇ ਪੁੰਨ ਨਾਲੇ ਫ਼ਲੀਆਂ'। ਸਾਡੇ ਘਰ ਲਗਾਤਾਰ ਵਿਗਿਆਨਕ ਸਾਹਿਤ ਆਉਣ ਕਾਰਨ ਮੇਰੇ ਪਰਿਵਾਰ ਦਾ ਵੀ ਜਾਦੂ-ਟੂਣਿਆਂ ਤੋਂ ਵਿਸ਼ਵਾਸ ਉੱਠ ਗਿਆ ਹੈ। ਹੁਣ ਜਦ ਕਦੇ ਵੀ ਮੈਨੂੰ ਕਿਧਰੇ ਟੂਣੇ ਦਾ ਸਾਮਾਨ ਮਿਲਦਾ ਹੈ ਤਾਂ ਟੂਣੇ ਦੇ ਨਾਰੀਅਲ ਵਿੱਚੋਂ ਉਹ ਵੀ ਆਪਣਾ ਹਿੱਸਾ ਮੰਗਣ ਲੱਗਦੇ ਹਨ।

### ਅਜਿਹੀ ਇਕ ਹੋਰ ਘਟਨਾ ਹੈ

ਇਕ ਹੋਰ ਘਟਨਾ ਨਾਲ ਮੇਰਾ ਵਾਹ ਪਿਆ। ਇਹ ਘਟਨਾ ਕਿਸਾਨ ਪਰਿਵਾਰ ਦੀ ਹੈ ਜੋ ਆਰਥਿਕ ਪੱਖੋਂ ਤਾਂ ਮਜ਼ਬੂਤ ਹੈ ਪਰ ਮਾਨਸਿਕ ਪੱਖੋਂ ਊਣਾ ਹੈ। ਉਨ੍ਹਾਂ ਨੇ ਆਪਣੇ ਘਰ ਵਿਚ ਇਕ ਮਟੀ ਬਣਾਈ ਹੋਈ ਸੀ ਜਿਸ ਦੀ ਸਾਰਾ ਪਰਿਵਾਰ ਪੂਜਾ ਕਰਦਾ ਸੀ। ਕੁਝ ਸਮੇਂ ਬਾਅਦ ਉਸ ਪਰਿਵਾਰ ਵਿਚ ਦੁੱਖ-ਤਕਲੀਫ਼ ਆਉਣ 'ਤੇ ਉਹ ਕਿਸੇ ਬਾਬੇ ਦੇ ਸੰਪਰਕ ਵਿਚ ਆ ਗਿਆ। ਬਾਬੇ ਨੇ ਉਨ੍ਹਾਂ ਦੇ ਘਰ ਦੀ ਹਰ ਮੁਸੀਬਤ ਦਾ ਕਾਰਨ ਮਟੀ ਨੂੰ ਦੱਸਿਆ। ਬਾਬੇ ਨੇ ਪਰਿਵਾਰ ਨੂੰ ਸਲਾਹ ਦਿੱਤੀ ਕਿ ਉਹ ਮਟੀ ਨੂੰ ਪੁੱਟਣ ਦੇਣ। ਉਹ ਮਟੀ ਪੁੱਟਣ ਸਲਾਹ ਹੀ ਕਰ ਰਹੇ ਸਨ ਕਿ ਘਰ ਦਾ ਕੋਈ ਨੁਕਸਾਨ ਹੋ ਜਾਂਦਾ। ਬਾਬੇ ਦੁਆਰਾ ਉਨ੍ਹਾਂ ਨੂੰ ਦੱਸਿਆ ਗਿਆ ਮਟੀ ਵਾਲਾ ਵਹਿਮ ਉਨ੍ਹਾਂ ਦੇ ਦਿਮਾਗ਼ ਵਿਚ ਘਰ ਕਰ ਗਿਆ ਸੀ। •

# ਘਰ ਦੇ ਕੰਮ ਵਿਚ ਚਾਹੀਦਾ ਹੈ ਪਤੀ ਦਾ ਸਾਥ ਤਾਂ ਅਜਮਾਓ ਇਹ ਤਰੀਕੇ



ਵੈਸੇ ਤਾਂ ਮੌਜੂਦਾ ਹਾਲਾਤ ਪਹਿਲਾਂ ਵਰਗੇ ਨਹੀਂ ਰਹੇ, ਹੁਣ ਪੁਰਸ਼ ਵੀ ਘਰੇਲੂ ਕੰਮ ਵਿਚ ਪਤਨੀਆਂ ਦਾ ਹੱਥ ਵੰਡਾਉਣ ਲੱਗੇ ਹਨ ਪਰ ਔਸਤਨ ਇਹ ਸਥਿਤੀ ਹਰ ਘਰ ਵਿਚ ਹੁਣ ਵੀ ਨਹੀਂ ਹੈ। ਕਈ ਔਰਤਾਂ ਨੂੰ ਸ਼ਿਕਾਇਤ ਹੁੰਦੀ ਹੈ ਕਿ ਉਹਨਾਂ ਨੂੰ ਆਪਣੇ ਪਤੀ ਦੀ ਮਦਦ ਨਹੀਂ ਮਿਲਦੀ। ਹੁਣ ਅਜਿਹੇ ਵਿਚ ਜੇਕਰ ਤੁਸੀਂ ਵੀ ਇਸ ਵਿਚ ਸ਼ਾਮਲ ਹੋ ਤਾਂ ਕੋਈ ਗੱਲ ਨਹੀਂ। ਹੋ ਸਕਦਾ ਹੈ ਕਿ ਤੁਹਾਡੇ ਪਤੀ ਨੇ ਇਸ ਬਾਰੇ ਕਦੀ ਸੋਚਿਆ ਹੀ ਨਹੀਂ ਜਾਂ ਫਿਰ ਤੁਹਾਡੇ ਮਦਦ ਮੰਗਣ ਦਾ ਤਰੀਕਾ ਹੀ ਗਲਤ ਹੋਵੇ। ਆਓ ਇਹ ਤਰੀਕੇ ਅਜ਼ਮਾਉਂਦੇ ਹਾਂ, ਜੋ ਕਾਮਯਾਬ ਹੋ ਸਕਦੇ ਹਨ-

ਤੁਹਾਡੀ ਅਪਰੋਚ ਬਹੁਤ ਮਾਇਨੇ ਰੱਖਦੀ ਹੈ। ਕੋਈ ਕੰਮ ਹੋਵੇ ਤਾਂ ਇਸ ਤਰ੍ਹਾਂ ਬਿਲਕੁਲ ਨਾ ਦਿਖਾਓ ਕਿ ਤੁਸੀਂ ਇਸ ਵਿਚ ਨਿਪੁੰਨ ਹੋ ਅਤੇ ਕਿਸੇ ਦੇ ਮਦਦ ਦੀ ਲੋੜ ਨਹੀਂ ਹੈ। ਬਲਕਿ ਪਤੀ ਦੇ ਸਾਹਮਣੇ ਇਹ ਯਕੀਨ ਦਿਵਾਉਣਾ ਜ਼ਰੂਰੀ ਹੈ ਕਿ ਤੁਹਾਨੂੰ ਉਹਨਾਂ ਦੀ ਮਦਦ ਦੀ ਲੋੜ ਹੈ। ਖੁਦ ਨੂੰ ਬੌਸ ਵਰਗਾ ਦਿਖਾਉਣ ਦੀ ਬਜਾਏ ਸਹਿਯੋਗੀ ਦੇ ਰੂਪ ਵਿਚ ਅਪਰੋਚ ਕਰਨਾ ਬਿਹਤਰ ਹੋਵੇਗਾ।

ਇਸ ਗੱਲ ਦਾ ਬੇਹੱਦ ਧਿਆਨ ਰੱਖੋ ਕਿ ਕੋਈ ਵੀ ਕੰਮ ਪਤੀ 'ਤੇ ਥੋਪੋ ਨਾ। ਪਸੰਦ ਦਾ ਕੰਮ ਮਿਲੇਗਾ ਤਾਂ ਉਹ ਉਤਸ਼ਾਹਿਤ ਹੋਵੇਗਾ। ਵੈਸੇ ਵੀ ਘਰ ਵਿਚ ਬਹੁਤ ਸਾਰੇ ਕੰਮ ਹੁੰਦੇ ਹਨ, ਪੁੱਛ ਲਓ ਕਿ ਉਹ ਕਿਹੜਾ ਕੰਮ ਕਰਨਾ ਪਸੰਦ ਕਰੇਗਾ। ਇਸ ਤੋਂ ਬਾਅਦ ਕੰਮ ਵੰਡ ਲਓ।

ਕੋਈ ਵੀ ਇਨਸਾਨ ਕਿਸੇ ਕੰਮ ਵਿਚ ਪਰਫੈਕਟ ਨਹੀਂ ਹੁੰਦਾ ਹੈ, ਸਮੇਂ ਦੇ ਨਾਲ ਉਹ ਬਹੁਤ ਕੁਝ ਸਿੱਖਦਾ ਹੈ। ਇਸ ਕਰਕੇ ਤੁਹਾਡਾ ਪਤੀ ਘਰ ਦਾ ਕੋਈ ਕੰਮ ਕਰਦਾ ਹੈ ਤਾਂ ਉਸਦਾ ਮਨੋਬਲ ਵਧਾਓ। ਬੇਸ਼ੱਕ ਹੀ ਸਹੀ ਤਰੀਕੇ ਨਾਲ ਨਾ ਕਰ ਰਹੇ ਹੋ। ਵਾਰ-ਵਾਰ ਟੋਕੋ ਵੀ ਨਾ, ਕਿਉਂਕਿ ਅਜਿਹਾ ਕਰਨ ਨਾਲ ਉਹਨਾਂ ਨੂੰ ਬੁਰਾ ਲੱਗ ਸਕਦਾ ਹੈ। ਕਿਸੇ ਹੋਰ ਦੀ ਉਦਾਹਰਣ ਦੇ ਕੇ ਕੰਮ ਕਰਨ ਦੇ ਲਈ ਕਹਿਣਾ ਵੀ ਠੀਕ ਨਹੀਂ। ਇਸ ਨਾਲ ਉਸਨੂੰ ਬੁਰਾ ਲੱਗ ਸਕਦਾ ਹੈ। ਇਸ ਕਰਕੇ ਇਸ ਗੱਲ ਦਾ ਖਿਆਲ ਰੱਖਣਾ ਵੀ ਜ਼ਰੂਰੀ ਹੈ। ਜਨਤਕ ਤੌਰ ਤੇ ਵੀ ਉਹਨਾਂ ਦੇ ਕੰਮ ਕੀ ਸ਼ਲਾਘਾ ਕਰੋ। ਇਸ ਨਾਲ ਚੰਗਾ ਲੱਗੇਗਾ। ਉਹਨਾਂ ਨੂੰ ਇਹ ਸਮਝਾਓ ਕਿ ਇਕੱਠੇ ਕੰਮ ਕਰਨ ਨਾਲ ਉਹ ਅਤੇ ਤੁਸੀਂ ਇਕ ਦੂਜੇ ਦੇ ਨਾਲ ਜ਼ਿਆਦਾ ਵਕਤ ਗੁਜ਼ਾਰ ਸਕਣਗੇ।

# ਗੁਆਚੇ ਬੱਚਿਆਂ ਦੀ ਭਾਲ ਲਈ ਚੀਨ ਨੇ ਅਪਣਾਇਆ ਇਹ ਅਨੋਖਾ ਤਰੀਕਾ





ਆਉਂਦੀਆਂ ਰਹਿੰਦੀਆਂ ਹਨ। ਗੁਆਚੇ ਬੱਚਿਆਂ ਦੀ ਭਾਲ ਦੇ ਲਈ ਵੱਖ ਵੱਖ ਕਿਸਮ ਦੇ ਇਸ਼ਤਿਹਾਰ ਅਖਬਾਰਾਂ ਅਤੇ ਟੀਥ ਵੀਥ ਵਿਚ ਤੁਸੀਂ ਦੇਖੇ ਹੋਣਗੇ। ਬੱਚਿਆਂ ਦੀ ਭਾਲ ਦੇ ਲਈ ਜਨਤਕ ਥਾਵਾਂ 'ਤੇ ਪੋਸਟਰ ਵੀ ਲਗਾਏ ਜਾਂਦੇ ਹਨ।

ਮਕਸਦ ਸਿਰਫ ਇਕ ਹੁੰਦਾ ਹੈ ਕਿ ਬੱਸ ਸਾਡਾ ਗੁਆਚਿਆ ਹੋਇਆ ਬੱਚਾ ਸਾਨੂੰ ਵਾਪਸ ਮਿਲ ਜਾਵੇ। ਇਹ ਇਕ ਅਜਿਹੀ ਸਮੱਸਿਆ ਹੈ ਜੋ ਸਿਰਫ ਇਸ ਦੇਸ਼ ਵਿਚ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਆਮ ਹੈ। ਸਾਡੇ ਪੜੋਸੀ ਦੇਸ਼ ਚੀਨ ਵਿਚ ਵੀ ਹਜ਼ਾਰਾਂ ਬੱਚੇ ਗੁੰਮ ਹੋ ਜਾਂਦੇ ਹਨ। ਇਸ ਕਰਕੇ ਉਥੋਂ ਦੀ ਇਕ ਕੰਪਨੀ ਨੇ ਗੁਆਚੇ ਇਹਨਾਂ ਬੱਚਿਆਂ ਨੂੰ ਲੱਭਣ ਦਾ ਇਕ ਅਜੀਬ ਤਰੀਕਾ ਲੱਭਿਆ ਹੈ। ਦਾ ਲਾਜਿਸਕਲ ਇੰਡੀਅਨ ਦੇ ਮੁਤਾਬਕ ਚੀਨ ਦੇ ਸ਼ਾਨਡਾਂਗ ਰਾਜ ਦੇ ਕਿੰਗਡਾਓ ਸਥਿਤ ਫੂਡ ਕੰਪਨੀ ਨੇ ਬਾਓਬੇਈਹੁਇਜਾ ਵੈਬਸਾਈਟ ਦੇ ਨਾਲ ਮਿਲ ਕੇ ਇਕ ਮੁਹਿੰਮ ਆਰੰਭ ਕੀਤੀ ਹੈ, ਜਿਸ ਕਾਰਨ ਕੰਪਨੀ ਨੇ ਪੰਜ ਲੱਖ ਮਿਨਰਲ ਵਾਟਰ ਦੀਆਂ ਬੋਤਲਾਂ ਬਾਜ਼ਾਰ ਵਿਚ ਕੱਢੀਆਂ ਹਨ, ਜਿਹਨਾਂ ਤੇ ਗੁਆਚੇ ਹੋਏ ਬੱਚਿਆਂ ਦੀ ਤਸਵੀਰ ਸਮੇਤ ਬਾਇਓਡਾਟਾ ਪ੍ਰਿੰਟ ਕੀਤਾ ਹੈ, ਜਿਸ ਵਿਚ ਮਾਪਿਆਂ ਦੇ ਨਾਂ ਅਤੇ ਫੋਨ ਨੰਬਰ ਵੀ ਹੁੰਦੇ ਹਨ। ਇਕ ਬੋਤਲ 'ਤੇ ਜ਼ਿਆਦਾਤਰ ਛੇ ਬੱਚਿਆਂ ਦਾ ਬਾਇਓਡਾਟਾ ਛਾਪਿਆ ਗਿਆ ਹੈ। ਇਹਨਾਂ ਬੋਤਲਾਂ ਨੂੰ ਸੁਪਰ ਮਾਰਕੀਟ, ਰੇਲਵੇ ਸਟੇਸ਼ਨ, ਏਅਰਪੋਰਟ ਅਤੇ ਹੋਰ ਜਨਤਕ ਥਾਵਾਂ ਤੇ ਵੇਚਿਆ ਜਾ ਰਿਹਾ ਹੈ। ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਇਸ ਕੰਪਨੀ ਦੀ ਅਜਿਹੀ ਪਹਿਲ ਕਾਰਨ ਹੁਣ ਤੱਕ 1700 ਤੋਂ ਜ਼ਿਆਦਾ ਬੱਚੇ ਆਪਣੇ ਘਰ ਵਾਲਿਆਂ ਨੂੰ ਵਾਪਸ ਮਿਲ ਗਏ ਹਨ। ਇਕ ਮਾਂ ਦਾ ਤਾਂ ਛੇ ਸਾਲ ਤੋਂ ਗੁਆਚਿਆ ਬੇਟਾ ਮਿਲ ਗਿਆ। ਇਸ ਸਫਲਤਾ ਤੋਂ ਉਤਸ਼ਾਹਿਤ ਹੋ ਕੇ ਕਰੀਬ 32 ਹਜ਼ਾਰ ਮਾਪੇ ਹੁਣ ਤੱਕ ਆਪਣੇ ਬੱਚਿਆਂ ਦੀ ਭਾਲ ਦੇ ਲਈ ਕੰਪਨੀ ਦੀ ਵੈਬਸਾਈਟ 'ਤੇ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ। ਇਸ ਕੰਪਨੀ ਨੂੰ ਇਹ ਆਈਡੀਆ ਨਿਊਯਾਰਕ ਦੇ ਇਕ ਪਿਤਾ ਦੁਆਰਾ ਅਪਣਾਏ ਗਏ ਤਰੀਕੇ ਤੋਂ ਮਿਲਿਆ। ਉਸਨੇ 1979 ਵਿਚ ਆਪਣੇ ਛੇ ਸਾਲ ਦੇ ਬੱਚੇ ਨੂੰ ਲੱਭਣ ਦੇ ਲਈ ਦੁੱਧ ਦੇ ਪੈਕਟਾਂ ਤੇ ਆਪਣੇ ਬੱਚੇ ਦੀ ਤਸਵੀਰ ਛਪਵਾ ਕੇ ਸਾਰੇ ਸ਼ਹਿਰ ਵਿਚ ਵੰਡਿਆ ਸੀ।

# ਮੌਜੂਦਾ ਵਿੱਚ ਅਹਿੰਸਾ ਪਰਮੋ ਧਰਮ ਦੀ ਭਾਵਨਾ ਪਹਿਲਾਂ ਤੋਂ ਵੱਧ ਪ੍ਰਸੰਗਿਕ :ਸ੍ਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਜੈਨ ਧਰਮ ਦੀ ਮੂਲ ਭਾਵਨਾ-ਅਹਿੰਸਾ ਪਰਮੋ ਧਰਮ, ਪਹਿਲੇ ਤੋਂ ਵੱਧ ਪ੍ਰਸੰਗਿਕ ਹੈ।

ਇਹ ਦੁਨੀਆ ਦੇ ਵੱਖ-ਵੱਖ ਸੰਘਰਸ਼ਾ, ਯੁੱਧਾਂ ਅਤੇ ਹਿੰਸਾ ਦੇ ਵਿੱਚ ਸ਼ਾਂਤੀ ਅਤੇ ਪ੍ਰੇਮ ਦਾ ਸੰਦੇਸ਼ ਦੇ ਰਹੀ ਹੈ। ਇਸ ਧਰਮ ਦਾ ਵਰਸ਼ਾ ਤੱਪ ਪਾਰਣਾ ਪੂਰਬ ਅੱਜ ਨੌਜੁਆਨ ਵਰਗ ਦੇ ਲਈ ਵਿਸ਼ੇਸ਼ ਰੂਪ ਨਾਲ ਪ੍ਰੇਰਣਾਦਾਇਕ ਹੈ। ਇਹ ਆਤਮਨਿਯੰਤਰਣ ਅਤੇ ਧੀਰਜ ਦਾ ਮਹਤੱਵ ਸਮਝਾਉਂਦਾ ਹੈ। ਜੇਕਰ ਨੌਜੁਆਨ ਪੀੜੀ ਇੰਨ੍ਹਾਂ ਮੁੱਲਾਂ ਨੂੰ ਜੀਵਨ ਵਿੱਚ ਅਪਨਾਉਣ ਤਾਂ ਉਨ੍ਹਾਂ ਦੇ ਨਿਜੀ ਵਿਕਾਸ ਦੇ ਨਾਲ-ਨਾਲ ਸਮਾਜ ਅਤੇ ਰਾਸ਼ਟਰ ਵੀ ਪ੍ਰਗਤੀ ਦੇ ਮਾਰਗ ’ਤੇ ਅਗਰਸਰ ਹੋਣਗੇ।

ਮੁੱਖ ਮੰਤਰੀ ਕਰਨਾਲ ਵਿੱਚ ਸ੍ਰੀ ਆਤਮ ਮਨੋਹਰ ਜੈਨ ਅਰਾਧਨਾ ਮੰਦਿਰ ਵਿੱਚ ਆਯੋਜਿਤ ਵਿਸ਼ੇਸ਼ ਧਰਮਸਭਾ ਵਿੱਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਇਸ ਮਕੇ ’ਤੇ ਉਨ੍ਹਾਂ ਨੇ ਪੀਯੂਸ਼ ਬਲਾਕ ਹਸਪਤਾਲ ਦੀ ਪਹਿਲੀ ਮੰਜਿਲ ਦਾ ਨੀਂਹ ਪੱਥਰ, ਦੋ ਪੰਛੀ ਮੀਨਾਰਾਂ ਤੇ ਜੀਵ ਸੇਵਾ ਕੇਂਦਰ ਦਾ ਉਦਘਾਟਨ ਵੀ ਕੀਤਾ। ਉਨ੍ਹਾਂ ਨੇ ਹਸਪਤਾਲ ਵਿੱਚ ਦਾਖਲ ਮਰੀਜਾਂ ਦਾ ਹਾਲਚਾਲ ਜਾਨਿਆ ਤੇ ਮੰਦਿਰ ਵਿੱਚ ਭਗਵਾਨ ਸ਼੍ਰੀ ਘੰਟਾਕਰਣ ਮਹਾਵੀਰ ਦੀ ਅਰਾਧਨਾ ਕਰ ਆਸ਼ੀਰਵਾਦ ਲਿਆ। ਇਸ ਦੌਰਾਨ ਉਨ੍ਹਾਂ ਨੇ ਸਮਾਜਸੇਵੀਆਂ ਨੂੰ ਸਨਮਾਨਿਤ ਕੀਤਾ।

ਇਸ ਮੌਕੇ ’ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਅਕਸ਼ੈ ਤ੍ਰਤੀਆ ਹੈ। ਅੱਜ ਹੀ ਭਗਵਾਨ ਪਰਸ਼ੂਰਾਮ ਜੀ ਅਵਤਰਿਤ ਹੋਏ ਸਨ। ਅੱਜ ਵਰਸ਼ੀ ਤੱਪ ਪਾਰਣਾ ਵੀ ਹੈ। ਭਗਵਾਨ ਰਿਸ਼ਭ ਦੇਵ ਨੇ 400 ਦਿਨਾਂ ਦੇ ਵਰਤ ਦਾ ਗੰਨੇ ਦੇ ਰਸ ਨਾਲ ਪਾਰਣਾ ਕੀਤਾ ਸੀ। ਉਨ੍ਹਾਂ ਨੇ ਸੂਬਾਵਾਸੀਆਂ ਨੂੰ ਇੰਨ੍ਹਾਂ ਪਵਿੱਤਰ ਦਿਵਸਾਂ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਅੱਜ ਵਰਸ਼ੀ ਤੱਪ ਪਾਰਣਾ ਪੂਰਬ ਅਰਾਧਨਾ ਮੰਦਿਰ ਵਿੱਚ ਮਨਾਇਆ ਜਾ ਰਿਹਾ ਹੈ। ਇਹ ਹਿੰਦੂ ਜੈਨ ਅਤੇ ਬੌਧ ਰਿਵਾਇਤਾਂ ਵਿੱਚ ਸਨਮਾਨਿਤ ਸਥਾਨ ਪ੍ਰਾਪਤ ਮਹਾ ਪ੍ਰਭਾਵੀ ਘੰਟਾਕਰਣ ਮਹਾਵੀਰ ਦੇਵਤਾ ਦਾ ਤੀਰਥ ਹੈ। ਇੱਥੇ ਮਹਾਪ੍ਰਭਾਵੀ ਓਸਿਆ ਮਾਤਾ ਦਾ ਧਰਮਸਥਾਨ ਵੀ ਹੈ। ਇੱਥੇ ਗੁਰੂਦੇਵ ਮਨੋਹਰ ਮੁਨੀ ਦਾ ਮਸਾਧੀ ਮੰਦਿਰ ਆਸਥਾ ਦਾ ਕੇਂਦਰ ਹੈ। ਇੱਥੇ ਹਰ ਮਹੀਨੇ ਲੋਕਾਂ ਨੂੰ ਜੀਵਨ ਜੀਣ ਦੀ ਕਲਾ ਦੇ ਮਾਰਗਦਰਸ਼ਨ ਲਈ ਆਤਮ ਸ਼ਾਂਤੀ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਵਰਸ਼ੀ ਤੱਪ ਪਾਰਣਾ ਪੂਰਬ ਮਹਾਵੀਰ ਦਾਨਵੀਰ ਕਰਣ ਦੀ ਨਗਰੀ ਵਿੱਚ ਮਨਾਇਆ ਜਾ ਰਿਹਾ ਹੈ।



ਮਹਾਵੀਰ ਕਰਣ ਖੁਦ ਮਹਾਦਾਨੀ ਅਤੇ ਦ੍ਰਿੜਵਰਤੀ ਸਨ। ਇਸ ਨਗਰੀ ਵਿੱਚ ਉਨ੍ਹਾਂ ਦੀ ਅਧਿਆਤਮਿਕ ਤਰੰਗਾਂ ਅੱਜ ਵੀ ਫੈਲੀਆਂ ਹੋਈਆਂ ਹਨ। ਇਸ ਦਾ ਪ੍ਰਮਾਣ ਇਹ ਹੈ ਕਿ ਉਨ੍ਹਾਂ ਦੇ ਸਾਹਮਣੇ ਅੱਜ ਵੀ ਅਨੇਕ ਮਹਾਦਾਨੀ ਅਤੇ ਦ੍ਰਿੜਵਰਤੀ ਬੈਠੇ ਹਨ।

ਉਨ੍ਹਾਂ ਨੇ ਕਿਹਾ ਕਿ ਕਰਨਾਲ ਆਉਣ ’ਤੇ ਉਨ੍ਹਾਂ ਨੇ ਇੱਥੇ ਦੀ ਸਮਾਜ ਦੇਵੀ ਅਦਾਰਿਆਂ ਨਾਲ ਵਿਸ਼ੇਸ਼ ਪ੍ਰੇਰਣਾ ਮਿਲਦੀ ਹੈ।

ਸ੍ਰੀ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਭਾਰਤ ਨੇ ਸਿਰਫ ਲਗਾਤਾਰ ਪ੍ਰਗਤੀ ਕਰ ਰਿਹਾ ਹੈ, ਸਗੋ ਪੁਰਾਣੇ ਸਭਿਆਚਾਰ ਅਤੇ ਗੌਰਵਸ਼ਾਲੀ ਰਿਵਾਇਤਾਂ ਨੂੰ ਵੀ ਪੂਰੀ ਦੁਨੀਆ ਵਿੱਚ ਨਵੀਂ ਪਹਿਚਾਣ ਦਿਵਾ ਰਿਹਾ ਹੈ। ਪਿਛਲੇ 11 ਸਾਲਾਂ ਵਿੱਚ ਦੇਸ਼ ਵਿੱਚ ਸਭਿਆਚਾਰਕ ਸਰੰਖਣ ਅਤੇ ਪੁਨਰ ਸਰਜੀਤੀ ਦੇ ਇਤਿਹਾਸਕ ਕੰਮ ਹੋਏ ਹਨ।

ਉਨ੍ਹਾਂ ਨੇ ਭਗਵਾਨ ਸ੍ਰੀ ਰਾਮ ਦੇ ਸ਼ਾਨਦਾਰ ਮੰਦਿਰ ਨਿਰਮਾਣ, ਮਹਾਕਾਲੇਸ਼ਵਰ ਕੋਰੀਡੋਰ ਅਤੇ ਕਾਸ਼ੀ ਵਿਸ਼ਵਨਾਥ ਕੋਰੀਡੋਰ ਦੇ ਵਿਕਾਸ ਦਾ ਵਰਨਣ ਕਰਦੇ ਹੋਏ ਕਿਹਾ ਕਿ ਇਹ ਸੱਭ ਪ੍ਰਧਾਨ ਮੰਤਰੀ ਦੀ ਦੂਰਦਰਸ਼ੀ ਸੋਚ ਦਾ ਨਤੀਜਾ ਹੈ। ਉਨ੍ਹਾਂ ਨੇ ਕਿਹਾ ਕਿ ਕੁਰੂਕਸ਼ੇਤਰ ਵਿੱਚ ਉਸ ਪਵਿੱਤਰ ਸਥਾਨ ਦੀ ਮੁੜ ਸੁਰਜੀਤੀ ਕੀਤੀ ਗਈ ਹੈ ਜਿੱਥੇ ਭਗਵਾਨ ਸ਼੍ਰੀ ਕ੍ਰਿਸ਼ਣ ਨੇ ਗੀਤਾ ਦਾ ਅਮਰ ਸੰਦੇਸ਼ ਦਿੱਤਾ ਸੀ। ਪ੍ਰਧਾਨ ਮੰਤਰੀ ਨੇ ਸਿਰਫ ਆਧੁਨਿਕ ਭਾਰਤ ਦੇ ਨਿਰਮਾਣ ਵਿੱਚ ਜੁਟੇ ਹਨ, ਸਗੋ ਗੁਰੂਆਂ ਅਤੇ ਮੁਨੀਆਂ ਵੱਲੋਂ ਦਿਖਾਏ ਗਏ ਮਾਰਗ ’ਤੇ ਚੱਲ ਕੇ ਭਾਰਤ ਨੂੰ ਵਿਸ਼ਵ ਗੁਰੂ ਬਨਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਜੈਨ ਧਰਮ ਵਿੱਚ ਕਠੋਰ ਤੱਪ ਤੇ ਤਿਆਗ ਦਾ ਬਹੁਤ ਮਹਤੱਵ ਹੈ। ਜੈਨ ਅਨੁਯਾਈ 14 ਸਾਲਾਂ ਤੱਕ ਕਠੋਰ ਤੱਪ ਕਰ ਕੇ ਮੁਨੀ ਬਨਦਾ ਹੈ। ਵਰਸ਼ਾ ਤੱਪ ਦਾ ਵੀ ਜੈਨ ਧਰਮ ਦੀ ਮਹਾਨ ਤੱਪ ਪਰੰਪਰਾ ਵਿੱਚ ਵਿਸ਼ੇਸ਼ ਸਥਾਨ ਹੈ।

ਇਹ ਆਤਮ ਸ਼ੁੱਧੀ, ਧੀਰਜ ਅਤੇ ਤਿਆਗ ਦਾ ਵ੍ਰਤ ਹੈ। ਜੈਨ ਧਰਮ ਨੇ ਸਦੀਆਂ ਤੋਂ ਮਨੁੱਖ ਨੂੰ ਜੀਵਨ ਦੀ ਸੱਚੀ ਰਾਹ ਦਿਖਾਈ ਹੈ। ਤੀਰਥੰਕਰਾਂ ਅਤੇ ਮੁਨੀਆਂ ਵੱਲੋਂ ਸਥਾਪਿਤ ਮੁੱਲਾਂ ਤੇ ਸਿਦਾਂਤਾਂ ਨੂੰ ਅਪਨਾ ਕੇ ਹੀ ਮਨੁੱਖ ਸਭਿਅਤਾ ਫੱਲ-ਫੂਲ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸੰਤ ਗੌਰਵ ਪੀਯੂਸ਼ ਮੁਨੀ ਮਹਾਰਾਜ ਨੇ ਆਪਣੀ ਸਾਧਨਾ ਦੇ ਨਾਲ-ਨਾਲ ਸਿਖਿਆ, ਸਿਹਤ, ਰਾਸ਼ਟਰ ਨਿਰਮਾਣ, ਜੀਵ ਦਿਆ, ਕੁਦਰਤੀ ਸਰੰਖਣ ਆਦਿ ਖੇਤਰਾਂ ਵਿੱਚ ਵਰਨਣਯੋਗ ਕੰਮ ਕੀਤਾ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੀ ਪਵਿੱਤਰ ਧਰਤੀ ਜੈਨ ਧਰਮ ਦਾ ਬੋਲਬਾਲਾ ਰਹੀ ਹੈ। ਗੁਰੂਗ੍ਰਾਮ, ਰੋਹਤਕ, ਫਰੀਦਾਬਾਦ, ਭਿਵਾਨੀ ਅਤੇ ਹਿਸਾਰ ਦੇ ਖੇਤਰ ਹਜਾਰਾਂ ਸਾਲ ਪਹਿਲਾਂ ਜੈਨ ਸਭਿਆਚਾਰ ਨਾਲ ਓਤ-ਪ੍ਰੋਤ ਰਹੇ ਹਨ। ਇੰਨ੍ਹਾਂ ਖੇਤਰਾਂ ਵਿੱਚ ਮਿਲੇ ਸ਼ਿਲਾਲੇਖ ਤੇ ਤੀਰਥੰਕਰਾਂ ਦੀ ਪ੍ਰਤਿਮਾਵਾਂ ਇਸ ਗੱਲ ਦਾ ਪ੍ਰਮਾਣ ਹਨ। ਅੱਜ ਵੀ ਸੂਬੇ ਦੇ ਹਰ ਖੇਤਰ ਵਿੱਚ ਜੈਨ ਮੰਦਿਰ ਅਤੇ ਸਥਾਨਕ ਸਥਿਤ ਹੈ। ਜੈਨ ਸਮਾਜ ਦਾ ਸੂਬੇ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਹੈ। ਸਰਕਾਰ ਰਾਜ ਵਿੱਚ ਸਾਰੇ ਧਰਮਾਂ ਦੇ ਸਨਮਾਨ ਅਤੇ ਵਿਕਾਸ ਲਈ ਪ੍ਰਤੀਬੱਧ ਹੈ। ਸਰਕਾਰ ਦਾ ਸੰਕਲਪ ਹੈ ਕਿ ਆਰਥਕ ਰੂਪ ਤੋਂ ਕਮਜੋਰ ਵਰਗ ਦੇ ਬਜੁਰਗ ਸ਼ਰਧਾਲੂ ਧਨ ਦੇ ਥੋੜ ਕਾਰਨ ਤੀਰਥ ਯਾਤਰਾ ਤੋਂ ਵਾਂਝੇ ਨਾ ਰਹਿਣ। ਇਸੀ ਉਦੇਸ਼ ਨਾਲ ਸਰਕਾਰ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਚਲਾਈ ਹੋਈ ਹੈ । ਹੁਣ 5 ਮਈ ਨੂੰ ਨੰਦੇੜ ਸਾਹਿਬ ਦੇ ਲਈ ਕੁਰੂਕਸ਼ੇਤਰ ਤੋਂ ਟ੍ਰੇਨ ਭੇਜੀ ਜਾਵੇਗੀ।

ਇਸ ਮੌਕੇ ’ਤੇ ਪੀਯੂਸ਼ ਮੁਨੀ ਜੀ ਮਹਾਰਾਜ ਨੇ ਕਿਹਾ ਕਿ ਅਕਸ਼ੈ ਤ੍ਰਿਤੀਆ ਦਾ ਦਿਨ ਭਾਰਤੀ ਸਭਿਆਚਾਰ ਵਿੱਚ ਸਿਰਫ ਇੱਕ ਮਿੱਤੀ ਨਹੀਂ, ਸਗੋ ਇਹ ਤਿਆਗ, ਤੱਪ ਅਤੇ ਦਾਨ ਦੇ ਸਿਖਰ ਦਾ ਪ੍ਰਤੀਕ ਹੈ। ਉਨ੍ਹਾਂ ਨੇ ਕਿਹਾ ਕਿ ਅਧਿਆਮਿਕਤਾ ਦਾ ਅਰਥ ਸਿਰਫ ਭੌਤਿਕ ਸੁੱਖ-ਸਹੂਲਤਾਂ, ਮਨੋਰੰਜਨ ਜਾਂ ਬਾਹਰੀ ਦਿਖਾਵੇ ਤੱਕ ਸੀਮਤ ਨਹੀਂ ਹੈ। ਸੱਚੀ ਅਧਿਆਤਮਿਕਤਾ ਸਾਡੇ ਅੰਦਰ ਦੇ ਚਾਨਣ ਨੂੰ ਜਗਾਉਣ ਅਤੇ ਜਨਸੇਵਾ ਦੇ ਮਾਰਗ ’ਤੇ ਚੱਲਣ ਵਿੱਚ ਨਿਹਿਤ ਹਨ।

# ਬੇਅਦਬੀ ਵਿਰੋਧੀ ਬਿੱਲ ਰਾਜਪਾਲ ਦੀ ਮਨਜ਼ੂਰੀ ਨਾਲ ਕਾਨੂੰਨ ਬਣਿਆ: ਚੀਮਾ



**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵੰਤ ਮਾਨ ਸਰਕਾਰ ਨੇ ਅਧਿਕਾਰਤ ਤੌਰ ’ਤੇ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ’ ਲਾਗੂ ਕਰ ਦਿੱਤਾ ਹੈ। ਪੰਜਾਬ ਦੇ ਰਾਜਪਾਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਲਈ ਉਮਰ ਕੈਦ ਦੀ ਵਿਵਸਥਾ ਵਾਲੇ ਇਸ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਅੱਜ ਇੱਥੇ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਕੈਬਨਿਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਸ ਕਦਮ ਨੂੰ ਭਾਈਚਾਰਕ ਸਾਂਝ ਨੂੰ ਬਣਾਈ ਰੱਖਣ ਅਤੇ ਧਾਰਮਿਕ ਗ੍ਰੰਥਾਂ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਇੱਕ ਫੈਸਲਾਕੁੰਨ ਕਦਮ ਦੱਸਿਆ। ਉਨ੍ਹਾਂ ਅੱਗੇ ਕਿਹਾ, ਇਤਿਹਾਸ ਇੱਕ ਪਰੇਸ਼ਾਨ ਕਰਨ ਵਾਲੇ ਪੈਟਰਨ ਨੂੰ ਦਰਸਾਉਂਦਾ ਹੈ ਜਿੱਥੇ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ, ਖਾਸ ਤੌਰ ’ਤੇ 1986 ਦੀ ਨਕੋਦਰ ਘਟਨਾ ਅਤੇ 2015 ਦੇ ਬਰਗਾੜੀ ਅਤੇ ਬਹਿਬਲ ਕਲਾਂ ਮਾਮਲਿਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਇਨਸਾਫ਼ ਯਕੀਨੀ ਬਣਾਉਣ ਵਿੱਚ ਨਾਕਾਮ ਰਹੀਆਂ ਹਨ। ਉਨ੍ਹਾਂ ਕਿਹਾ, ਪਿਛਲੀਆਂ ਸਰਕਾਰਾਂ ਅਧੀਨ ਵੱਖ-ਵੱਖ ਕਮਿਸ਼ਨਾਂ ਅਤੇ ਵਿਸ਼ੇਸ਼ ਜਾਂਚ ਟੀਮਾਂ ਦੇ ਗਠਨ ਦੇ ਬਾਵਜੂਦ, ਕਾਰਵਾਈ ਰਿਪੋਰਟਾਂ ਵਰਗੇ ਅਹਿਮ ਸਬੂਤ ਗਾਇਬ ਹੋ ਗਏ ਅਤੇ ਜਾਂਚ ਫਾਈਲਾਂ ਧੂੜ ਫੱਕਦੀਆਂ ਰਹੀਆਂ, ਜਿਸ ਨਾਲ ਦੋਸ਼ੀਆਂ ਅਤੇ ਸਾਜ਼ਿਸ਼ਕਰਤਾ ਕਾਨੂੰਨ ਤੋਂ ਬਚਦੇ ਰਹੇ।

2022 ਤੋਂ ਆਏ ਬਦਲਾਅ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ, ਭਗਵੰਤ ਮਾਨ ਸਰਕਾਰ ਨੇ ਦਹਾਕਿਆਂ ਤੋਂ ਰੁਕੀਆਂ ਪਈਆਂ ਜਾਂਚਾਂ ਨੂੰ ਤੇਜ਼ ਕਰਨ ਲਈ ਅਣਥੱਕ ਯਤਨ ਕੀਤੇ। ਪਹਿਲੀ ਵਾਰ, ਉੱਚ-ਪੱਧਰ ਦੀਆਂ ਸ਼ਖਸੀਅਤਾਂ, ਜਿਨ੍ਹਾਂ ਨੂੰ ਪਹਿਲਾਂ ਸਿਆਸੀ ਸੁਰੱਖਿਆ ਪ੍ਰਾਪਤ ਸੀ, ਨੂੰ ਅਦਾਲਤਾਂ ਤੋਂ ਅਗਾਊਂ ਜ਼ਮਾਨਤ ਲੈਣ ਲਈ ਮਜਬੂਰ ਹੋਣਾ ਪਿਆ ਹੈ।

ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਹਰ ਦੋਸ਼ੀ ਨੂੰ ਇਨਸਾਫ਼ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ, ਚਾਹੇ ਉਸਦਾ ਸਮਾਜਿਕ ਜਾਂ ਰਾਜਨੀਤਿਕ ਕੱਦ ਕੁਝ ਵੀ ਹੋਵੇ।

ਕਾਨੂੰਨ ਦੀਆਂ ਵਿਵਸਥਾਵਾਂ ਬਾਰੇ ਦੱਸਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਨਵਾਂ ਬਣਾਇਆ ਗਿਆ ਕਾਨੂੰਨ ਵਿਆਪਕ ਅਤੇ ਠੋਸ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਦੋਸ਼ੀਆਂ ਦੇ ਇਨਸਾਫ਼ ਤੋਂ ਬਚਣ ਲਈ ਕੋਈ ਖਾਮੀ ਨਹੀਂ ਛੱਡੀ ਗਈ। ਇਹ ਐਕਟ ਨਾ ਸਿਰਫ਼ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਜੋ ਸਰੀਰਕ ਤੌਰ ’ਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ ਬਲਕਿ ਮਾਸਟਰਮਾਈਂਡਾਂ ਅਤੇ ਸਾਜ਼ਿਸ਼ਕਰਤਾਵਾਂ ਨੂੰ ਵੀ ਘੇਰੇ ਵਿੱਚ ਲਿਆਉਂਦਾ ਹੈ।

ਉਨ੍ਹਾਂ ਅੱਗੇ ਕਿਹਾ, ਇਸ ਤੋਂ ਇਲਾਵਾ, ਇਹ ਕਾਨੂੰਨ ਮੁਕੱਦਮੇ ਤੋਂ ਬਚਣ ਲਈ ਵਰਤੇ ਜਾਂਦੇ ’ਮਾਨਸਿਕ ਅਸਥਿਰਤਾ’ ਦੇ ਆਮ ਬਚਾਅ ਨੂੰ ਵੀ ਸੰਬੋਧਿਤ ਕਰਦਾ ਹੈ। ਨਵੀਆਂ ਵਿਵਸਥਾਵਾਂ ਦੇ ਤਹਿਤ, ਜੇਕਰ ਕਿਸੇ ਸਰਪ੍ਰਸਤ ਦੀ ਦੇਖਭਾਲ ਅਧੀਨ ਕੋਈ ਵਿਅਕਤੀ ਅਜਿਹੀ ਹਰਕਤ ਕਰਦਾ ਹੈ, ਤਾਂ ਸਰਪ੍ਰਸਤ ਜਾਂ ਦੇਖਭਾਲ ਕਰਨ ਵਾਲੇ ਨੂੰ ਵੀ ਲਾਪਰਵਾਹੀ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਜਿਸ ਨਾਲ ਪਵਿੱਤਰ ਗ੍ਰੰਥ ਦੀ ਸੁਰੱਖਿਆ ਲਈ ਉੱਚ ਪੱਧਰੀ ਜਵਾਬਦੇਹੀ ਯਕੀਨੀ ਬਣਦੀ ਹੈ।

ਆਪਣੇ ਸੰਬੋਧਨ ਦੀ ਸਮਾਪਤੀ ਕਰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਇਹ ਕਾਨੂੰਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ’ਆਪ’ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੀ ਗਈ ਇੱਕ ਵੱਡੀ ਗਾਰੰਟੀ ਨੂੰ ਪੂਰਾ ਕਰਨ ਦਾ ਪ੍ਰਤੀਕ ਹੈ। ਜਿੱਥੇ ਪਿਛਲੀਆਂ ਸਰਕਾਰਾਂ ਨੇ ਮਿਲ ਕੇ ਕਮਜ਼ੋਰ ਕਾਨੂੰਨ ਬਣਾਏ ਜੋ ਕਾਨੂੰਨੀ ਪੜਤਾਲ ਵਿੱਚ ਖਰੇ ਨਹੀਂ ਉਤਰ ਸਕੇ, ਉੱਥੇ ਹੀ ਭਗਵੰਤ ਮਾਨ ਸਰਕਾਰ ਨੇ ਇੱਕ ਮਜ਼ਬੂਤ ਕਾਨੂੰਨੀ ਢਾਂਚਾ ਪ੍ਰਦਾਨ ਕੀਤਾ ਹੈ।

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ, ਇਹ ਐਕਟ ਪੰਜਾਬ ਦੀ ਸ਼ਾਂਤੀ ਅਤੇ ਸਮਾਜਿਕ ਤਾਣੇ-ਬਾਣੇ ਨੂੰ ਵਿਗਾੜਨ ਦੀ ਕੋਸ਼ਿਸ਼ ਕਰਨ ਵਾਲਿਆਂ ਕਿਸੇ ਵੀ ਤਾਕਤਾਂ ਲਈ ਇੱਕ ਸਖ਼ਤ ਚੇਤਾਵਨੀ ਵਜੋਂ ਕੰਮ ਕਰਦਾ ਹੈ, ਜੋ ਇੱਕ ਅਜਿਹੇ ਨਵੇਂ ਯੁੱਗ ਦਾ ਸੰਕੇਤ ਦਿੰਦਾ ਹੈ ਜਿੱਥੇ ਰਾਜ ਦੀ ਪੂਰੀ ਤਾਕਤ ਦੁਆਰਾ ਧਾਰਮਿਕ ਆਸਥਾ ਦੇ ਮਾਣ ਦੀ ਰੱਖਿਆ ਕੀਤੀ ਜਾਂਦੀ ਹੈ।

# ਭਗਵੰਤ ਮਾਨ ਸਰਕਾਰ ਬਾਬਾ ਸਾਹਿਬ ਦੇ ਰਸਤੇ ’ਤੇ ਚੱਲ ਰਹੀ ਹੈ, ਅਣਦੇਖੀ ਦੀ ਰਾਜਨੀਤੀ ਨਹੀਂ ਕਰ ਰਹੀ: ਹਰਪਾਲ ਸਿੰਘ ਚੀਮਾ

**➢ ਪੰਜਾਬ ਦੇ ਹਰ ਸਰਕਾਰੀ ਦਫ਼ਤਰ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਬਾਬਾ ਸਾਹਿਬ ਅੰਬੇਡਕਰ ਦੀਆਂ ਤਸਵੀਰਾਂ ਲਗਾਈਆਂ ਗਈਆਂ ➢ ਜਿੱਥੇ ਦੂਜਿਆਂ ਨੇ ਬਾਬਾ ਸਾਹਿਬ ਅੰਬੇਡਕਰ ਨੂੰ ਸਿਰਫ਼ ਨਾਅਰਿਆਂ ਲਈ ਵਰਤਿਆ, ਉੱਥੇ ਭਗਵੰਤ ਮਾਨ ਸਰਕਾਰ ਨੇ ਸ਼ਾਨਦਾਰ ਸਿੱਖਿਆ, ਭਲਾਈ ਅਤੇ ਸਮਾਜਿਕ ਨਿਆਂ ਪ੍ਰਦਾਨ ਕੀਤਾ**

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਟਰਾਂਸਪੋਰਟ, ਕਰ ਅਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੇ ਦਰਸਾਏ ਮਾਰਗ ’ਤੇ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਤੋਂ ਤੁਰੰਤ ਬਾਅਦ ਹਰ ਸਰਕਾਰੀ ਦਫ਼ਤਰ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੀਆਂ ਤਸਵੀਰਾਂ ਲਗਾਈਆਂ ਗਈਆਂ। ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲ ਹੁਣ ਨਵੇਂ ਮਾਪਦੰਡ ਸਥਾਪਿਤ ਕਰ ਰਹੇ ਹਨ ਜਦਕਿ ਵਿਕਾਸ ਗ੍ਰਾਂਟਾਂ ਜ਼ਮੀਨੀ ਪੱਧਰ ’ਤੇ ਪਿੰਡਾਂ ਤੱਕ ਪਹੁੰਚ ਰਹੀਆਂ ਹਨ।

ਨੰਗਲ ਦੇ ਸਕੂਲ ਆਫ਼ ਐਮੀਨੈਂਸ ਵਿਖੇ ਡਾ. ਬੀ.ਆਰ. ਅੰਬੇਡਕਰ ਦੇ 135ਵੇਂ ਜਨਮ ਦਿਹਾੜੇ ਮੌਕੇ ਕਰਵਾਏ ਗਏ ‘ਸਿੱਖਿਆ ਸੰਕਲਪ ਪ੍ਰੋਗਰਾਮ’ ਨੂੰ ਸੰਬੋਧਨ ਕਰਦਿਆਂ ਬਾਬਾ ਸਾਹਿਬ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਡਾ. ਬੀ.ਆਰ. ਅੰਬੇਡਕਰ ਨੇ ਸਿੱਖਿਆ ਦੇ ਉੱਚਤਮ ਪੱਧਰ ਨੂੰ ਪ੍ਰਾਪਤ ਕੀਤਾ, ਜਿਨ੍ਹਾਂ ਕੋਲ ਚਾਰ ਪੀਐਚਡੀਜ਼ ਸਮੇਤ 32 ਡਿਗਰੀਆਂ ਸਨ, ਅਤੇ ਉਨ੍ਹਾਂ ਨੇ ਹਮੇਸ਼ਾ ਸਿੱਖਿਆ ਦੇ ਪਸਾਰ ਲਈ ਕੰਮ ਕੀਤਾ। ਅਜੋਕਾ ਸਮਾਜ ਉਨ੍ਹਾਂ ਦੀ ਦੂਰਅੰਦੇਸ਼ੀ ਸੋਚ ਦਾ ਹੀ ਪ੍ਰਤੀਬਿੰਬ ਹੈ। ਉਨ੍ਹਾਂ ਕਿਹਾ, ਰਾਜਪਾਲ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ 2026 ’ਤੇ ਦਸਤਖਤ ਕਰਨ ਨਾਲ, ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਦੇਣ ਦਾ ਰਸਤਾ ਸਾਫ਼ ਹੋ ਗਿਆ ਹੈ।



ਉਨ੍ਹਾ ਅੱਗੇ ਕਿਹਾ, ਗੁਰੂ ਰਵਿਦਾਸ ਬਾਣੀ ਸੈਂਟਰ ਸਥਾਪਿਤ ਕੀਤਾ ਜਾ ਰਿਹਾ ਹੈ ਜਿੱਥੇ 700 ਵਿਦਿਆਰਥੀ ਸਿਖਲਾਈ ਪ੍ਰਾਪਤ ਕਰ ਸਕਣਗੇ। ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਪੂਰੇ ਸੂਬੇ ਵਿੱਚ ਬੜੀ ਸ਼ਰਧਾ ਅਤੇ ਵੱਡੇ ਪੱਧਰ ’ਤੇ ਮਨਾਇਆ ਜਾਵੇਗਾ। ਵਿਕਾਸ ਕਾਰਜਾਂ ’ਤੇ ਚਾਨਣਾ ਪਾਉਂਦਿਆਂ ਹਰਪਾਲ ਸਿੰਘ ਚੀਮਾ ਨੇ ਅੱਗੇ ਕਿਹਾ, ਸ੍ਰੀ ਅਨੰਦਪੁਰ ਸਾਹਿਬ ਹਲਕੇ ਨੂੰ ਪੰਜਾਬ ਵਿੱਚ ਸਭ ਤੋਂ ਵੱਧ ਵਿਕਾਸ ਫੰਡ ਮਿਲੇ ਹਨ। ਇਹ ਹਲਕਾ ਸੂਬੇ ਵਿੱਚ ਸਭ ਤੋਂ ਵੱਧ ਗ੍ਰਾਂਟਾਂ ਪ੍ਰਾਪਤ ਕਰਨ ਵਾਲਾ ਤੀਜਾ ਹਲਕਾ ਵੀ ਹੈ, ਜਿੱਥੇ ਪੁਲਾਂ, ਸੜਕਾਂ, ਸਕੂਲਾਂ ਅਤੇ ਵੱਖ-ਵੱਖ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਜਾ ਰਿਹਾ ਹੈ।

ਸਿੱਖਿਆ ਸੁਧਾਰਾਂ ’ਤੇ ਜ਼ੋਰ ਦਿੰਦਿਆਂ ਮੰਤਰੀ ਨੇ ਕਿਹਾ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖਿਆ ਖੇਤਰ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਿੱਖਿਆ ਬਜਟ ਵਿੱਚ ਕਈ ਗੁਣਾ ਵਾਧਾ ਕੀਤਾ ਗਿਆ ਹੈ ਅਤੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ। ਇਕੱਲੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਹੀ ਸਕੂਲਾਂ ਦੇ ਵਿਕਾਸ, ਆਧੁਨਿਕ ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਲਈ 100 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਗਏ ਹਨ।

ਭਲਾਈ ਉਪਾਵਾਂ ਅਤੇ ਸਮਾਜਿਕ ਨਿਆਂ ਬਾਰੇ ਬੋਲਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਸਰਕਾਰ 10 ਲੱਖ ਰੁਪਏ ਤੱਕ ਦੇ ਸਿਹਤ ਬੀਮੇ ਅਤੇ ਔਰਤਾਂ ਲਈ ਮਾਵਾਂ-ਧੀਆਂ ਸਤਿਕਾਰ ਯੋਜਨਾ ਵਰਗੀਆਂ ਲੋਕ ਭਲਾਈ ਸਕੀਮਾਂ ਲਾਗੂ ਕਰ ਰਹੀ ਹੈ। ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ ਸੁਚੇਤ ਰਹਿਣਾ ਚਾਹੀਦਾ ਹੈ। ਬਾਬਾ ਸਾਹਿਬ ਅੰਬੇਡਕਰ ਦੇ ਸਿਧਾਂਤਾਂ ’ਤੇ ਚੱਲਦਿਆਂ ਪੰਜਾਬ ਸਰਕਾਰ ਸਿੱਖਿਆ, ਸਿਹਤ ਅਤੇ ਸਮਾਜਿਕ ਨਿਆਂ ਦੇ ਖੇਤਰਾਂ ਵਿੱਚ ਵੱਡੇ ਕਦਮ ਚੁੱਕ ਰਹੀ ਹੈ। ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੈ ਜਿੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਐਡਵੋਕੇਟ ਜਨਰਲ ਦਫ਼ਤਰ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਲਾਗੂ ਕੀਤਾ ਹੈ, ਅਤੇ ਅੱਜ ਲਗਭਗ 60 ਕਾਨੂੰਨ ਅਧਿਕਾਰੀ (ਲਾਅ ਅਫ਼ਸਰ) ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ।

ਇਸੇ ਦੌਰਾਨ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਮੇਰਾ ਪੂਰਾ ਜੀਵਨ ਇਹ ਯਕੀਨੀ ਬਣਾਉਣ ਲਈ ਸਮਰਪਿਤ ਹੈ ਕਿ ਮਿਆਰੀ ਸਿੱਖਿਆ ਸਮਾਜ ਦੇ ਹਰ ਵਰਗ ਤੱਕ ਪਹੁੰਚੇ। ਸਮਾਜ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀਆਂ ਅਨਮੋਲ ਦਾਤਾਂ ਸਮਾਨਤਾ ਅਤੇ ਸਿੱਖਿਆ ਦਾ ਅਧਿਕਾਰ ਹਨ। ਸਿੱਖਿਆ ਖੇਤਰ ਵਿੱਚ ਸੁਧਾਰਾਂ ਨੂੰ ਉਜਾਗਰ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, ਪੰਜਾਬ ਸਰਕਾਰ ਸਿੱਖਿਆ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆ ਰਹੀ ਹੈ ਅਤੇ ਸਰਕਾਰੀ ਸਕੂਲਾਂ ਵਿੱਚ ਮਹੱਤਵਪੂਰਨ ਸੁਧਾਰ ਕੀਤੇ ਗਏ ਹਨ। ਅੱਜ, ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਲਈ ਸਿਫ਼ਾਰਸ਼ਾਂ ਆ ਰਹੀਆਂ ਹਨ ਅਤੇ ਇਨ੍ਹਾਂ ਦੇ ਵਿਦਿਆਰਥੀ ਜੇ.ਈ.ਈ. ਅਤੇ ਨੀਟ ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਸਹੀ ਮਾਰਗਦਰਸ਼ਨ ਅਤੇ ਮੌਕਿਆਂ ਨਾਲ ਹਰ ਵਿਦਿਆਰਥੀ ਵੱਡੀਆਂ ਬੁਲੰਦੀਆਂ ਹਾਸਲ ਕਰ ਸਕਦਾ ਹੈ।

ਉਨ੍ਹਾਂ ਅੱਗੇ ਕਿਹਾ, ਇਹ ਪ੍ਰੋਗਰਾਮ ਕਿਸੇ ਸਿਆਸੀ ਮਕਸਦ ਲਈ ਨਹੀਂ ਕਰਵਾਇਆ ਗਿਆ, ਸਗੋਂ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਅਪਣਾਉਣ ਅਤੇ ਸਿੱਖਿਆ ਰਾਹੀਂ ਸਮਾਜ ਵਿੱਚ ਬਰਾਬਰੀ ਨੂੰ ਉਤਸ਼ਾਹਿਤ ਕਰਨ ਲਈ ਉਲੀਕਿਆ ਗਿਆ ਹੈ। ਪ੍ਰੋਗਰਾਮ ਦੌਰਾਨ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ, ਜਿਸ ਨਾਲ ਬਾਕੀ ਬੱਚਿਆਂ ਨੂੰ ਪ੍ਰੇਰਨਾ ਮਿਲੇਗੀ। ਸਿੱਖਿਆ ਹੀ ਇੱਕ ਅਜਿਹਾ ਹਥਿਆਰ ਹੈ ਜੋ ਸਮਾਜ ਵਿੱਚ ਅਸਲੀ ਬਦਲਾਅ ਲਿਆ ਸਕਦਾ ਹੈ।

ਹਲਕੇ ਲਈ ਗ੍ਰਾਂਟਾਂ ਦਾ ਐਲਾਨ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, ਵੱਖ-ਵੱਖ ਪਿੰਡਾਂ ਅਤੇ ਸੰਸਥਾਵਾਂ ਲਈ ਗ੍ਰਾਂਟਾਂ ਮਨਜ਼ੂਰ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਚੰਦੇਸਰ ਲਈ 5 ਲੱਖ ਰੁਪਏ, ਬੀਕਾਪੁਰ ਲੋਅਰ ਲਈ 10 ਲੱਖ ਰੁਪਏ, ਬਸੋਵਾਲ ਐਸ.ਸੀ ਧਰਮਸ਼ਾਲਾ ਲਈ 10 ਲੱਖ ਰੁਪਏ, ਲੋਧੀਪੁਰ ਬਾਸ ਬਰੋਟੂ ਲਈ 5 ਲੱਖ ਰੁਪਏ, ਕੁਟੀਆ ਬਾਬਾ ਜਮਨਾ ਦਾਸ ਅਜੌਲੀ ਬ੍ਰਹਮਪੁਰ ਲਈ 5 ਲੱਖ ਰੁਪਏ, ਡਾਢੀ ਲਈ 5 ਲੱਖ ਰੁਪਏ, ਮੀਆਂਪੁਰ ਹੰਡੂਰ ਲਈ 5 ਲੱਖ ਰੁਪਏ, ਅਵਾਨਕੋਟ ਲੋਅਰ ਲਈ 5 ਲੱਖ ਰੁਪਏ, ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਡਾ. ਭੀਮ ਰਾਓ ਅੰਬੇਡਕਰ ਸੇਵਾ ਸੁਸਾਇਟੀ ਲਈ ਡਾ. ਭੀਮ ਰਾਓ ਅੰਬੇਡਕਰ ਗ੍ਰਾਂਟ ਤਹਿਤ 1 ਲੱਖ ਰੁਪਏ ਸ਼ਾਮਲ ਹਨ। ਇਹ ਵਿੱਤੀ ਸਹਾਇਤਾ ਇਲਾਕੇ ਵਿੱਚ ਵਿਕਾਸ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰੇਗੀ।

# ਬੇਅਦਬੀ ਵਿਰੁੱਧ ਕਾਨੂੰਨ ਬਣਨ ’ਤੇ ਸੰਤ ਸੀਚੇਵਾਲ ਨੇ ਸਿੱਖ ਜਗਤ ਨੂੰ ਦਿੱਤੀ ਵਧਾਈ

**ਸੁਲਤਾਨਪੁਰ ਲੋਧੀ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

: ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ 2026 ਨੂੰ ਸੂਬੇ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਪ੍ਰਵਾਨਗੀ ਦੇਣ ‘ਤੇ ਰਾਜ ਸਭਾ ਮੈਂਬਰ ਤੇ ਉਘੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੇ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ ਹੈ।

ਉਨ੍ਹਾਂ ਜਾਰੀ ਕੀਤੇ ਬਿਆਨ ਵਿੱਚ ਕਿਹਾ ਹੈ ਕਿ 13 ਅਪ੍ਰੈਲ 2026 ਨੂੰ ਪੰਜਾਬ ਦੀ ਵਿਧਾਨ ਸਭਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋ ਰਹੀਆਂ ਬੇਅਦਬੀਆਂ ਨੂੰ ਰੋਕਣ ਲਈ ਜਿਹੜਾ ਸੋਧ ਬਿੱਲ ਪਾਸ ਕੀਤਾ ਸੀ, ਉਸ ਨੂੰ ਪੰਜਾਬ ਦੇ ਰਾਜਪਾਲ ਵੱਲੋਂ ਦਸਤਖ਼ਤ ਕੀਤੇ ਜਾਣ ਨਾਲ ਇਸ ਬਿੱਲ ਨੇ ਹੁਣ ਕਾਨੂੰਨ ਦਾ ਰੂਪ ਲੈ ਲਿਆ ਹੈ। ਇਸ ਨਾਲ ਬੇਅਦਬੀ ਕਰਨ ਵਾਲੇ ਨੂੰ ਉਮਰਕੈਦ ਅਤੇ 25 ਲੱਖ ਤੱਕ ਦਾ ਜੁਰਮਾਨਾ ਲਾਇਆ ਜਾਵੇਗਾ। ਯਾਦ ਰਹੇ ਕਿ ਪਾਰਲੀਮੈਂਟ ਦੇ ਬਜਟ ਸੈਸ਼ਨ ਦੌਰਾਨ ਸੰਤ ਸੀਚੇਵਾਲ ਵੱਲੋਂ ਸਪੈਸ਼ਲ ਮੈਨਸ਼ਨ ਰਾਹੀਂ ਕੇਂਦਰ ਸਰਕਾਰ ਕੋਲੋਂ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ ਸੀ। ਇਹ ਪਹਿਲੀ ਵਾਰ ਸੀ ਜਦੋਂ ਕਿਸੇ ਐਮ.ਪੀ ਵੱਲੋਂ ਬੇਅਬਦੀਆਂ ਵਿਰੁੱਧ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ ਸੀ।

ਸੰਤ ਸੀਚੇਵਾਲ ਨੇ ਇਸ ਬਿੱਲ ਤੇ ਰਾਜਪਾਲ ਪੰਜਾਬ ਦੀ ਮੋਹਰ ਲੱਗਣ ‘ਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਸੰਤ ਸੀਚੇਵਾਲ ਨੇ ਕਿਹਾ ਕਿ ਬਰਗਾੜੀ ਬਹਿਬਲ ਕਲਾਂ ਅਤੇ ਕੋਟਕਪੂਰਾ ਦੀਆਂ ਸਾਲ 2015 ਵਿੱਚ ਵਾਪਰੀਆਂ ਘਟਨਾਵਾਂ ਨਾਸੂਰ ਬਣ ਗਈਆਂ ਹਨ। ਬੇਅਦਬੀ ਦੀਆਂ ਘਟਨਾਵਾਂ ਨੇ ਸਮੁੱਚੇ ਪੰਥ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਦੇ 11 ਸਾਲ ਬੀਤ ਜਾਣ ‘ਤੇ ਵੀ ਬੇਅਦਬੀ ਕਰਨ ਅਤੇ ਕਰਵਾਉਣ ਵਾਲਿਆਂ ਦੇ ਮਨ ਵਿੱਚ ਕਾਨੂੰਨ ਦਾ ਡਰ ਨਹੀਂ ਸੀ। ਨਕੋਦਰ ਬੇਅਦਬੀ ਕਾਂਡ ਦੇ ਪੀੜਤ ਮਾਪੇ ਵੀ 40 ਸਾਲਾਂ ਤੋਂ ਇਨਸਾਫ਼ ਦੀ ਉਡੀਕ ਵਿੱਚ ਹਨ।

ਸੰਤ ਸੀਚੇਵਾਲ ਨੇ ਸਮਾਣਾ ਵਿੱਚ ਟਾਵਰ ਮੋਰਚਾ ਲਗਾਉਣ ਵਾਲੇ ਗੁਰਜੀਤ ਸਿੰਘ ਖਾਲਸਾ ਵੱਲੋਂ ਕੀਤੇ ਗਏ ਸੰਘਰਸ਼ ਨੂੰ ਵੀ ਪ੍ਰਣਾਮ ਕਰਦਿਆ ਸੰਘਰਸ਼ ਵਿੱਚ ਸ਼ਾਮਿਲ ਸਮੁੱਚੀ ਸੰਗਤ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹਾ ਸੱਚਾਸੁੱਚਾ ਗੁਰਸਿੱਖ ਹੀ ਅਜਿਹਾ ਸੰਘਰਸ਼ ਕਰ ਸਕਦਾ ਹੈ। ਇਸ ਨਾਲ ਸਰਕਾਰ ‘ਤੇ ਵੀ ਦਬਾਅ ਬਣਿਆ ਕਿਉਂਕਿ ਉਸਦਾ ਇਰਾਦਾ ਬੜਾ ਨੇਕ ਤੇ ਸਪਸ਼ਟ ਸੀ। ਜ਼ਿਕਰਯੋਗ ਹੈ ਕਿ 400 ਫੁੱਟ ਉਚੇ ਟਾਵਰ ‘ਤੇ ਗੁਰਜੀਤ ਸਿੰਘ ਖਾਲਸਾ ਨੇ ਡੇਢ ਸਾਲ ਤੋਂ ਧਰਨਾ ਲਾਇਆ ਹੈ।

ਸੰਤ ਸੀਚੇਵਾਲ ਨੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਦੌਰਾਨ ਫੜੇ ਜਾਣ ਵਾਲੇ ਕਥਿਤ ਦੋਸ਼ੀਆਂ ਨੂੰ ਮਾਨਸਿਕ ਰੋਗੀ ਦੱਸ ਕੇ ਉਨ੍ਹਾਂ ਦਾ ਬਚਾਅ ਕੀਤਾ ਜਾਂਦਾ ਸੀ। ਹੁਣ ਅਜਿਹੇ ਮੁਲਜ਼ਮਾਂ ਦੀ ਜਾਂਚ ਲਈ ਮਨੋਵਿਗਿਆਨਕ ਡਾਕਟਰਾਂ ਦਾ ਇੱਕ ਵਿਸ਼ੇਸ਼ ਬੋਰਡ ਬਣਾਇਆ ਜਾਵੇਗਾ। ਜੋ ਇਹ ਤੈਅ ਕਰੇਗਾ ਕਿ ਉਕਤ ਮੁਲਜ਼ਮ ਆਪਣੇ ਕੀਤੇ ਨਤੀਜੇ ਬਾਰੇ ਜਾਣਦਾ ਸੀ ਜਾਂ ਫਿਰ ਉਸ ਨੂੰ ਅਜਿਹਾ ਕਰਨ ਲਈ ਕਿਸੇ ਨੇ ਉਕਸਾਇਆ ਤਾਂ ਨਹੀਂ ਸੀ।

ਜ਼ਿਕਰਯੋਗ ਹੈ ਕਿ 13 ਅਪ੍ਰੈਲ ਨੂੰ ਜਦੋਂ ਇਹ ਬਿੱਲ ਨੂੰ ਪਾਸ ਕੀਤਾ ਜਾ ਰਿਹਾ ਸੀ ਤਾਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਧਾਰਮਿਕ ਆਗੂਆਂ ਦੇ ਨਾਲ ਪੰਜਾਬ ਵਿਧਾਨ ਸਭਾ ਦੀ ਰਾਜਪਾਲ ਗੈਲਰੀ ਵਿੱਚ ਬੈਠਕੇ ਇਸ ਇਤਿਹਾਸਕ ਪਲਾਂ ਦੇ ਚਸ਼ਮਦੀਦ ਗਵਾਹ ਬਣੇ ਸਨ।

ਬੇਅਦਬੀ ਹੋਣ ਦੀ ਸੂਰਤ ਵਿੱਚ ਕੋਈ ਵੀ ਅਨਅਧਿਕਾਰਤ ਵਿਅਕਤੀ ਅੰਗਾਂ ਨੂੰ ਹੱਥ ਤੱਕ ਨਹੀਂ ਲਾ ਸਕੇਗਾ। ਸਬੂਤ ਇੱਕਠੇ ਕਰਨ ਤੋਂ ਪਹਿਲਾਂ ਉੱਚ ਗੁਣਵੱਤਾ ਵਾਲੀ ਫੋਟੋਗ੍ਰਾਫ਼ੀ ਅਤੇ ਵੀਡੀਓਗ੍ਰਾਫੀ ਕਰਨੀ ਵੀ ਲਾਜ਼ਮੀ ਹੋਵੇਗੀ। ਇੰਟਰਨੈੱਟ ਰਾਹੀਂ ਹੋਣ ਵਾਲੀ ਬੇਅਦਬੀ ਲਈ ਵੀ ਜਾਂਚ ਵਿੱਚ ਇੱਕ ਵੱਖਰਾ ਹਿੱਸਾ ਜੋੜਿਆ ਗਿਆ ਹੈ। ਤਸਵੀਰਾਂ ਨਾਲ ਛੇੜਛਾੜ, ਨਕਲੀ ਪਰ ਅਸਲੀ ਲੱਗਣ ਵਾਲੀਆਂ ਵੀਡੀਓਜ਼ (ਡੀਪਫੇਕ), ਮੀਮਜ਼ ਰਾਹੀਂ ਕੀਤੀ ਗਈ ਬੇਅਦਬੀ ਅਤੇ ਵਟ੍ਹਸਐਪ, ਟੈਲੀਗ੍ਰਾਮ ਜਾਂ ਇੰਸਟਾਗ੍ਰਾਮ ‘ਤੇ ਪਾਈ ਗਈ ਸਮੱਗਰੀ ਨੂੰ ਹੁਣ ਬਹੁਤ ਹੀ ਗੰਭੀਰ ਅਪਰਾਧ ਮੰਨਿਆ ਜਾਵੇਗਾ।

# ਪੰਜਾਬ ਦੀਆਂ ਮੰਡੀਆਂ ‘ਚ 28 ਲੱਖ ਮੀਟਰਿਕ ਟਨ ਕਣਕ ਦੀ ਆਮਦ, 24 ਲੱਖ ਮੀਟਰਿਕ ਟਨ ਤੋਂ ਵੱਧ ਦੀ ਖ਼ਰੀਦ : ਲਾਲ ਚੰਦ ਕਟਾਰੂਚੱਕ

**➢ ਦਾਣਾ ਮੰਡੀ ਟਾਂਡਾ ‘ਚ ਲਿਆ ਖਰੀਦ ਪ੍ਰਬੰਧਾਂ ਦਾ ਜਾਇਜ਼ਾ, ਕਿਸਾਨਾਂ ਦੇ ਖਾਤਿਆਂ ‘ਚ 647 ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ**

**➢ 122 ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਦੇ ਟੀਚੇ ਨੂੰ ਪੂਰਾ ਕਰਨ ਲਈ ਰਾਜ ਦੀਆਂ ਮੰਡੀਆਂ ‘ਚ ਪੁਖਤਾ ਇੰਤਜ਼ਾਮ**

**ਟਾਂਡਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਇੱਥੇ ਦਾਣਾ ਮੰਡੀ ਵਿਖੇ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਕਿਹਾ ਕਿ ਸੂਬੇ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ ਨਿਰਵਿਘਨ ਜਾਰੀ ਹੈ ਅਤੇ ਹੁਣ ਤੱਕ ਹੋਈ 28 ਲੱਖ ਮੀਟਰਿਕ ਟਨ ਤੋਂ ਵੱਧ ਕਣਕ ਦੀ ਆਮਦ ‘ਚੋਂ 24 ਲੱਖ ਮੀਟਰਿਕ ਟਨ ਤੋਂ ਵੱਧ ਫਸਲ ਖਰੀਦੀ ਜਾ ਚੁੱਕੀ ਹੈ।

ਦਾਣਾ ਮੰਡੀ ਵਿਖੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਸੰਬੰਧਤ ਅਧਿਕਾਰੀਆਂ ਸਮੇਤ ਪਹੁੰਚੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਨੇੜਲੇ ਪਿੰਡ ਬਸਤੀ ਦੇ ਕਿਸਾਨ ਜੈਲ਼ਾ ਦੀ ਢੇਰੀ ਦੀ ਖ਼ਰੀਦ ਕਰਵਾਉਂਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿਚ ਖ਼ਰੀਦ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ ਜਿਸ ਕਰਕੇ ਕਿਸਾਨਾਂ ਨੂੰ ਫ਼ਸਲ ਵੇਚਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ ।

ਉਨ੍ਹਾਂ ਕਿਹਾ ਕਿ ਕਣਕ ਦੀ ਖ਼ਰੀਦ ਬਦਲੇ ਘੱਟੋ-ਘੱਟ ਸਮਰਥਨ ਮੁੱਲ 2585 ਦੇ ਹਿਸਾਬ ਨਾਲ ਹੁਣ ਤੱਕ ਕਿਸਾਨਾਂ ਦੇ ਖਾਤਿਆਂ ਵਿਚ 647 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਇਕ-ਇੱਕ ਦਾਣਾ ਚੁੱਕਣ ਲਈ ਵਚਨਬੱਧ ਹੈ ਜਿਸ ਦੇ ਸਿੱਟੇ ਵਜੋਂ ਮੰਡੀਆਂ ਵਿਚ ਨਿਰਵਿਘਨ ਖ਼ਰੀਦ ਜਾਰੀ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਅਨੁਸਾਰ ਖਰੀਦ ਦੇ 48 ਘੰਟਿਆਂ ਵਿੱਚ ਕਿਸਾਨਾਂ ਨੂੰ ਬਣਦੀਆਂ ਅਦਾਇਗੀਆਂ ਵੀ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਦੇ ਨਾਲ ਜੀ ਲਿਫਟਿੰਗ ਵੀ ਤੇਜ਼ ਹੋ ਰਹੀ ਹੈ।



ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਖ਼ਰੀਦ ਏਜੰਸੀਆਂ ਦੇ ਨੁਮਾਇੰਦਿਆਂ ਅਤੇ ਸੰਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਮੰਡੀਆਂ ਵਿਚ ਬਾਰਦਾਨਾ, ਮੰਡੀ ਲੇਬਰ ਅਤੇ ਢੋਆ-ਢੁਆਈ ਦੇ ਪ੍ਰਬੰਧਾਂ ਦੀ ਗੱਲ ਕਰਦਿਆਂ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸੂਬੇ ਭਰ ਦੀਆਂ ਮੰਡੀਆਂ ਵਿੱਚ ਸਾਰੇ ਲੋੜੀਂਦੇ ਪ੍ਰਬੰਧ ਅਮਲ ਵਿਚ ਹਨ ਅਤੇ ਕਣਕ ਦੀ ਖਰੀਦ ਸੁਚੱਜੇ ਢੰਗ ਨਾਲ ਜਾਰੀ ਹੈ। ਉਨ੍ਹਾਂ ਨੇ ਕਿਸਾਨਾਂ ਵੱਲੋਂ ਆਪਣੇ ਖੂਨ-ਪਸੀਨੇ ਅਤੇ ਮਿਹਨਤ ਨਾਲ ਪੈਦਾ ਕੀਤੇ ਇੱਕ-ਇੱਕ ਦਾਣੇ ਨੂੰ ਖਰੀਦਣ ਦੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਕਿਸਾਨਾਂ ਦੀ ਫਸਲ ਘੱਟੋ-ਘੱਟ ਸਮੇਂ ਵਿਚ ਖਰੀਦ ਕੇ ਨਿਰਧਾਰਤ ਸਮੇਂ ਵਿਚ ਉਨ੍ਹਾਂ ਦੇ ਖਾਤਿਆਂ ਵਿਚ ਅਦਾਇਗੀਆਂ ਕੀਤੀਆਂ ਜਾ ਰਹੀਆਂ ਹਨ । ਕੈਬਿਨਟ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਸਗੋਂ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਰਾਹੀਂ ਉਪਲਬਧ ਮਸ਼ੀਨਰੀ ਨਾਲ ਇਸ ਦਾ ਖੇਤਾਂ ਵਿਚ ਹੀ ਪ੍ਰਬੰਧਨ ਕਰਨ ।

ਪਿਛਲੇ ਦਿਨੀ ਬੇਮੌਸਮੀ ਬਰਸਾਤ ਕਾਰਨ ਫ਼ਸਲ ਨੂੰ ਹੋਏ ਨੁਕਸਾਨ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲਾਂ ਹੀ ਵਿਸ਼ੇਸ਼ ਗਿਰਦਾਵਰੀ ਦੇ ਨਿਰਦੇਸ਼ ਦੇ ਦਿੱਤੇ ਸਨ ਅਤੇ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਵੱਲੋਂ ਕੀਤੀ ਜਾਵੇਗੀ।

ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਨੂੰ ਪਿਛਲੇ ਸਾਲਾਂ ਵਾਂਗ ਸੁਚੱਜੇ ਢੰਗ ਨਾਲ ਨਾਲੋ-ਨਾਲ ਖ਼ਰੀਦ ਕੇ ਲਿਫ਼ਟ ਕਰਵਾਏਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਰਾਜ ਸਰਕਾਰ ਨੇ ਲਗਾਤਾਰ ਕਿਸਾਨਾਂ ਦੀ ਬਾਂਹ ਫੜੀ ਹੈ ਅਤੇ ਕਈ ਵੱਡੇ ਕਿਸਾਨ ਪੱਖੀ ਫ਼ੈਸਲੇ ਲਏ ਹਨ ਜਿਸ ਨਾਲ ਸੂਬੇ ਭਰ ਵਿਚ ਕਿਸਾਨਾਂ ਨੂੰ ਬੇਹੱਦ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦੀ ਖਰੀਦ ਬਦਲੇ ਨਿਰਧਾਰਤ ਸਮੇਂ ਦੇ ਵਿੱਚ-ਵਿੱਚ ਅਦਾਇਗੀਆਂ ਨੂੰ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਤਾਕੀਦ ਕੀਤੀ ਗਈ ਹੈ ਕਿ ਮੰਡੀਆਂ ਵਿਚ ਕਿਸਾਨਾਂ ਦੀ ਫ਼ਸਲ ਦੀ ਸਮੇਂ ਸਿਰ ਖਰੀਦ ਕੀਤੀ ਜਾਵੇ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੁੱਲ 78 ਮੰਡੀਆਂ ਸਥਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ 65 ਮੰਡੀਆਂ ਪੱਕੀਆਂ ਅਤੇ 13 ਥਾਵਾਂ ‘ਤੇ ਖ਼ਰੀਦ ਦੇ ਆਰਜ਼ੀ ਪਬੰਧ ਕੀਤੇ ਗਏ ਹਨ ਜਦਕਿ ਜ਼ਿਲੇ ਵਿਚ ਕੁੱਲ 316000 ਮੀਟਰਿਕ ਟਨ ਕੜਕ ਦੀ ਆਮਦ ਦੀ ਸੰਭਾਵਨਾ ਹੈ।

ਇਸ ਮੌਕੇ ਐਸ.ਡੀ. ਐਮ. ਲਵਪ੍ਰੀਤ ਸਿੰਘ, ਮਾਰਕਿਟ ਕਮੇਟੀ ਦੇ ਚੇਅਰਮੈਨ ਰਾਜਵਿੰਦਰ ਸਿੰਘ, ਮਾਰਕਿਟ ਕਮੇਟੀ ਸਕੱਤਰ ਹਰਪ੍ਰੀਤ ਸਿੰਘ, ਡਿਪਟੀ ਡਾਇਰੈਕਟਰ ਖੁਰਾਕ ਸਪਲਾਈ ਰਜਨੀਸ਼ ਕੁਮਾਰੀ, ਡੀ.ਐਫ.ਐਸ.ਸੀ. ਪ੍ਰੀਤਕਮਲ ਸੂਦ ਆਦਿ ਵੀ ਮੌਜੂਦ ਸਨ।

# ਬਾਲ ਵਿਵਾਹ ਮੁਕਤ ਭਾਰਤ ਵਿਸ਼ੇ ’ਤੇ 100-ਦਿਨਾਂ ਦੀ ਤੀਬਰ ਥੀਮੈਟਿਕ ਮੁਹਿੰਮ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪ੍ਰਸ਼ਾਸਨ ਦੇ ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਤਹਿਤ ਯੂਨੀਅਨ ਟੈਰੀਟਰੀ ਚਾਇਲਡ ਪ੍ਰੋਟੈਕਸ਼ਨ ਸੋਸਾਇਟੀ (ਯੂਟੀਸੀਪੀਐੱਸ/UTCPS), ਚੰਡੀਗੜ੍ਹ ਦੁਆਰਾ ਬਾਲ ਵਿਵਾਹ ਮੁਕਤ ਭਾਰਤ ਵਿਸ਼ੇ ’ਤੇ 100-ਦਿਨਾਂ ਦੀ ਤੀਬਰ ਥੀਮੈਟਿਕ ਮੁਹਿੰਮ ਦੇ ਤਹਿਤ ਸ਼ਹਿਰ ਭਰ ਵਿੱਚ ਵਿਆਪਕ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਗਤੀਵਿਧੀਆਂ ਸੰਚਾਲਿਤ ਕੀਤੀਆਂ ਗਈਆਂ।

ਇਹ ਮੁਹਿੰਮ ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੀ ਇੱਕ ਪਹਿਲ ਦੇ ਤਹਿਤ, ਸ਼੍ਰੀਮਤੀ ਅਨੁਰਾਧਾ ਚਗਤੀ, ਸਕੱਤਰ, ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ, ਚੰਡੀਗੜ੍ਹ ਪ੍ਰਸ਼ਾਸਨ ਦੇ ਮਾਰਗਦਰਸ਼ਨ ਵਿੱਚ ਆਯੋਜਿਤ ਕੀਤਾ ਜਾ।

ਬਾਲ ਵਿਵਾਹ ਮੁਕਤ ਚੰਡੀਗੜ੍ਹ ਥੀਮ ’ਤੇ ਅਧਾਰਿਤ ਇਸ ਮੁਹਿੰਮ ਦਾ ਉਦੇਸ਼ ਬਾਲ ਵਿਵਾਹ ਦੇ ਸਮਾਜਿਕ, ਵਿੱਦਿਅਕ, ਸਿਹਤ ਅਤੇ ਕਾਨੂੰਨੀ ਦੁਸ਼ਪ੍ਰਭਾਵਾਂ ਦੇ ਪ੍ਰਤੀ ਜਨਸਾਧਾਰਣ ਨੂੰ ਜਾਗਰੂਕ ਕਰਨਾ ਸੀ। ਨਾਲ ਹੀ ਵਿਵਾਹ ਦੀ ਕਾਨੂੰਨੀ ਉਮਰ (ਲੜਕੀਆਂ ਲਈ 18 ਵਰ੍ਹੇ ਅਤੇ ਲੜਕਿਆਂ ਲਈ 21 ਵਰ੍ਹੇ) ਅਤੇ ਬਾਲ ਵਿਵਾਹ ਰੋਕੂ ਐਕਟ ਦੇ ਪ੍ਰਾਵਧਾਨਾਂ (ਅਧਿਕਤਮ ਦੋ ਵਰ੍ਹੇ ਦੀ ਕੈਦ ਅਤੇ 1 ਲੱਖ ਤੱਕ ਦੇ ਜੁਰਮਾਨੇ) ਬਾਰੇ ਵੀ ਜਾਣਕਾਰੀ ਦਿੱਤੀ ਗਈ। ਨਾਗਰਿਕਾਂ ਨੂੰ ਬਾਲ ਵਿਵਾਹ ਦੀ ਸੂਚਨਾ ਚਾਇਲਡ ਹੈਲਪਲਾਈਨ 1098 (24ਗ7) ਅਤੇ ਪੁਲਿਸ ਹੈਲਪਲਾਇਨ 112 ’ਤੇ ਦੇਣ ਲਈ ਵੀ ਪ੍ਰੇਰਿਤ ਕੀਤਾ ਗਿਆ।

ਮੁਹਿੰਮ ਦੇ ਦੌਰਾਨ ਚੰਡੀਗੜ੍ਹ ਵਿੱਚ ਕੁੱਲ 131 ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸਮੁਦਾਇ ਅਤੇ ਵਿਭਿੰਨ ਵਿਭਾਗਾਂ ਦੇ 47,962 ਵਿਅਕਤੀਆਂ ਨੇ ਹਿੱਸਾ ਲਿਆ। ਇਨ੍ਹਾਂ ਗਤੀਵਿਧੀਆਂ ਵਿੱਚ ਨੁੱਕੜ ਨਾਟਕ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਆਂਗਣਵਾੜੀ ਕੇਂਦਰਾਂ ਅਤੇ ਬਾਲ ਸੰਭਾਲ਼ ਸੰਸਥਾਵਾਂ ਵਿੱਚ ਜਾਗਰੂਕਤਾ ਪ੍ਰੋਗਰਾਮ; ਸਹੁੰ ਚੁੱਕਣ ਸਮਾਰੋਹ, ਪੋਸਟਰ ਅਤੇ ਸਲੋਗਨ ਮੁਕਾਬਲੇ, ਭਾਸ਼ਣ, ਕਹਾਣੀ ਸੁਣਾਉਣ ਦੇ ਸੈਸ਼ਨ ਅਤੇ ਦਸਤਾਵੇਜ਼ੀ ਸਕ੍ਰੀਨਿੰਗ; ਅਤੇ ਮੰਦਿਰਾਂ, ਮਸਜਿਦਾਂ, ਮਦਰੱਸਿਆਂ, ਬਜ਼ਾਰਾਂ, ਹਸਪਤਾਲਾਂ ਅਤੇ ਟ੍ਰਾਂਸਪੋਰਟ ਹੱਬਾਂ ਵਿੱਚ ਸਮੁਦਾਇਕ ਆਊਟਰੀਚ ਪ੍ਰੋਗਰਾਮ ਸ਼ਾਮਲ ਰਹੇ।

ਇਸ ਦੇ ਇਲਾਵਾ, ਪੈਂਫਲਟ, ਬੈਨਰ ਅਤੇ ਜਨ ਅਪੀਲ ਪੋਸਟਰ ਜਿਹੀਆਂ ਆਈਈਸੀ (953) ਸਮੱਗਰੀ ਦੀ ਵਿਆਪਕ ਤੌਰ ’ਤੇ ਵੰਡ ਅਤੇ ਪ੍ਰਦਰਸ਼ਨ ਜਨਤਕ ਸਥਾਨਾਂ ਅਤੇ ਧਾਰਮਿਕ ਸੰਸਥਾਵਾਂ ਵਿੱਚ ਕੀਤਾ ਗਿਆ। ਅਧਿਕਾਰਿਤ ਪਲੇਟਫਾਰਮਾਂ ’ਤੇ ਰੇਡੀਓ ਜਿੰਗਲਸ ਅਤੇ ਡਿਜੀਟਲ ਸੰਦੇਸ਼ਾਂ ਜ਼ਰੀਏ ਵੀ ਜਾਗਰੂਕਤਾ ਨੂੰ ਹੋਰ ਮਜ਼ਬੂਤ ਕੀਤਾ ਗਿਆ। ਧਾਰਮਿਕ ਸੰਸਥਾਵਾਂ, ਮੈਰਿਜ ਪੈਲੇਸ, ਬੈਂਡ ਪਾਰਟੀਆਂ, ਕੇਟਰਰਸ, ਡੀਜੇ, ਦਰਜੀਆਂ, ਫੋਟੋਗ੍ਰਾਫ਼ਰਾਂ, ਡੈਕੋਰੇਟਰਸ ਅਤੇ ਟੈਂਟ ਹਾਊਸ ਸੰਚਾਲਕਾਂ ਤੋਂ ਇਹ ਸੁਨਿਸ਼ਚਿਤ ਕਰਨ ਹਿਤ ਸੰਕਲਪ-ਪੱਤਰ ਲਏ ਗਏ ਕਿ ਉਹ ਬਾਲ ਵਿਵਾਹ ਨੂੰ ਹੁਲਾਰਾ ਜਾਂ ਸਹਿਯੋਗ ਨਹੀਂ ਦੇਣਗੇ।

ਇਹ ਮੁਹਿੰਮ ਚੰਡੀਗੜ੍ਹ ਬਾਲ ਅਤੇ ਮਹਿਲਾ ਵਿਕਾਸ ਨਿਗਮ ਲਿਮਿਟਿਡ (ਸੀਸੀਡਬਲਿਊਡੀਸੀ/CCWDC), ਆਂਗਣਵਾੜੀ ਸੇਵਾਵਾਂ, ਸਿੱਖਿਆ ਵਿਭਾਗ, ਜ਼ਿਲ੍ਹਾ ਬਾਲ ਸੁਰੱਖਿਆ ਇਕਾਈਆਂ (ਡੀਸੀਪੀਯੂ/DCPU), ਚਾਇਲਡ ਹੈਲਪਲਾਇਨ-1098, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ (ਡੀਐੱਲਐੱਸਏ/DLSA), ਬਾਲ ਸਾਰਥੀ ਕਲੱਬਾਂ, ਬਾਲ ਦੇਖਭਾਲ਼ ਸੰਸਥਾਵਾਂ (ਸੀਸੀਆਈਜ਼/CCIs) ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਵਿਭਿੰਨ ਵਿਭਾਗਾਂ/ਬੋਰਡਾਂ/ਇਕਾਈਆਂ ਦੇ ਸਹਿਯੋਗ ਨਾਲ ਸਫ਼ਲਤਾਪੂਰਵਕ ਸੰਚਾਲਿਤ ਕੀਤੀ ਗਈ।

ਮੁਹਿੰਮ ਦੀ ਗਤੀ ਨੂੰ ਅੱਗੇ ਵਧਾਉਂਦੇ ਹੋਏ ਅਤੇ ਅਕਸ਼ੈ ਤ੍ਰਿਤੀਆ (ਅਖੈ ਤੀਜ) ਦੇ ਮੱਦੇਨਜ਼ਰ, ਯੂਟੀਸੀਪੀਐੱਸ (UTCPS), ਚੰਡੀਗੜ੍ਹ ਦੁਆਰਾ ਸਾਰੇ ਵਿਭਾਗਾਂ/ਯੂਨਿਟਾਂ/ਬੋਰਡਾਂ/ਕਾਰਪੋਰੇਸ਼ਨਾਂ ਵਿੱਚ ਬਾਲ ਵਿਵਾਹ ਵਿਰੁੱਧ ਯੂਟੀ-ਪੱਧਰੀ ਸਹੁੰ ਚੁੱਕਣ ਦੇ ਨਾਲ-ਨਾਲ ਮੰਦਿਰਾਂ, ਆਂਗਣਵਾੜੀ ਕੇਂਦਰਾਂ ਅਤੇ ਬਾਹਰੀ ਖੇਤਰਾਂ ਵਿੱਚ ਤਾਲਮੇਲ ਵਾਲੇ ਬਚਾਅ, ਨਿਗਰਾਨੀ ਅਤੇ ਜਨ-ਜਾਗਰੂਕਤਾ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਨਾਲ ਹੀ, ਸਰਕਾਰੀ ਸਕੂਲਾਂ ਅਤੇ ਬਾਲ ਸੰਭਾਲ਼ ਸੰਸਥਾਵਾਂ ਵਿੱਚ, ਡੀਸੀਪੀਯੂ, ਚਾਇਲਡ ਹੈਲਪਲਾਇਨ 1098, ਪੁਲਿਸ, ਆਂਗਣਵਾੜੀ ਵਰਕਰਾਂ, ਸੀਸੀਡਬਲਿਊਡੀਸੀ (CCWDC) ਅਤੇ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਬਾਲ ਅਧਿਕਾਰਾਂ ਅਤੇ ਬਾਲ ਵਿਵਾਹ ਦੀ ਰੋਕਥਾਮ ’ਤੇ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ।

100-ਦਿਨਾਂ ਦੀ ਮੁਹਿੰਮ ਦੇ ਸਫ਼ਲ ਸਮਾਪਨ ਦੇ ਨਾਲ, ਇਨ੍ਹਾਂ ਨਿਰੰਤਰ ਅਤੇ ਤਾਲਮੇਲ ਵਾਲੇ ਪ੍ਰਯਾਸਾਂ ਨੇ ਸਮੁਦਾਇਕ ਜਾਗਰੂਕਤਾ ਨੂੰ ਮਜ਼ਬੂਤ ਕੀਤਾ ਹੈ ਅਤੇ ਬਾਲ ਵਿਵਾਹ-ਮੁਕਤ ਚੰਡੀਗੜ੍ਹ ਦੇ ਲਕਸ਼ ਦੀ ਦਿਸ਼ਾ ਵਿੱਚ ਸਮੂਹਿਕ ਪ੍ਰਤੀਬੱਧਤਾ ਨੂੰ ਹੋਰ ਮਜ਼ਬੂਤ ਕੀਤਾ ਹੈ। ਮੁਹਿੰਮ ਦੀ ਮਿਆਦ ਦੇ ਦੌਰਾਨ, 02 ਬਾਲ ਵਿਵਾਹਾਂ ਨੂੰ ਸਫ਼ਲਤਾਪੂਰਵਕ ਰੋਕਿਆ ਗਿਆ, ਜੋ ਪ੍ਰਭਾਵੀ ਸਮੁਦਾਇਕ ਸਤਰਕਤਾ, ਸਮਾਂਬੱਧ ਦਖਲਅੰਦਾਜ਼ੀ ਅਤੇ ਮਜ਼ਬੂਤ ਪ੍ਰਤੀਕਿਰਿਆ ਤੰਤਰ ਦਾ ਪ੍ਰਮਾਣ ਹੈ।

# ਜ਼ਮੀਨ ਜਾਇਦਾਦ

## ਧਰਤੀ, ਧਨ ਨਾ ਆਪਣਾ...

**ਭਾਰਤੀ ਰਿਜ਼ਰਵ ਬੈਂਕ ਵੱਲੋਂ ਕਰੀਬ 11 ਇਕਾਈਆਂ ਨੂੰ ਪੇਮੈਂਟ ਬੈਂਕ ਲਈ ਮਨਜ਼ੂਰੀ ਦੇ ਦਿੱਤੀ ਹੈ, ਜਿਸ ’ਚ ਵੱਡੇ ਨਾਂ ਰਿਲਾਇੰਸ ਇੰਡਸਟਰੀ, ਆਦਿਤਿਆ ਬਿਰਲਾ, ਏਅਰਟੈਲ ਅਤੇ ਵੋਡਾਫਓਨ ਸ਼ਾਮਲ ਹਨ। ਅੱਜ ਅਸੀਂ ਤੁਹਾਨੂੰ ਪੇਮੈਂਟ ਬੈਂਕ ਨਾਲ ਜੁੜੀਆਂ ਕੁਝ ਗੱਲਾਂ ਬਾਰੇ ਦੱਸਾਂਗੇ...**

## ਪੇਮੈਂਟ ਬੈਂਕ ਦੇ ਫ਼ਾਇਦੇ



ਪੇਮੈਂਟ ਬੈਂਕ ਛੋਟੇ ਬੈਂਕ ਹੁੰਦੇ ਹਨ ਜੋ ਮੁੱਖ ਤੌਰ ’ਤੇ ਮੋਬਾਇਲ ਫੋਨ ਦੇ ਮਾਧਿਅਮ ਨਾਲ ਗਾਹਕਾਂ ਤਕ ਆਪਣੀ ਪਹੁੰਚ ਬਣਾਉਂਦੇ ਹਨ। ਇਸ ’ਚ ਸੁਵਿਧਾਵਾਂ ਦਾ ਲਾਭ ਲੈਣ ਲਈ ਪਰੰਪਰਾਗਤ ਤੌਰ ’ਤੇ ਬੈਂਕ ਬ੍ਰਾਂਚ ਤਕ ਪਹੁੰਚਣ ਦੀ ਜ਼ਰੂਰਤ ਨਹੀਂ ਹੁੰਦੀ।

**ਪੇਮੈਂਟ ਬੈਂਕ ਕੀ ਕਰ ਸਕਦਾ ਹੈ ਅਤੇ ਕੀ ਨਹੀਂ?**

- ਕਰਜ਼ੇ ਦੀ ਪੇਸ਼ਕਸ਼ ਨਹੀਂ ਕਰ ਸਕਦਾ। ਤੁਹਾਡੇ ਖਾਤੇ ’ਚ ਇਕ ਲੱਖ ਰੁਪਏ ਤਕ ਦੀ ਰਾਸ਼ੀ ਜਮ੍ਹਾਂ ਕਰ ਸਕਦੇ ਹਨ ਅਤੇ ਆਮ ਬੈਂਕਾਂ ਦੇ ਸੇਵਿੰਗ ਖਾਤਿਆਂ ਦੀ ਤਰ੍ਹਾਂ ਜਮ੍ਹਾਂ ਰਾਸ਼ੀ ’ਤੇ ਵਿਆਜ ਦਾ ਭੁਗਤਾਨ ਕਰ ਸਕਦੇ ਹਨ।
- ਇਸ ’ਚ ਸਿਰਫ਼ ਮੋਬਾਇਲ ਫੋਨ ਦੇ ਮਾਧਿਅਮ ਨਾਲ ਪੈਸੇ ਜਮ੍ਹਾਂ ਜਾਂ ਭੇਜੇ ਜਾ ਸਕਦੇ ਹਨ।
- ਇਹ ਹਰ ਤਰ੍ਹਾਂ ਦੀਆਂ ਸੇਵਾਵਾਂ ਤੁਹਾਨੂੰ ਉਪਲਬਧ ਕਰਵਾਉਂਦੇ ਹਨ ਜਿਵੇਂ ਕਿ ਤੁਸੀਂ ਇਸ ਜ਼ਰੀਏ ਬਿੱਲ ਦਾ ਭੁਗਤਾਨ ਵੀ ਕਰ ਸਕਦੇ ਹੋ, ਬਿਨਾ ਨਕਦੀ ਦੇ ਕੋਈ ਸਾਮਾਨ ਖ਼ਰੀਦ ਸਕਦੇ ਹੋ ਅਤੇ ਮੋਬਾਈਲ ਫੋਨ ਦੇ ਮਾਧਿਅਮ ਨਾਲ ਚੈੱਕਲੇਸ ਟ੍ਰਾਂਜ਼ੈਕਸ਼ਨ ਕਰ ਸਕਦੇ ਹੋ।
- ਇਹ ਸਿੱਧੇ ਤੌਰ ’ਤੇ ਬੈਂਕ ਖਾਤਿਆਂ ’ਚ ਪੈਸਾ ਟ੍ਰਾਂਸਫਰ ਕਰ ਸਕਦੇ ਹਨ, ਬੈਂਕ ਤੋਂ ਜੁੜਨ ਵਾਲੇ ਇਸ ਗੇਟਵੇ ਲਈ ਕੋਈ ਸ਼ੁਲਕ ਨਹੀਂ ਲਗਦਾ।
- ਇਹ ਯਾਤਰੀਆਂ ਨੂੰ ਵਿਦੇਸ਼ੀ ਮੁਦਰਾ ਕਾਰਡ ਦੇ ਸਕਦੇ ਹਨ, ਜਿਸ ਦਾ ਇਸਤੇਮਾਲ ਡੈਬਿਟ ਅਤੇ ਏਟੀਐਮ ਕਾਰਡ ਦੇ ਤੌਰ ’ਤੇ ਪੂਰੇ ਭਾਰਤ ’ਚ ਨਹੀਂ ਕੀਤਾ ਜਾ ਸਕਦਾ।
- ਇਹ ਹੋਰ ਬੈਂਕਾਂ ਦੀ ਤੁਲਨਾ ’ਚ ਘੱਟ ਸ਼ੁਲਕ ’ਤੇ ਵਿਦੇਸ਼ੀ ਮੁਦਰਾ ਸੇਵਾਵਾਂ ਦੇ ਸਕਦੇ ਹਨ।
- ਤੀਜੀ ਪਾਰਟੀ ਲਈ ਮੈਕੇਨਿਜ਼ਮ ਵੀ ਦੇ ਸਕਦੇ ਹਨ ਜਿਵੇਂ ‘ਐਪਲ ਪੇਅ’। ਇਹ ਕੁਝ ਤਰੀਕੇ ਹਨ ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਭਵਿੱਖ ’ਚ ਵਿੱਤੀ ਸੁਰੱਖਿਅਤ ਰਹੋਗੇ।





## ਪੈਨਸ਼ਨ ਸਬੰਧੀ ਸਮੱਸਿਆ ਤੋਂ ਛੁਟਕਾਰਾ?

**ਦੇਸ਼ ’ਚ ਪੈਨਸ਼ਨ ਦੀ ਹਾਲਤ ਇੰਨੀ ਖ਼ਰਾਬ ਹੈ ਕਿ ਸਾਨੂੰ ਮਹਿੰਗਾਈ ਜ਼ਿਆਦਾ ਹੋਣ ਦਾ ਡਰ ਸਤਾਉਂਦਾ ਹੈ। ਲੋਕਾਂ ਦੀ ਉਮਰ ਜਦੋਂ ਕਮਾਉਣ ਦੀ ਹੁੰਦੀ ਹੈ ਤਾਂ ਵੀ ਲੋਕ ਸੀਮਿਤ ਮਾਤਰਾ ’ਚ ਬਚਤ ਕਰ ਪਾਉਂਦੇ ਹਨ। ਇਸ ਲਈ ਕਮਾਉਂਦੇ ਸਮੇਂ ਹੀ ਬੱਚਤ ਕਰਨੀ ਚਾਹੀਦੀ ਹੈ...**

ਭਾਰਤ ’ਚ ਪੈਨਸ਼ਨ ਸਮੱਸਿਆ ਵਧਾ ਕੇ ਨਹੀਂ ਬਲਕਿ ਘਟਾ ਕੇ ਦੂਰ ਕੀਤੀ ਜਾ ਸਕਦੀ ਹੈ। ਇਹ ਦਲੀਲ ਤੁਹਾਨੂੰ ਉਲਟ ਲੱਗ ਸਕਦੀ ਹੈ।

ਸਾਨੂੰ ਸਾਰਿਆਂ ਨੂੰ ਪੈਨਸ਼ਨ ਦੀ ਕਹਾਣੀ ਬਾਰੇ ਤਾਂ ਪਤਾ ਹੀ ਹੈ। ਭਾਰਤ ’ਚ ਪੈਨਸ਼ਨ ਕਵਰੇਜ ਬਹੁਤ ਘੱਟ ਹੈ। ਲੋਕਾਂ ਦੀ ਉਮਰ ਵੱਧ ਰਹੀ ਹੈ, ਇਸ ਲਈ ਆਬਾਦੀ ਵੱਧ ਰਹੀ ਹੈ। ਪਰਿਵਾਰ ਨੂੰ ਸੰਭਾਲਣ ਦੀਆਂ ਸਥਿਤੀਆਂ ਬਹੁਤ ਕਮਜ਼ੋਰ ਹੋ ਗਈਆਂ ਹਨ। ਇਹ ਸਭ ਮਿਲ ਕੇ ਇਕ ਪੈਨਸ਼ਨ ਟਾਈਮ ਬੰਮ ਬਣਾ ਰਹੇ ਹਨ। ਤਿੰਨ ਦਹਾਕੇ ਪਹਿਲਾਂ ਕੰਮ-ਕਾਜ ਤੋਂ ਲਾਚਾਰ ਅਤੇ ਪੈਸਿਆਂ ਦੀ ਤੰਗੀ ਨਾਲ ਲੜਨ ਵਾਲੇ ਬਜ਼ੁਰਗਾਂ ਦੀ ਗਿਣਤੀ ਜ਼ਿਆਦਾ ਸੀ। ਪੈਨਸ਼ਨ ਸਿਸਟਮ ਜਿਸ ਤਰ੍ਹਾਂ ਨਾਲ ਕੰਮ ਕਰਦਾ ਹੈ, ਉਸ ਦੇ ਤੌਰ ਤਰੀਕਿਆਂ ’ਚ ਤਬਦੀਲੀ ਨਹੀਂ ਆਉਂਦੀ ਤਾਂ ਅਸੀਂ ਜਲਦੀ ਹੀ ਮੁਸੀਬਤ ’ਚ ਫਸ ਜਾਵਾਂਗੇ। ਆਉਣ ਵਾਲੇ ਸਮੇਂ ’ਚ ਘੱਟ ਤੋਂ ਘੱਟ 30 ਕਰੋੜ ਬਜ਼ੁਰਗ ਹੋਣਗੇ ਅਤੇ ਉਨ੍ਹਾਂ ’ਚੋਂ ਕਈਆਂ ਦੀ ਉਮਰ 80 ਤੋਂ 90 ਸਾਲ ਹੋਵੇਗੀ। ਅਜਿਹੇ ਵੀ ਕਈ ਲੋਕ ਹੋਣਗੇ, ਜੋ ਕਮਾਉਣ ਦੀ ਉਮਰ ’ਚ ਹਰ ਸੰਭਵ ਬੱਚਤ ਕਰਨ ਦੇ ਬਾਵਜੂਦ ਬੁਢਾਪੇ ’ਚ ਪੈਸਿਆਂ ਦੀ ਮੁਸ਼ਕਲ ਨਾਲ ਸਾਹਮਣਾ ਕਰਨਗੇ।

ਅਜਿਹੀ ਹਾਲਤ ’ਚ ਕੀ ਐੱਨਪੀਐੱਸ ਸਲਿਊਸ਼ਨ ਕਾਰਗਰ ਹੋ ਸਕਦਾ ਹੈ? ਇਹ ਸਲਿਊਸ਼ਨ ਹੋ ਸਕਦਾ ਸੀ, ਜੇ ਲੋਕ ਇਸ ’ਚ ਵੱਡੀ ਸੰਖਿਆ ’ਚ ਭਾਗ ਲੈਂਦੇ। ਐੱਨਪੀਐੱਸ ਸਿਰਫ਼ ਇਨ੍ਹਾਂ ਅਰਥਾਂ ’ਚ ਕਾਮਯਾਬ ਮੰਨੀ ਜਾ ਸਕਦੀ ਹੈ ਕਿ ਇਸ ਨੇ ਸਰਕਾਰ ਦੀ ਅਗੇਤੀ ਪੈਨਸ਼ਨ ਦੇਣਦਾਰੀ ਖ਼ਤਮ ਕਰ ਦਿੱਤੀ ਹੈ। ਜਿੱਥੋਂ ਤਕ ਅਸੰਗਠਿਤ ਖੇਤਰਾਂ ’ਚ ਕਰੋੜਾਂ ਲੋਕਾਂ ਨੂੰ ਪੈਨਸ਼ਨ ਮੁਹੱਈਆ ਕਰਵਾਉਣ ਦੀ ਗੱਲ ਹੈ, ਇਸ ਦਿਸ਼ਾ ’ਚ ਕੁਝ ਖ਼ਾਸ ਨਹੀ ਹੋ ਰਿਹਾ।

ਸਰਕਾਰ ਨੇ ਇਸ ਦਿਸ਼ਾ ’ਚ ਅਹਿਮ ਕਦਮ ਚੁੱਕਦੇ ਹੋਏ ਐੱਨਪੀਐੱਸ ਦਾ ਸਸਤਾ ਵਰਜ਼ਨ ਅਟਲ ਪੈਨਸ਼ਨ ਯੋਜਨਾ ਪੇਸ਼ ਕੀਤਾ ਹੈ। ਇਸ ਸਕੀਮ ’ਚ 1000 ਤੋਂ 5000 ਰੁਪਏ ਪ੍ਰਤੀ ਮਹੀਨਾ ਤਕ ਦੇ ਪੰਜ ਪਲਾਨ ਹਨ। ਇਸ ’ਚ 1000 ਰੁਪਏ ਦੀ ਮਹੀਨਾਵਾਰ ਫੀਸ ਅਦਾ ਕਰਨੀ ਪੈਂਦੀ ਹੈ ਜਦਕਿ 5000 ਰੁਪਏ ਮਹੀਨਾਵਾਰ ਪੈਨਸ਼ਨ ਲਈ 39 ਸਾਲ ਦੇ ਵਿਅਕਤੀ ਨੂੰ 1318 ਰੁਪਏ ਮਹੀਨਾਵਾਰ ਫੀਸ ਦੇਣੀ ਪਵੇਗੀ।

ਸ਼ਹਿਰੀ ਐਸ਼ੋਆਰਾਮ ’ਚ ਜੀ ਰਿਹਾ ਭਾਰਤੀ ਨਾਗਰਿਕ ਕੁਝ ਕਹਿਣ ਦੀ ਸਥਿਤੀ ’ਚ ਨਹੀਂ ਹੋਵੇਗਾ। ਦੂਜੇ ਪਾਸੇ 1000 ਰੁਪਏ ਦੀ ਰਕਮ 40 ਸਾਲ ਤਕ ਮਹਿੰਗਾਈ ਝੱਲਣ ਤੋਂ ਬਾਅਦ ਮਹਿਜ 90 ਰੁਪਏ ਦਾ ਸਾਮਾਨ ਖ਼ਰੀਦਣਯੋਗ ਰਹਿ ਜਾਵੇਗੀ। ਰਿਟਾਇਰਮੈਂਟ ’ਤੇ ਬਸ ਇੰਨਾ ਹੀ ਮਿਲੇਗਾ ਤਾਂ ਕੀ ਫ਼ਾਇਦਾ ਹੋਵੇਗਾ? ਜੇ ਰਿਟਾਇਰਮੈਂਟ ਤੋਂ ਬਾਅਦ 20 ਸਾਲ ਹੋਰ ਜੋੜ ਲਏ ਜਾਣ ਤਾਂ ਸਾਡੀ ਮਹੀਨਾਵਾਰ ਤਨਖ਼ਾਹ ਇੰਨੀ ਨਹੀਂ ਹੋਵੇਗੀ ਕਿ ਉਸ ਤੋਂ ਲੋਕ ਸਸਤੀ ਤੋਂ ਸਸਤੀ ਜਗ੍ਹਾ ’ਤੇ ਵੀ ਇਕ ਦਿਨ ਖਾਣਾ ਖਾਧਾ ਜਾ ਸਕੇ।

ਜਿਵੇਂ ਅਸੀਂ ਸ਼ੁਰੂਆਤ ’ਚ ਕਿਹਾ ਸੀ ਕਿ ਲੋਕਾਂ ਦੀ ਪੈਨਸ਼ਨ ਦੀ ਜ਼ਰੂਰਤ ਘੱਟ ਤੋਂ ਘੱਟ ਹੋਵੇ। ਇਸ ਦੀ ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਦੇਸ਼ ’ਚ ਪੈਨਸ਼ਨ ਦੀ ਹਾਲਤ ਇੰਨੀ ਖ਼ਰਾਬ ਹੈ ਕਿ ਸਾਨੂੰ ਮਹਿੰਗਾਈ ਜ਼ਿਆਦਾ ਹੋਣ ਅਤੇ ਪਬਲਿਕ ਹੈਲਥ ਸਿਸਟਮ ਬੇਕਾਰ ਹੋ ਜਾਣ ਦਾ ਡਰ ਸਤਾਉਂਦਾ ਹੈ। ਲੋਕਾਂ ਦੀ ਉਮਰ ਜਦੋਂ ਕਮਾਉਣ ਦੀ ਹੁੰਦੀ ਹੈ ਤਾਂ ਵੀ ਲੋਕ ਸੀਮਿਤ ਮਾਤਰਾ ’ਚ ਬਚਤ ਕਰ ਪਾਉਂਦੇ ਹਨ। ਅਜਿਹਾ ਇਨ੍ਹਾਂ ਦੋ ਕਾਰਨਾਂ ਕਰਕੇ ਹੈ। ਬੇਕਾਰ ਹੋ ਚੁੱਕਾ ਪਬਲਿਕ ਐਜੂਕੇਸ਼ਨ ਸਿਸਟਮ ਵੀ ਸਾਡੀ ਬੱਚਤ ਨੂੰ ਸੀਮਿਤ ਕਰਨ ਦਾ ਕੰਮ ਕਰਦਾ ਹੈ।

ਕੁਝ ਛੋਟੀਆਂ-ਛੋਟੀਆਂ ਚੀਜ਼ਾਂ ਵੀ ਹਨ। ਮਿਸਾਲ ਲਈ ਐੱਨਪੀਐੱਸ ਅਤੇ ਅਟਲ ਯੋਜਨਾ ’ਚ ਇਹ ਮੰਨ ਲਿਆ ਗਿਆ ਹੈ ਕਿ ਹਰ ਵਿਅਕਤੀ 60 ਸਾਲ ਦੀ ਉਮਰ ’ਚ ਕੰਮ ਕਰਨਾ ਅਤੇ ਯੋਗਦਾਨ ਦੇਣਾ ਬੰਦ ਕਰ ਦੇਵੇਗਾ ਅਤੇ ਪੈਨਸ਼ਨ ਲੈਣੀ ਸ਼ੁਰੂ ਕਰ ਦੇਵੇਗਾ। ਲੋਕ ਉਸ ਸਮੇਂ ਤਕ ਕੰਮ ਕਰਦੇ ਹਨ ਜਦੋਂ ਤਕ ਉਹ ਕਰ ਸਕਦੇ ਹਨ। ਬਹੁਤ ਸਾਰੇ ਲੋਕ ਤਾਂ 60-70 ਸਾਲ ਦੀ ਉਮਰ ਤੋਂ ਬਾਅਦ ਵੀ ਕਮਾਉਂਦੇ ਹਨ ਅਤੇ ਪੈਨਸ਼ਨ ਵੀ ਲੈਂਦੇ ਹਨ। •

## ਬਿਜ਼ਨਸ ਦੀ ਰਜਿਸਟ੍ਰੇਸ਼ਨ ਲਾਜ਼ਮੀ ਕਰਵਾਓ

**ਰਜਿਸਟ੍ਰੇਸ਼ਨ ਤੋਂ ਬਿਨਾ ਚਲਾਏ ਜਾਣ ਵਾਲੇ ਬਿਜ਼ਨਸ ਦੀ ਰਜਿਸਟ੍ਰੇਸ਼ਨ ਲਾਜ਼ਮੀ ਕਰਵਾਈ ਜਾਣੀ ਚਾਹੀਦੀ ਹੈ ਤਾਂ ਕਿ ਤੁਸੀਂ ਆਮਦਨ ਵਿਭਾਗ ਵੱਲੋਂ ਹੋਣ ਵਾਲੀ ਕਿਸੇ ਵੀ ਕਾਰਵਾਈ ਤੋਂ ਬਚ ਸਕੋ...**

ਕੇਂਦਰ ਸਰਕਾਰ ਵੱਲੋਂ ਲਏ ਗਏ ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਹੁਣ ਵਪਾਰੀ ਵਰਗ ਇਹ ਯਤਨ ਕਰਨ ’ਚ ਲੱਗਾ ਹੈ ਕਿ ਕਿਸ ਤਰ੍ਹਾਂ ਰਜਿਸਟ੍ਰੇਸ਼ਨ ਕਰਵਾਈ ਜਾਵੇ ਜਾਂ ਉਹ ਆਮਦਨ ਵਿਭਾਗ ਵੱਲੋਂ ਹੋਣ ਵਾਲੀ ਕਿਸੇ ਵੀ ਕਾਰਵਾਈ ਤੋਂ ਕਿਵੇਂ ਬਚ ਸਕਣ ਤੇ ਰਜਿਸਟਰਡ ਬਿਜ਼ਨਸ ਦੇ ਲਾਭ ਲੈ ਸਕਣ।

ਆਮਦਨ ਅਤੇ ਵੈਟ ਐਕਟ ਦੁਆਰਾ ਜਾਰੀ ਕੀਤੇ ਗਏ ਨਿਯਮਾਂ ਦਾ ਪਾਲਣ ਕਰ ਕੇ ਤੁਸੀਂ ਕਿਵੇਂ ਆਪਣੀ ਰਾਹ ਆਸਾਨ ਬਣਾ ਸਕਦੇ ਹੋ? ਆਓ, ਜਾਣਦੇ ਹਾਂ ਕਿ ਕਿੰਨੀ ਆਸਾਨੀ ਨਾਲ ਤੁਸੀਂ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾ ਸਕਦੇ ਹੋ ਅਤੇ ਉਸ ਦਾ ਤੁਹਾਨੂੰ ਕੀ ਫ਼ਾਇਦਾ ਹੋਵੇਗਾ।

### 1. ਇਕ ਰਜਿਸਟਰਡ ਵਪਾਰੀ ਦੇ ਰੂਪ ’ਚ ਕੰਮ ਕਰਨ ਦੇ ਲਾਭ

- ਈ-ਬਿਜ਼ਨਸ ਦੀ ਤਰ੍ਹਾਂ ਗਲੋਬਲ ਪੱਧਰ ’ਤੇ ਵਪਾਰ ਨੂੰ ਵਧਾਉਣ ਦੇ ਜ਼ਿਆਦਾ ਮੌਕੇ ਮਿਲਣਗੇ।
- ਉਧਾਰ ਲੈਣ ਦੇ ਜ਼ਿਆਦਾ ਸਾਧਨਾਂ ਦੀ ਉਪਲਬਧਤਾ ਹੈ, ਵਿਸ਼ੇਸ਼ ਤੌਰ ’ਤੇ ਐੱਮਐੱਸਐੱਮਈ ਰਜਿਸਟਰ ਲਈ (ਲਘੂ ਤੇ ਦਰਮਿਆਨੇ ਕਾਰੋਬਾਰ ’ਤੇ)
- ਬਰਾਮਦ ਵਧਾਉਣ ਦੇ ਮੌਕੇ ਵਧਦੇ ਹਨ ਪਰ ਇਸ ਦੇ ਲਈ ਆਯਾਤ-ਨਿਰਯਾਤ ਕੋਡ ਲੈਣ ਦੀ ਜ਼ਰੂਰਤ ਹੁੰਦੀ ਹੈ।
- ਆਪਣੇ ਵਪਾਰ ਨੂੰ ਪੇਟੈਂਟ ਜ਼ਰੂਰ ਕਰਵਾਓ।

### 2. ਬਿਜ਼ਨਸ ਨੂੰ ਕਿੱਥੇ ਰਜਿਸਟਰਡ ਕਰਵਾਇਆ ਜਾਵੇ?

- ਬਹੁਤ ਸਾਰੇ ਬਿਜ਼ਨਸਮੈਨ ਅਤੇ ਸਰਵਿਸ ਪ੍ਰੋਵਾਈਡਰ ਇਸ ਗੱਲ ਤੋਂ ਅਣਜਾਣ ਹੁੰਦੇ ਹਨ ਕਿ ਉਹ ਸਰਕਾਰ ਨੂੰ ਸਾਧਾਰਨ ਫ਼ੀਸਦੀ ਭੁਗਤਾਨ ਕਰ ਕੇ ਆਪਣੇ ਬਿਜ਼ਨਸ ਨੂੰ ਰਜ਼ਿਸਟਰਡ ਕਰਵਾ ਸਕਦੇ ਹਨ।



- ਤੁਸੀਂ ਚਾਹੇ ਟ੍ਰੇਡਰ ਹੋਵੇ ਜਾਂ ਹੋਲ-ਸੇਲਰ ਜਾਂ ਐਕਸਪੋਰਟਰ ਜਾਂ ਫਿਰ ਸਾਮਾਨ ਦੀ ਖ਼ਰੀਦ ਜਾਂ ਵਿੱਕਰੀ ਨਾਲ ਸਬੰਧਤ ਹੋ, ਤੁਹਾਨੂੰ ਆਪਣੇ ਸੂਬੇ ਦੇ ਵੈਟ ਐਕਟ ਤਹਿਤ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ।
- ਜੇ ਤੁਸੀ ਦਿੱਲੀ ’ਚ ਬਿਜ਼ਨਸ ਕਰ ਰਹੇ ਹੋ ਤਾਂ ਤੁਸੀਂ ਸਿਰਫ਼ 1025 ਰੁਪਏ ਦੇ ਭੁਗਤਾਨ ਨਾਲ ਆਪਣੇ ਬਿਜ਼ਨਸ ਨੂੰ ਰਜਿਸਟਰਡ ਕਰਵਾ ਸਕਦੇ ਹੋ।
- ਜੇ ਤੁਸੀਂ ਸਰਵਿਸ ਪ੍ਰੋਵਾਈਡਰ ਹੋ ਤਾਂ ਤੁਸੀਂ ਬਿਨਾ ਕਿਸੇ ਫੀਸ ਦੇ ਸੈਂਟਰਲ ਬੋਰਡ ਅਤੇ ਉਤਪਾਦ ਤੋਂ ਇਲਾਵਾ ਐਕਸਾਈਜ਼ ਡਿਪਾਰਟਮੈਂਟ ਦੀ ਸਾਈਟ www.aces.gov.in ’ਤੇ ਜਾ ਕੇ ਆਪਣਾ ਬਿਜ਼ਨਸ ਰਜਿਸਟਰਡ ਕਰਵਾ ਸਕਦੇ ਹੋ।
- ਜੇ ਤੁਸੀਂ ਇਕ ਨਿਰਮਾਤਾ ਹੋ, ਉਤਪਾਦ ਸ਼ੁਲਕ ਵਾਲੀਆਂ ਵਸਤੂਆਂ ਦਾ ਨਿਰਮਾਣ ਕਰਦੇ ਹੋ, ਤੁਹਾਡਾ ਲੈਣ-ਦੇਣ 90 ਲੱਖ ਰੁਪਏ ਤੋਂ ਜ਼ਿਆਦਾ ਹੈ ਤਾਂ ਤੁਸੀਂ ਕੇਂਦਰੀ ਉਤਪਾਦ ਤੇ ਸੀਮਾ ਸ਼ੁਲਕ ਬੋਰਡ ਕੋਲ ਆਪਣੀ ਰਜਿਸਟ੍ਰੇਸ਼ਨ ਕਰਵਾਉਣੀ ਹੁੰਦੀ ਹੈ।
- ਜੇ ਤੁਸੀਂ ਵਸਤੂਆਂ ਅਤੇ ਸੇਵਾਵਾਂ ਦੇ ਐਕਸਪੋਰਟਰ ਦੇ ਰੂਪ ’ਚ ਆਪਣਾ ਬਿਜ਼ਨਸ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਵਿਦੇਸ਼ ਮਹਾਨਿਰਦੇਸ਼ਕ ਤੋਂ ਆਯਾਤ-ਨਿਰਯਾਤ ਕੋਡ ਲੈਣ ਦੀ ਜ਼ਰੂਰਤ ਹੋਵੇਗੀ।

### 3. ਕੌਣ ਕਰਵਾ ਸਕਦਾ ਹੈ ਰਜਿਸਟ੍ਰੇਸ਼ਨ?

- ਕੇਂਦਰ ਸਰਕਾਰ ਅਤੇ ਕਿਸੇ ਵੀ ਸੂਬਾ ਸਰਕਾਰ ਤੋਂ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਲਈ ਵਿਅਕਤੀ ਨੂੰ ਨਾ ਤਾਂ ਕੰਪਨੀ ਦਾ ਗਠਨ ਕਰਨ ਦੀ ਜ਼ਰੂਰਤ ਹੁੰਦੀ ਹੈ ਅਤੇ ਨਾ ਹੀ ਫਰਮ ਬਣਾਉਣ ਦੀ। ਵਿਅਕਤੀ ਆਪਣੇ ਨਾਂ ’ਤੇ ਮਾਲਿਕਾਨਾ ਹੱਕ ਦੇ ਤੌਰ ’ਤੇ ਰਜਿਸਟ੍ਰੇਸ਼ਨ ਪ੍ਰਾਪਤ ਕਰ ਸਕਦਾ ਹੈ।
- ਰਜਿਸਟ੍ਰੇਸ਼ਨ ਕਰਵਾਉਣ ਵਾਲੇ ਵਿਅਕਤੀ ਨੂੰ ਇਕ ਫੋਟੋ, ਪੈਨ ਕਾਰਡ ਨੰਬਰ, ਆਧਾਰ, ਬੈਂਕ ਅਕਾਊਂਟ ਡਿਟੇਲ ਅਤੇ ਰਿਹਾਇਸ਼ੀ ਸਬੂਤ ਦੇਣਾ ਪੈਂਦਾ ਹੈ। •

## ਫੈਂਗਸ਼ੂਈ



### ਖ਼ਤਰਨਾਕ ਹੈ ਰਸੋਈ ਘਰ ’ਚ ਲੱਗਿਆ ਸ਼ੀਸ਼ਾ

- ਸ਼ੀਸ਼ਾ ਹਮੇਸ਼ਾ ਘਰ ’ਚ ਪੂਰਬੀ, ਦੱਖਣ-ਪੂਰਬੀ, ਉੱਤਰ ਤੇ ਪੱਛਮ ਦਿਸ਼ਾ ਦੀ ਦੀਵਾਰ ’ਤੇ ਲਗਾਉਣਾ ਵਧੀਆ ਮੰਨਿਆ ਜਾਂਦਾ ਹੈ।
- ਘਰ ’ਚ ਪ੍ਰਵੇਸ਼ ਕਰਦੇ ਹੋਏ ਇਕਦਮ ਸਾਹਮਣੇ ਸ਼ੀਸ਼ਾ ਨਹੀਂ ਲੱਗਾ ਹੋਣਾ ਚਾਹੀਦਾ, ਮੰਨਿਆ ਜਾਂਦਾ ਹੈ ਕਿ ਘਰ ’ਚ ਪ੍ਰਵੇਸ਼ ਕਰਨ ਵਾਲੀ ਸਾਕਾਰਾਤਮਿਕ ਊਰਜਾ ਸ਼ੀਸ਼ੇ ਨਾਲ ਟਕਰਾਅ ਕੇ ਬਾਹਰ ਚਲੀ ਜਾਂਦੀ ਹੈ।
- ਰਸੋਈ ਘਰ ’ਚ ਚੁੱਲ੍ਹੇ ਕੋਲ ਸ਼ੀਸ਼ੇ ਦਾ ਹੋਣਾ ਸਿਹਤ ਲਈ ਖ਼ਤਰਨਾਕ ਮੰਨਿਆ ਜਾਂਦਾ ਹੈ।
- ਦੁਕਾਨ ’ਚ ਇਕ ਸ਼ੀਸ਼ਾ ਇਸ ਤਰ੍ਹਾਂ ਲਗਾਓ ਕਿ ਉਸ ’ਚ ਕੈਸ਼ ਕਾਊਂਟਰ ਦਿਖਾਈ ਦਵੇ। ਫੈਂਗਸ਼ੂਈ ’ਚ ਅਜਿਹਾ ਕਰਨ ਨਾਲ ਘਰ ’ਚ ਸਾਕਾਰਤਮਿਕ ਊਰਜਾ ਆਉਂਦੀ ਹੈ। ਜੇ ਕੈਸ਼ ਕਾਊਂਟਰ ਦਾ ਪ੍ਰਤੀਬਿੰਬ ਇਕ ਤੋਂ ਜ਼ਿਆਦਾ ਸ਼ੀਸ਼ਿਆਂ ’ਚ ਦਿਖਾਈ ਦਵੇਗਾ ਤਾਂ ਧਨ ਹਾਨੀ ਹੋਵੇਗੀ।
- ਡਾਈਨਿੰਗ ਟੇਬਲ ਕੋਲ ਇਕ ਵੱਡਾ ਸ਼ੀਸ਼ਾ ਇਸ ਤਰ੍ਹਾਂ ਲਗਾਓ ਕਿ ਉਸ ’ਚ ਭੋਜਨ ਵਾਲਾ ਟੇਬਲ ਅਤੇ ਉਸ ’ਤੇ ਰੱਖਿਆ ਖਾਣਾ ਦਿਖਾਈ ਦਿੰਦਾ ਹੋਵੇ। ਅਜਿਹਾ ਕਰਨ ਨਾਲ ਭੋਜਨ ਕਦੇ ਘੱਟ ਨਹੀਂ ਹੋਵੇਗਾ।
- ਸੌਂਦੇ ਸਮੇਂ ਸਰੀਰ ਦਾ ਕੋਈ ਵੀ ਭਾਗ ਸ਼ੀਸ਼ੇ ’ਚ ਦਿਖਾਈ ਨਾ ਦੇਵੇ ਨਹੀਂ ਤਾਂ ਹੌਲੀ-ਹੌਲੀ ਉਸ ਹਿੱਸੇ ’ਚ ਦਰਦ ਜਾਂ ਬਿਮਾਰੀ ਪੈਦਾ ਹੋ ਜਾਂਦੀ ਹੈ। ਘਰ ’ਚ ਟੁੱਟਾ ਸ਼ੀਸ਼ਾ ਨਾ ਰੱਖੋ। •



## ਜ਼ਰੂਰੀ ਜਾਣਕਾਰੀ
## ਬੈਂਕ ਨੇ ਸ਼ੁਰੂ ਕੀਤੇ ਨਵੇਂ ਨਿਯਮ

ਸਟੇਟ ਬੈਂਕ ਆਫ ਇੰਡੀਆ ਨੇ ਸਹਿਯੋਗੀ ਬੈਂਕਾਂ ਦੇ ਫਿਊਜ਼ਨ ਤੋਂ ਬਾਅਦ ਫਿਰ ਤੋਂ ਖਾਤੇ ’ਚ ਘੱਟ ਤੋਂ ਘੱਟ ਰਾਸ਼ੀ ਨਾ ਹੋਣ ’ਤੇ ਜੁਰਮਾਨਾ ਵਸੂਲਣਾ ਸ਼ੁਰੂ ਕਰ ਦਿੱਤਾ ਹੈ। ਪੰਜ ਸਾਲ ਤੋਂ ਬਾਅਦ ਇਹ ਜੁਰਮਾਨਾ ਅਪ੍ਰੈਲ ਤੋਂ ਦੇਸ਼ ’ਚ ਲਾਗੂ ਹੋ ਗਿਆ। ਇਸ ਤੋਂ ਇਲਾਵਾ ਬੈਂਕ ਨੇ ਏਟੀਐਮ ਤਹਿਤ ਹੋਰ ਸੇਵਾਵਾਂ ਦੇ ਸ਼ੁਲਕ ’ਚ ਵੀ ਤਬਦੀਲੀਆਂ ਕੀਤੀਆਂ ਹਨ। ਐਸਬੀਆਈ ਵੱਲੋਂ ਕੀਤੀਆਂ ਗਈਆਂ ਤਬਦੀਲੀਆਂ ਤੋਂ ਬਾਅਦ ਸਰਵਿਸ ਚਾਰਜ ਕਟੌਤੀ ਨੂੰ ਲੈ ਕੇ ਗ੍ਰਾਹਕ ਪਰੇਸ਼ਾਨੀ ’ਚ ਹਨ।

### ਘੱਟ ਬੈਲੇਂਸ (ਬਕਾਏ) ’ਤੇ

- 75 ਫ਼ੀਸਦੀ ਤੋਂ ਜ਼ਿਆਦਾ ਦੀ ਕਮੀ ’ਤੇ ਸਰਵਿਸ ਟੈਕਸ ਦੇ ਨਾਲ 100 ਰੁਪਏ ਦਾ ਚਾਰਜ
- 50 ਤੋਂ 75 ਫ਼ੀਸਦੀ ਵਿਚਕਾਰ ਸਰਵਿਸ ਟੈਕਸ ਦੇ ਨਾਲ 75 ਰੁਪਏ ਦਾ ਚਾਰਜ
- 50 ਫ਼ੀਸਦੀ ਤੋਂ ਘੱਟ ਬਕਾਏ ’ਤੇ ਸਰਵਿਸ ਟੈਕਸ ਦੇ ਨਾਲ 50 ਰੁਪਏ
- ਗ੍ਰਾਮੀਣ ਖੇਤਰਾਂ ’ਚ ਇਕ ਹਜ਼ਾਰ ਦਾ ਬਕਾਇਆ ਨਾ ਹੋਣ ’ਤੇ ਸਰਵਿਸ ਟੈਕਸ ਦੇ ਨਾਲ 20 ਤੋਂ 50 ਰੁਪਏ ਤਕ ਜੁਰਮਾਨਾ।

### ਇਹ ਹਨ ਨਿਯਮ

- ਬਚਤ ਖਾਤਾਧਾਰਕਾਂ ਨੂੰ ਮਹੀਨੇ ’ਚ ਤਿੰਨ ਵਾਰ ਬਿਨਾ ਸ਼ੁਲਕ ਨਕਦ ਪੈਸਾ ਜਮ੍ਹਾਂ ਕਰਨ ਦੀ ਇਜਾਜ਼ਤ ਹੈ। ਇਸ ਤੋਂ ਬਾਅਦ ਹਰ ਲੈਣ-ਦੇਣ ’ਤੇ 50 ਰੁਪਏ ਸ਼ੁਲਕ ਤੇ ਸੇਵਾ ਕਰ ਲੱਗੇਗਾ। ਚਾਲੂ ਖਾਤਿਆਂ ਦੇ ਮਾਮਲੇ ’ਚ ਇਹ ਸ਼ੁਲਕ ਜ਼ਿਆਦਾਤਰ 20 ਹਜ਼ਾਰ ਰੁਪਏ ਵੀ ਹੋ ਸਕਦਾ ਹੈ।
- ਹੋਰ ਬੈਂਕਾਂ ਦੇ ਏਟੀਐਮ ’ਚ ਮਹੀਨੇ ’ਚ ਤਿੰਨ ਵਾਰ ਤੋਂ ਜ਼ਿਆਦਾ ਨਿਕਾਸੀ ’ਤੇ 20 ਰੁਪਏ ਅਤੇ ਐਸਬੀਆਈ ਦੇ ਏਟੀਐਮ ਤੋਂ ਪੰਜ ਤੋਂ ਜ਼ਿਆਦਾ ਕਢਵਾਉਣ ’ਤੇ ਹਰ ਵਾਰ ਦਸ ਰੁਪਏ ਸ਼ੁਲਕ ਦੇਣਾ ਹੋਵੇਗਾ।
- ਖਾਤੇ ’ਚ 25 ਹਜ਼ਾਰ ਤੋਂ ਜ਼ਿਆਦਾ ਬਕਾਇਆ ਹੋਣ ’ਤੇ ਐਸਬੀਆਈ ਏਟੀਐਮ ’ਤੇ ਕੋਈ ਚਾਰਜ ਨਹੀਂ ਲੱਗੇਗਾ। ਉੱਥੇ ਖਾਤੇ ’ਚ ਇਕ ਲੱਖ ਰੁਪਏ ਤੋਂ ਜ਼ਿਆਦਾ ਬਕਾਇਆ ਹੋਣ ’ਤੇ ਹੋਰ ਬੈਂਕਾਂ ਦੇ ਏਟੀਐਮ ਸ਼ੁਲਕ ਤੋਂ ਮੁਕਤ ਹੋਣਗੇ।
- ਤਿੰਨ ਮਹੀਨੇ ’ਚ ਔਸਤ 25 ਹਜ਼ਾਰ ਬਕਾਇਆ ਰੱਖਣ ਵਾਲੇ ਗਾਹਕਾਂ ਤੋਂ ਹਰ ਤਿਮਾਹੀ 15 ਰੁਪਏ ਐਮਐਮਐਸ ਚਾਰਜ ਦੇ ਤੌਰ ’ਤੇ ਲਏ ਜਾਣਗੇ। ਪਰ ਇਕ ਹਜ਼ਾਰ ਰੁਪਏ ਤਕ ਦੇ ਯੂਪੀਆਈ ਯੂਐਸਐਸਡੀ ਟ੍ਰਾਂਜ਼ੈਕਸ਼ਨ ’ਤੇ ਕੋਈ ਚਾਰਜ ਨਹੀਂ ਲੱਗੇਗਾ। •

## ਜੀਵਨ ਬੀਮਾ



**ਪਰਿਵਾਰ ਦੀ ਆਰਥਿਕ ਸੁਰੱਖਿਆ ਦੇ ਲਿਹਾਜ਼ ਨਾਲ ਲਾਈਫ ਇੰਸ਼ੋਰੈਂਸ ਦੀ ਚੋਣ ਕਾਫ਼ੀ ਬਿਹਤਰ ਰਹਿੰਦੀ ਹੈ। ਦੇਸ਼ ’ਚ ਕਾਫ਼ੀ ਲੋਕ ਜੀਵਨ ਬੀਮਾ ਕਰਵਾਉਂਦੇ ਹਨ ਪਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਇਹ ਵੀ ਪਤਾ ਹੀ ਨਹੀਂ ਹੁੰਦਾ ਕਿ ਜੀਵਨ ਬੀਮਾ ਕਿੰਨੇ ਤਰ੍ਹਾਂ ਦਾ ਹੁੰਦਾ ਹੈ। ਆਓ, ਜੀਵਨ ਬੀਮਾ ਦੀਆਂ ਕਿਸਮਾਂ ਬਾਰੇ ਜਾਣਕਾਰੀ ਹਾਸਲ ਕਰੀਏ, ਤਾਂ ਜੋ ਪਲਾਨ ਲੈਣ ’ਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ...**

ਜੀਵਨ ਬੀਮਾ ਇਕ ਅਜਿਹਾ ਲਿਖਤੀ ਸਮਝੌਤਾ ਹੈ, ਜਿਸ ਤਹਿਤ ਕਿਸੇ ਘਟਨਾ ਦੇ ਵਾਪਰਨ ਜਾਂ ਕਿਸੇ ਦੀ ਮੌਤ ਹੋਣ ਦੀ ਸਥਿਤੀ ’ਚ ਤੈਅ ਕੀਤੀ ਗਈ ਰਕਮ ਅਦਾ ਕੀਤੀ ਜਾਂਦੀ ਹੈ। ਕੁਲ ਮਿਲਾ ਕੇ ਜੀਵਨ ਬੀਮਾ ਮੌਤ ਦੀ ਵਜ੍ਹਾ ਨਾਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਘੱਟ ਕਰਨ ਦਾ ਇਕ ਬਦਲ ਹੈ।

**ਲਾਈਫ ਇੰਸ਼ੋਰੈਂਸ ਦੋ ਤਰ੍ਹਾਂ ਦਾ ਹੁੰਦਾ ਹੈ**

### 1. ਪਿਓਰ ਲਾਈਫ ਇੰਸ਼ੋਰੈਂਸ – ਟਰਮ ਇੰਸ਼ੋਰੈਂਸ ਪਾਲਿਸੀ

ਇਹ ਇੰਸ਼ੋਰੈਂਸ ਸਭ ਤੋਂ ਜ਼ਿਆਦਾ ਸਸਤਾ ਤੇ ਆਸਾਨ ਹੁੰਦਾ ਹੈ। ਇਸ ਵਿਚ ਇਕ ਵਿਸ਼ੇਸ਼ ਸੀਮਾ ਲਈ ਆਰਥਿਕ ਸੁਰੱਖਿਆ ਉਪਲਬਧ ਕਰਵਾਈ ਜਾਂਦੀ ਹੈ। ਇਹ ਸੀਮਾ 15 ਤੋਂ 20 ਸਾਲ ਦੀ ਹੋ ਸਕਦੀ ਹੈ। ਟਰਮ ਇੰਸ਼ੋਰੈਂਸ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਇਸ ਦੁਨੀਆ ’ਚ ਨਾ ਰਹਿਣ ’ਤੇ ਤੁਹਾਡੇ ਪਰਿਵਾਰ ਨੂੰ ਯਕਮੁਸ਼ਤ ਰਾਸ਼ੀ ਮਿਲ ਜਾਵੇ। ਜੇ ਬੀਮਾਧਾਰਕ ਨੂੰ ਪਾਲਿਸੀ ਦੌਰਾਨ ਕੁਝ ਵੀ ਹੁੰਦਾ ਹੈ ਤਾਂ ਕਿਸੇ ਦਾ ਵੀ ਕੋਈ ਨੁਕਸਾਨ ਨਾ ਹੋਵੇ। ਇਸ ਦਾ ਪ੍ਰੀਮੀਅਮ ਹੋਰ ਪਾਲਿਸੀਆਂ ਤੋਂ ਵੀ ਸਸਤਾ ਹੁੰਦਾ ਹੈ।

### ਹੋਲ ਲਾਈਫ ਪਾਲਿਸੀ

ਇਹ ਇਸ਼ੋਰੈਂਸ ਅਤੇ ਨਿਵੇਸ਼ ਦਾ ਦੋਹਰਾ ਲਾਭ ਦਿੰਦੀ ਹੈ। ਹੋਲ ਲਾਈਫ ਇੰਸ਼ੋਰੈਂਸ ਪਾਲਿਸੀ ਜੀਵਨ ਭਰ ਲਈ ਜਾਂ 100 ਸਾਲ ਦੀ ਉਮਰ ਤਕ ਲਈ ਇੰਸ਼ੋਰੈਂਸ ਕਵਰ ਦਿੰਦੀ ਹੈ। ਇਸ ਤੋਂ ਇਲਾਵਾ ਇੰਸ਼ੋਰੈਂਸ ਕੰਪਨੀ ਸਮ-ਇੰਸ਼ੋਰਡ (ਇਕਮੁਸ਼ਤ ਰਾਸ਼ੀ) ’ਤੇ ਬੋਨਸ ਵੀ ਕੈਲਕੂਲੇਟ ਕਰਦੀ ਹੈ, ਇਹ ਰਾਸ਼ੀ ਬੀਮਾਧਾਰਕ ਦੇ ਨਾ ਰਹਿਣ ’ਤੇ ਬੀਮਾਧਾਰਕ ਵੱਲੋਂ ਨਾਮਜ਼ਦ ਕਰਵਾਏ ਗਏ ਵਿਅਕਤੀ ਨੂੰ ਦਿੱਤੀ ਜਾਂਦੀ ਹੈ।

### ਮਨੀ ਬੈਕ ਲਾਈਫ ਇੰਸ਼ੋਰੈਂਸ ਪਾਲਿਸੀ

ਇਸ ਪਾਲਿਸੀ ਤਹਿਤ ਬੀਮਾ ਕੰਪਨੀਆਂ ਬੀਮਾਧਾਰਕ ਨੂੰ ਸਮੇਂ-ਸਮੇਂ ’ਤੇ ਕੁਝ ਰਾਸ਼ੀ ਵਾਪਸ ਕਰਦੀ ਹੈ। ਇਹ ਸਿਲਸਿਲਾ ਉਸ ਸਮੇਂ ਤਕ ਜਾਰੀ ਰਹਿੰਦਾ ਹੈ ਜਦ ਤਕ ਪਾਲਿਸੀ ਚੱਲਦੀ ਰਹਿੰਦੀ ਹੈ, ਭਾਵ ਉਸ ਦੀ ਤੈਅ ਮਿਆਦ ਪੂਰੀ ਨਹੀਂ ਹੋ ਜਾਂਦੀ। ਇਸ ਤੋਂ ਇਲਾਵਾ ਇਸ ਤਹਿਤ ਬੀਮਾਧਾਰਕ ਦੀ ਮੌਤ ਹੋ ਜਾਣ ’ਤੇ ਇਕਮੁਸ਼ਤ ਰਾਸ਼ੀ ਉਸ ਦੇ ਵਾਰਿਸਾਂ ਨੂੰ ਦੇ ਦਿੱਤੀ ਜਾਂਦੀ ਹੈ।

### ਇਨਡਾਵਮੈਂਟ ਪਾਲਿਸੀ

ਇਹ ਤੁਹਾਨੂੰ ਇੰਸ਼ੋਰੈਂਸ ਅਤੇ ਨਿਵੇਸ਼, ਦੋਵਾਂ ਦੇ ਲਾਭ ਦਿੰਦੀ ਹੈ। ਭਾਵ ਖ਼ਤਰੇ ਤੋਂ ਸੁਰੱਖਿਆ ਦੇਣ ਦੇ ਨਾਲ-ਨਾਲ ਇਹ ਵਿੱਤੀ ਬੱਚਤ ਦਾ ਇਕ ਉਤਪਾਦ ਹੈ। ਬੀਮਾਧਾਰਕ ਦੇ ਪ੍ਰੀਮੀਅਮ ਨੂੰ ਦੋ ਹਿੱਸਿਆਂ ’ਚ ਵੰਡਿਆ ਜਾਂਦਾ ਹੈ। ਦੂਜੇ ਹਿੱਸੇ ਦਾ ਮਾਰਕੀਟ ਟੂਲ ਵਾਂਗ ਇਕੁਇਟੀ ਅਤੇ ਡੇਟ ’ਚ ਨਿਵੇਸ਼ ਕੀਤਾ ਜਾਂਦਾ ਹੈ।

**2. ਇੰਸ਼ੋਰੈਂਸ ਕਮ ਇਨਵੈਸਟਮੈਂਟ – ਯੂਨਿਟ ਲਿੰਕਡ ਇੰਸ਼ੋਰੈਂਸ ਪਲਾਨ (ਯੂਲਿਪ)**

ਯੂਲਿਪ ’ਚ ਪ੍ਰੀਮੀਅਮ ਦਾ ਇਕ ਹਿੱਸਾ ਬੀਮਾਧਾਰਕ ਨੂੰ ਲਾਈਫ ਕਵਰ ਉਪਲਬਧ ਕਰਵਾਉਣ ਦੀ ਮੱਦ ’ਚ ਨਿਵੇਸ਼ ਹੋ ਜਾਂਦਾ ਹੈ, ਜਦਕਿ ਬਾਕੀ ਬਚਿਆ ਹੋਇਆ ਹਿੱਸਾ ਇਕੁਇਟੀ ਅਤੇ ਡੈਬਿਟ ’ਚ ਨਿਵੇਸ਼ ਕਰ ਦਿੱਤਾ ਜਾਂਦਾ ਹੈ। ਯੂਲਿਪ ’ਚ ਨਿਵੇਸ਼ ਨਾਲ ਤੁਹਾਡੇ ਅੰਦਰ ਇਕ ਨਿਸ਼ਚਿਤ ਸੇਵਿੰਗ ਦੀ ਆਦਤ ਪੈਦਾ ਹੋ ਜਾਂਦੀ ਹੈ ਜੋ ਤੁਹਾਡੀ ਪੂੰਜੀ ਨੂੰ ਵਧਾਉਣ ’ਚ ਮਦਦਗਾਰ ਹੁੰਦੀ ਹੈ। ਅਜਿਹੀਆਂ ਕਈ ਪਾਲਿਸੀਆਂ ਬੀਮਾਧਾਰਕ ਦੇ ਫ਼ਾਇਦੇ ਲਈ ਬਣਾਈਆਂ ਗਈਆਂ ਹਨ। ਜਿਨ੍ਹਾਂ ਨੂੰ ਛੋਟੇ ਅਤੇ ਵੱਡੇ ਰੂਪ ’ਚ ਲਿਆ ਜਾ ਸਕਦਾ ਹੈ। •

## ਬੈਂਕ ਨਹੀਂ ਤਨਖ਼ਾਹ ਤੈਅ ਕਰਦੀ ਹੈ- ਕਰਜ਼

ਜੇ ਤੁਸੀਂ ਨੌਕਰੀਪੇਸ਼ਾ ਹੋ ਤਾਂ ਹਰ ਮਹੀਨੇ ਤੁਹਾਡੇ ਖਾਤੇ ’ਚ ਇਕ ਨਿਸ਼ਚਿਤ ਰਕਮ ਆਉਂਦੀ ਹੋਵੇਗੀ। ਆਪਣੇ ਘਰ ਤੋਂ ਦੂਰ ਕਿਸੇ ਦੂਜੇ ਸ਼ਹਿਰ ’ਚ ਆਮਤੌਰ ’ਤੇ ਤਿੰਨ ਚਾਰ ਸਾਲ ਦੀ ਨੌਕਰੀ ਤੋਂ ਬਾਅਦ ਲੋਕ ਮਕਾਨ ਅਤੇ ਗੱਡੀ ਖ਼ਰੀਦਣ ਦੀ ਯੋਜਨਾ ਬਣਾਉਣ ਲੱਗ ਜਾਂਦੇ ਹਨ। ਇਸ ਯੋਜਨਾ ’ਚ ਕਿਸੇ ਵੀ ਤਰ੍ਹਾਂ ਦੀ ਫਾਈਨਾਂਸ਼ੀਅਲ ਉਲਝਣ ਨੂੰ ਬੈਂਕ ਦੂਰ ਕਰ ਦਿੰਦੇ ਹਨ ਜੋ ਆਪਣੇ ਗਾਹਕ ਨੂੰ ਆਕਰਸ਼ਕ ਕਰਨ ਲਈ ਹਮੇਸ਼ਾ ਆਫਰ ਪੇਸ਼ ਕਰਦੇ ਰਹਿੰਦੇ ਹਨ। ਪਰ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਬੈਂਕ ਤੁਹਾਡੇ ਕਰਜ਼ ਦੀ ਅਰਜ਼ੀ ਨੂੰ ਮਨਜ਼ੂਰੀ ਨਹੀਂ ਦਿੰਦਾ। ਇਸ ਦੀ ਮੁੱਖ ਵਜ੍ਹਾ ਕਰਜ਼ ਲੈਣ ਵਾਲੇ ਵਿਅਕਤੀ ਦੀ ਆਰਥਿਕ ਸੇਵਿੰਗ ਦਾ ਨਾ ਹੋਣਾ ਹੈ। ਅਜਿਹੇ ’ਚ ਅਸੀਂ ਤੁਹਾਨੂੰ ਇਸ ਲੇਖ ਜ਼ਰੀਏ ਇਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗੇ ਕਿ ਕਿਨ੍ਹਾਂ ਪੈਰਾਮੀਟਰ ਦੇ ਆਧਾਰ ’ਤੇ ਬੈਂਕ ਤੁਹਾਨੂੰ ਕਰਜ਼ ਮੁਹੱਈਆ ਕਰਾਉਂਦੇ ਹਨ।



### ਪਹਿਲਾ ਕਦਮ

ਕਰਜ਼ ਲੈਣ ਵਾਲਾ ਵਿਅਕਤੀ ਕਿੰਨੀ ਈਐੱਮਆਈ ਚੁਕਾਉਣ ’ਚ ਸਮਰਧ ਹੈ, ਬੈਂਕ ਇਸ ਆਧਾਰ ’ਤੇ ਕਰਜ਼ ਮਨਜ਼ੂਰ ਕਰਦੇ ਹਨ। ਕਰਜ਼ ਦੇਣ ਤੋਂ ਪਹਿਲਾਂ ਬੈਂਕ ਵਿਅਕਤੀ ਦਾ ਆਮਦਨ ਸਟੇਟਮੈਂਟ ਦੇਖਦੇ ਹਨ। ਇਸ ਲਈ ਬੈਂਕ ਤੁਹਾਡੀ ਸੈਲਰੀ ਸਲਿੱਪ, ਟੈਕਸ ਰਿਟਰਨ ਜਾਂ ਫਿਰ ਸੈਲਰੀ ਅਕਾਊਂਟ ਵਾਲਾ ਬੈਂਕ ਸਟੇਟਮੈਂਟ ਮੰਗਦੀ ਹੈ। ਬੈਂਕ ਤੁਹਾਡੀ ਕੁਲ ਮਹੀਨਾਵਾਰ ਆਮਦਨ ’ਚ ਤਨਖ਼ਾਹ, ਰੈਂਟਲ ਆਮਦਨ ਆਦਿ ਜੋੜ ਕੇ ਦੇਖਦਾ ਹੈ। ਇਹ ਸਾਰੀਆਂ ਜਾਣਕਾਰੀਆਂ ਤੁਹਾਡੀ ਬੈਂਕ ਸਟੇਟਮੈਂਟ ’ਚ ਹੁੰਦੀਆਂ ਹਨ।

### ਦੂਜਾ ਕਦਮ

ਕਰਜ਼ ਲੈਣ ਵਾਲੇ ਵਿਅਕਤੀ ਦੀ ਆਮਦਨ ਨੂੰ ਪਰਖਣ ਤੋਂ ਬਾਅਦ ਬੈਂਕ ਬੱਚਤ ਨੂੰ ਕੈਲਕੁਲੇਟ ਕਰਦਾ ਹੈ। ਬੱਚਤ ਆਮਤੌਰ ’ਤੇ ਆਮਦਨ ਦੀ ਸਤ੍ਹਾ ਅਤੇ ਰਹਿਣ-ਸਹਿਣ ’ਤੇ ਨਿਰਭਰ ਕਰਦੀ ਹੈ। ਇਸ ਲਈ ਬੈਂਕ ਥੰਬ-ਰੂਲ ਆਫ 30 ਅਪਨਾਉਂਦਾ ਹੈ। ਮੰਨ ਲਓ ਤੁਸੀਂ 50,000 ਰੁਪਏ ਮਹੀਨੇ ਕਮਾਉਂਦੇ ਹੋ ਤਾਂ ਬੈਂਕ ਇਹ ਮੰਨ ਲੈਂਦਾ ਹੈ ਕਿ ਤੁਸੀਂ 30 ਫ਼ੀਸਦੀ ਤਾਂ ਬੱਚਤ ਕਰਦੇ ਹੋ, ਭਾਵ 15 ਹਜ਼ਾਰ ਰੁਪਏ ਪ੍ਰਤੀ ਮਹੀਨਾ। ਬੈਂਕ ਇਸ ਰਕਮ ਨੂੰ ਤੁਹਾਡੀ ਮਹੀਨਾਵਾਰ ਬੱਚਤ ਮੰਨ ਲੈਂਦਾ ਹੈ।




### ਤੀਜਾ ਕਦਮ

ਜੇ ਤੁਸੀਂ ਕਰਜ਼ ਲੈਣ ਤੋਂ ਪਹਿਲਾਂ ਹੀ ਕਿਸੇ ਈਐੱਮਆਈ ਦਾ ਭੁਗਤਾਨ ਕਰ ਰਹੇ ਹੋ ਤਾਂ ਉਸ ਨੂੰ ਤੁਹਾਡੀ ਬੱਚਤ ’ਚੋਂ ਕੱਟ ਲਿਆ ਜਾਂਦਾ ਹੈ। ਉਦਾਹਰਨ ਦੇ ਤੌਰ ’ਤੇ ਜੇ ਤੁਹਾਡੀ ਸੇਵਿੰਗ 15 ਹਜ਼ਾਰ ਰੁਪਏ ਮਹੀਨਾ ਹੈ ਅਤੇ ਤੁਸੀਂ 2400 ਰੁਪਏ ਦੀ ਈਐੱਮਆਈ ਕਾਰ ਲੋਨ ਦੇ ਤੌਰ ’ਤੇ ਦੇ ਰਹੇ ਹੋ ਤਾਂ ਬੈਂਕ ਤੁਹਾਡੀ ਨੈੱਟ ਸੇਵਿੰਗ 12,600 ਰੁਪਏ ਮੰਨੇਗਾ ਅਤੇ ਇਸ ਦੇ ਆਧਾਰ ’ਤੇ ਹੀ ਤੁਹਾਨੂੰ ਕਰਜ਼ ਦਵੇਗਾ।

### ਚੌਥਾ ਕਦਮ

ਕੁਝ ਹੋਰ ਜਾਂਚ ਪਰਖ ਅਤੇ ਕੈਲਕੂਲੇਸ਼ਨ ਤੋਂ ਬਾਅਦ ਇਹ ਦੇਖਿਆ ਜਾਂਦਾ ਹੈ ਕਿ ਕਿੰਨੀ ਈਐੱਮਆਈ ਦੇਣ ਲਈ ਤੁਸੀਂ ਬਚਤ ਕਰਨ ਦੇ ਸਮਰੱਥ ਹੋ। ਜੇ ਤੁਹਾਡੀ ਮਹੀਨਾਵਾਰ ਬੱਚਤ 12,600 ਰੁਪਏ ਹੈ ਤਾਂ ਬੈਂਕ ਮੰਨ ਲੈਂਦਾ ਹੈ ਕਿ ਤੁਸੀਂ ਕਿੰਨੀ ਈਐੱਮਆਈ ਦੇ ਸਕਦੇ ਹੋ।

### ਪੰਜਵਾਂ ਕਦਮ

ਪੰਜਵਾਂ ਕਦਮ ਸਭ ਤੋਂ ਅਹਿਮ ਕਦਮ ਸਿਬਿਲ ਸਕੋਰ ਹੁੰਦਾ ਹੈ, ਜੋ ਕਿ ਤੁਹਾਡੇ ਕਰਜ਼ ਦੀ ਮਨਜ਼ੂਰੀ ’ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਕਰਜ਼ ਦੇਣ ਵਾਲਾ ਬੈਂਕ ਤੁਹਾਡੀ ਚੰਗੀ ਸਥਿਤੀ ਦੀ ਗਵਾਹੀ ਦੇ ਰਿਹਾ ਹੋਵੇ ਪਰ ਬੈਂਕ ਆਖ਼ਰੀ ਫ਼ੈਸਲਾ ਤੁਹਾਡੇ ਸਿਬਿਲ ਸਕੋਰ ਦੇ ਆਧਾਰ ’ਤੇ ਹੀ ਦਿੰਦਾ ਹੈ। ਸਿਬਿਲ ਸਕੋਰ ਵਧੀਆ ਹੈ ਤਾਂ ਬੈਂਕ ਤੁਹਾਡੇ ਲਈ ਕਰਜ਼ ਦੀ ਕੀਮਤ ਵਧਾ ਸਕਦਾ ਹੈ। •

# ਵਿਰੋਧੀ ਧਿਰ ਨੇ ਮਹਿਲਾਵਾਂ ਦੇ ਅਧਿਕਾਰਾਂ ਦੇ ਰਸਤੇ ਵਿੱਚ ਰੋੜੇ ਅਟਕਾਉਣ ਦਾ ਕੰਮ ਕੀਤਾ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਾਲ ਹੀ ਵਿੱਚ ਸੰਸਦ ਵਿੱਚ ਵਿਰੋਧੀ ਧਿਰ ਨੇ ਨਾਰੀ ਸ਼ਕਤੀ ਵੰਦਨ ਅਧਿਨਿਯਮ ਬਿੱਲ ਨੂੰ ਪਾਸ ਨਹੀਂ ਹੋਣ ਦਿੱਤਾ ਅਤੇ ਅਜਿਹਾ ਕਰ ਕੇ ਸਾਰੀ ਵਿਰੋਧੀ ਪਾਰਟੀਆਂ ਨੇ ਮਹਿਲਾਵਾਂ ਦੇ ਅਧਿਕਾਰਾਂ ਦੇ ਰਸਤੇ ਵਿੱਚ ਰੋੜੇ ਅਟਕਾਉਣ ਦਾ ਕੰਮ ਕੀਤਾ ਹੈ। ਹੁਣ ਤੱਕ ਕਾਂਗਰਸ ਨੇ ਮਹਿਲਾਵਾਂ ਨੂੰ ਰਾਖਵਾਂ ਦਿਖਾਉਣ ਦੇ ਨਾਮ ’ਤੇ ਸਿਰਫ ਦਿਖਾਵਾ ਕੀਤਾ ਹੈ।

ਮੁੱਖ ਮੰਤਰੀ ਐਤਵਾਰ ਨੂੰ ਰੋਹਤਕ ਵਿੱਚ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ’ਤੇ ਪੱਛਮੀ ਦਿੱਲੀ ਤੋਂ ਸਾਂਸਦ ਕਮਲਜੀਤ ਸਹਿਰਾਵਤ, ਭਾਜਪਾ ਦੇ ਸੂਬਾ ਪ੍ਰਧਾਨ ਸ੍ਰੀ ਮੋਹਨ ਲਾਲ ਕੌਸ਼ਿਕ ਸਮੇਤ ਹੋਰ ਮਾਣਯੋਗ ਨੇਤਾ ਮੌਜੂਦ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਿਛਲੀ 16 ਤੇ 17 ਅਪ੍ਰੈਲ ਨੂੰ ਦੇਸ਼ ਦੀ ਸਰਵੋਚ ਪੰਚਾਹਿਤ ਵਿੱਚ ਵਿਰੋਧੀ ਧਿਰ ਨੇ ਨਾਰੀ ਸ਼ਕਤੀ ਵੰਦ ਅਧਿਨਿਯਮ, ਬਿੱਲ ਦਾ ਵਿਰੋਧ ਕਰ ਕੇ ਸਾਡੀ ਭੇਣ-ਬੇਟੀਆਂ ਦੇ ਹੱਕ ’ਤੇ ਡਾਕਾ ਪਾਇਆ ਹੈ। ਲੋਕਤੰਤਰ ਦੇ ਮੰਦਿਰ, ਸਾਂਸਦ ਵਿੱਚ ਜੋ ਕੁੱਝ ਵੀ ਹੋਇਆ, ਉਹ ਨਾ ਸਿਰਫ ਅਲੋਕਤਾਂਤਰਿਕ ਸੀ, ਸਗੋ ਸਾਡੇ ਦੇਸ਼ ਦੀ ਅੱਧੀ ਆਬਾਦੀ ਦੇ ਭਵਿੱਖ ’ਤੇ ਇੱਕ ਵੱਡਾ ਵਾਰ ਸੀ। ਇਸ ਪ੍ਰਕਰਣ ਨੇ ਕਾਂਗਰਸ, ਸਮਾਜਵਾਦੀ ਪਾਰਟੀ, ਟੀਐਮਸੀ ਅਤੇ ਡੀਐਮਕੇ ਵਰਗੇ ਵਿਰੋਧੀ ਪਾਰਟੀਆਂ ਦਾ ਅਸਲੀ ਚਿਹਰਾ ਦੇਸ਼ ਦੇ ਸਾਹਮਣੇ ਉਜਾਗਰ ਕਰ ਦਿੱਤਾ ਹੈ।

ਉਨ੍ਹਾਂ ਨੇ ਦੋਸ਼ ਲਗਾਇਆ ਕਿ ਇੰਨ੍ਹਾਂ ਪਾਰਟੀਆਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਜਦੋਂ ਗੱਲ ਮਹਿਲਾਵਾਂ ਨੂੰ ਅਧਿਕਾਰ ਦੇਣ ਦੀ ਆਉਂਦੀ ਹੈ, ਤਾਂ ਉਨ੍ਹਾਂ ਦਾ ਅਸਲੀ ਕਿਰਦਾਰ ਮਹਿਲਾ-ਵਿਰੋਧੀ ਅਤੇ ਸੱਤਾ ਦਾ ਲੋਭੀ ਹੋ ਜਾਂਦਾ ਹੈ।

ਇਹ ਮਹਿਲਾਵਾਂ ਨੂੰ ਉਨ੍ਹਾਂ ਦਾ ਸੰਵੈਧਿਕ ਅਧਿਕਾਰ ਦਿਵਾਉਣ ਦਾ ਇਤਿਹਾਸਕ ਮੌਕਾ ਸੀ, ਪਰ ਵਿਰੋਧੀ ਧਿਰ ਨੇ ਇਸ ਮੌਕੇ ਨੂੰ ਵੀ ਆਪਣੀ ਮਾੜੀ ਸਿਆਸਤ ਦੇ ਭੇਂਟ ਚੜ੍ਹਾ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀ 16 ਅਪ੍ਰੈਲ, 2026 ਨੂੰ ਕੇਂਦਰ ਸਰਕਾਰ ਨੇ ਲੋਕਸਭਾ ਵਿੱਚ ਤਿੰਨ ਕ੍ਰਾਂਤੀਕਾਰੀ ਬਿੱਲ ਪੇਸ਼ ਕੀਤੇ ਸਨ। ਸੰਵਿਧਾਨ (131ਵਾਂ ਸੋਧ) ਵਿਬੱਲ, ਪਰਿਸੀਮਨ ਬਿੱਲ ਅਤੇ ਕੇਂਦਰ ਸ਼ਾਸਿਤ ਸੂਬਾ ਕਾਨੂੰਨ (ਸੋਧ) ਬਿੱਲ। ਇੰਨ੍ਹਾਂ ਬਿੱਲਾਂ ਨੂੰ ਲਿਆਉਣ ਦੇ ਪਿੱਛੇ ਕੇਂਦਰ ਸਰਕਾਰ ਦਾ ਸੰਕਲਪ ਬਹੁਤ ਸਪਸ਼ਟ ਸੀ। ਨਾਰੀ ਸ਼ਕਤੀ ਵੰਦਨ ਅਧਿਨਿਯਮ ਦੇ ਅਨੁਸਾਰ, ਮਹਿਲ ਰਾਖਵਾਂਕਰਨ 2026 ਦੇ ਬਾਅਦ ਹੋਣ ਵਾਲੀ ਜਨਗਣਨਾ ਅਤੇ ਪਰਿਸੀਮਨ ਦੇ ਵਾਅਦੇ ਲਾਗੂ ਹੋਣਾ ਸੀ। ਕੇਂਦਰ ਸਰਕਾਰ ਜਾਣਦੀ ਸੀ ਕਿ ਜੇਕਰ ਅਸੀਂ ਜਨਗਣਨਾ ਅਤੇ ਲੰਬੀ ਪਰਿਸੀਮਨ ਪ੍ਰਕ੍ਰਿਆ ਦਾ ਇੰਤਜਾਰ ਕਰਦੇ, ਤਾਂ ਸਾਡੀ ਭੈਣਾ ਨੂੰ 2029 ਦੇ ਆਮ ਚੋਣ ਵਿੱਚ ਵੀ 33 ਫੀਸਦੀ ਰਾਖਵਾਂ ਦਾ ਲਾਭ ਨਹੀਂ ਮਿਲ ਪਾਉਂਦਾ। ਇਸ ਲਈ, ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਇਹ ਹਿੰਮਤੀ ਫੈਸਲਾ ਕੀਤਾ ਕਿ ਇਸ ਰਾਖਵੇਂ ਨੂੰ ਜਨਗਣਨਾ ਦੀ ਸ਼ਰਤ ਤੋਂ ਵੱਖ ਕੀਤਾ ਜਾਵੇ, ਤਾਂ ਜੋ ਸਾਲ 2029 ਦੇ ਆਮ ਚੋਣਾਂ ਵਿੱਚ ਹੀ ਸਾਡੀ ਮਹਿਲਾ ਸ਼ਕਤੀ ਸੰਸਦ ਵਿੱਚ ਆਪਣੀ ਪ੍ਰਭਾਵੀ ਮੌਜੂਦਗੀ ਦਰਜ ਕਰਾ ਸਕਣ।

ਉਨ੍ਹਾਂ ਨੇ ਦਸਿਆ ਕਿ ਪ੍ਰਧਾਨ ਮੰਤਰੀ ਨੇ ਸਪਸ਼ਟ ਕਿਹਾ ਕਿ ਮਹਿਲਾਵਾਂ ਦੀ ਭਾਗੀਦਾਰੀ ਕੋਈ ਦਇਆ ਨਹੀਂ, ਉਨ੍ਹਾਂ ਦਾ ਅਧਿਕਾਰ ਹੈ। ਪਰ ਕਾਂਗਰਸ ਅਤੇ ਉਸ ਦੇ ਸਹਿਯੋਗੀਆਂ ਨੇ ਇੱਕ ਵਾਰ ਫਿਰ ਮਹਿਲਾਵਾਂ ਦੇ ਅਧਿਕਾਰਾਂ ਦੇ ਰਸਤੇ ਵਿੱਚ ਰੋੜੇ ਅਟਕਾਉਣ ਦਾ ਕੰਮ ਕੀਤਾ ਹੈ। ਇਹ ਦੇਸ਼ ਦੀ ਅੱਧੀ ਆਬਾਦੀ ਦੇ ਨਾਲ ਵਿਸ਼ਵਾਸਘਤ ਸੀ।



ਸ੍ਰੀ ਨਾਇਬ ਸਿੰਘ ਸੈਣੀ ਨੇ ਸੁਆਲ ਕੀਤਾ ਕਿ ਆਖਿਰ ਵਿਰੋਧੀ ਧਿਰ ਮਹਿਲਾਵਾਂ ਦੇ ਰਾਖਵਾਂਕਰਣ ਤੋਂ ਇੰਨ੍ਹਾ ਡਰ ਕਿਉਂ ਰਿਹਾ ਹੈ। ਉੱਤਰ ਸਪਸ਼ਟ ਹੈ ਕਿ ਉਹ ਪਾਰਟੀ ਜਾਣਦੀਆਂ ਹਨ ਕਿ ਜਿਸ ਦਿਨ ਦੇਸ਼ ਦੀ ਮਹਿਲਾਵਾਂ ਨੂੰ ਉਨ੍ਹਾਂ ਦਾ ਪੂਰਾ ਰਾਜਨੀਤਿਕ ਅਧਿਕਾਰ ਮਿਲ ਗਿਆ, ਉਸੀ ਦਿਨ ਇੰਨ੍ਹਾਂ ਦਾ ਪਰਿਵਾਰਵਾਦ ਦੀ ਰਾਜਨੀਤੀ ਖਤਮ ਹੋ ਜਾਵੇਗੀ। ਮਹਿਲਾਵਾਂ ਦੇ ਸਸ਼ਕਤੀਕਰਣ ਨਾਲ ਸੱਭ ਤੋਂ ਵੱਡਾ ਖਤਰਾ ਉਨ੍ਹਾਂ ਪਾਰਟੀਆਂ ਨੂੰ ਹੈ, ਜਿਨ੍ਹਾਂ ਨੇ ਦਿਹਾਕਿਆਂ ਤੱਕ ਮਹਿਲਾਵਾਂ ਨੂੰ ਸਿਰਫ ਵੋਟ ਬੈਂਕ ਸਮਝਿਆ, ਪਰ ਅਗਵਾਈ ਦਾ ਅਧਿਕਾਰ ਨਹੀਂ ਦਿੱਤਾ।

ਉਨ੍ਹਾਂ ਨੇ ਦੋਸ਼ ਲਗਾਇਆ ਕਿ ਕਾਂਗਰਸ ਨੇ ਸਾਲਾਂ ਤੱਕ ਮਹਿਲਾ ਰਾਖਵਾਂਕਰਣ ਦੇ ਨਾਮ ’ਤੇ ਸਿਰਫ ਦਿਖਾਵਾ ਕੀਤਾ। ਕਮੇਟੀਆਂ ਬਣਾਈਆਂ, ਬਹਾਨੇ ਬਣਾਏ, ਪਰ ਕਦੀ ਮਹਿਲਾਵਾਂ ਨੂੰ ਉਨ੍ਹਾਂ ਦਾ ਅਧਿਕਾਰ ਨਹੀਂ ਦਿੱਤਾ। ਦੂਜੇ ਪਾਸ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਨਾਰੀ ਸ਼ਕਤੀ ਵੰਦਨ ਅਧਿਨਿਯਮ ਲਿਆ ਕੇ ਮਹਿਲਾਵਾਂ ਨੂੰ ਸਨਮਾਨ ਦਿੱਤਾ। ਪਰ ਜਦੋਂ ਉਸ ਨੂੰ ਲਾਗੂ ਕਰਨ ਦੀ ਘੜੀ ਆਈ, ਉਦੋਂ ਵਿਰੋਧੀ ਧਿਰ ਦਾ ਅਸਲੀ ਮਹਿਲਾ ਵਿਰੋਧੀ ਚਿਹਰਾ ਸਾਹਮਣੇ ਆ ਗਿਆ।

ਉਨ੍ਹਾਂ ਨੇ ਕਿਹਾ ਕਿ ਵਿਰੋਧੀ ਧਿਰ ਨੇ ਪਰਿਸੀਮਨ ਦੇ ਨਾਮ ’ਤੇ ਝੂਠ ਅਤੇ ਭ੍ਰਮ ਫੈਲਾਇਆ, ਕਿਹਾ ਗਿਆ ਕਿ ਇਸ ਨਾਲ ਕੁੱਝ ਸੂਬਿਆਂ ਨੂੰ ਨੁਕਸਾਨ ਹੋਵੇਗਾ। ਪਰ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਸੰਸਦ ਵਿੱਚ ਤੱਥਾਂ ਦੇ ਨਾਲ ਸਪਸ਼ਟ ਕਰ ਦਿੱਤਾ ਕਿ ਕਿਸੇ ਵੀ ਸੂਬੇ ਦੀ ਨੁਮਾਇੰਦਗੀ ਘੱਟ ਨਹੀਂ ਹੋਵੇਗੀ। ਸੀਟਾਂ ਵਿੱਚ ਸਮਾਨ ਵਾਧਾ ਹੋਵੇਗਾ, ਸਾਰੇ ਸੂਬਿਆਂ ਦਾ ਸੰਤੁਲਨ ਬਣਿਆ ਰਹੇਗਾ। ਫਿਰ ਵੀ ਵਿਰੋਧੀ ਧਿਰ ਦੇ ਨੇਤੇ ਲਗਾਤਾਰ ਝੂਠ ਬੋਲਦੇ ਰਹੇ, ਕਿਉਂਕਿ ਉਨ੍ਹਾਂ ਦਾ ਉਦੇਸ਼ ਮਹਿਲਾਵਾਂ ਨੂੰ ਅਧਿਕਾਰ ਦੇਣਾ ਨਹੀਂ, ਸਗੋ ਸਵਾਰਥ ਦੀ ਰਾਜਨੀਤੀ ਕਰਨਾ ਹੈ।

ਮੁੱਖ ਮੰਤਰੀ ਨੇ ਿਵਸਤਾਰ ਨਾਲ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸਾਲ 1971 ਵਿੱਚ ਜਦੋਂ ਸਾਡੀ ਆਬਾਦੀ 54 ਕਰੋੜ ਸੀ, ਉਦੋਂ ਲੋਕਸਭਾ ਦੀ ਸੀਟਾਂ 550 ਤੈਅ ਕੀਤੀਆਂ ਗਈਆਂ ਸਨ। ਅੱਜ ਅਸੀਂ 140 ਕਰੋੜ ਹਾਂ। ਇਸ ਲਈ, ਇਹ ਜਰੂਰੀ ਹੈ ਕਿ ਲੋਕਸਭਾ ਸੀਟਾਂ ਦੀ ਗਿਣਤੀ ਵਧਾ ਕੇ 850 ਕੀਤੀ ਜਾਵੇ ਤਾਂ ਜੋ ਹਰ ਨਾਗਰਿਕ ਦਾ ਸਹੀ ਪ੍ਰਤੀਨਿਧੀਤਵ ਹੋ ਸਕੇ। ਇਸ ਨੂੰ ਲੈ ਕੇ ਵਿਰੋਧੀ ਧਿਰ ਨੇ ਇੱਕ ਹੋਰ ਝੂਠ ਫੈਲਾਇਆ ਕਿ ਇਸ ਨਾਲ ਦੱਖਣ ਭਾਰਤ ਦੇ ਸੂਬਿਆਂ ਨੂੰ ਨੁਕਸਾਨ ਹੋਵੇਗਾ। ਉਨ੍ਹਾਂ ਨੇ ਸਪਸ਼ਟ ਕਰਦੇ ਹੋਏ ਦਸਿਆ ਕਿ ਕੇਂਦਰ ਸਰਕਾਰ ਦਾ ਮਾਡਲ ਸਾਰੇ ਸੂਬਿਆਂ ਵਿੱਚ ਸਮਾਨ ਰੂਪ ਨਾਲ 50 ਫੀਸਦੀ ਸੀਟਾਂ ਦੇ ਵਾਧੇ ਦਾ ਸੀ। ਉਦਾਹਰਣ ਵਜੋ, ਦੱਖਣ ਭਾਰਤੀ ਸੂਬਿਆਂ ਦੀ ਮੌਜੂਦ ਹਿੱਸੇਦਾਰੀ 23.76 ਫੀਸਦੀ ਹੈ, ਜੋ ਇਸ ਨਵੇਂ ਮਾਡਲ ਵਿੱਚ ਵੱਧ ਕੇ 23.87 ਫੀਸਦੀ ਹੋ ਜਾਂਦੀ। ਤਮਿਲਨਾਡੂ ਦੀ ਸੀਟਾਂ 39 ਤੋਂ ਵੱਧ ਕੇ 59 ਅਤੇ ਕਰਨਾਟਕ ਦੀ 28 ਤੋਂ ਵੱਧ ਕੇ 42 ਹੋਣ ਵਾਲੀਆਂ ਸਨ। ਯਾਨੀ ਕਿਸੇ ਵੀ ਸੂਬੇ ਦਾ ਹੱਕ ਖੋਹਨ ਦਾ ਨਹੀਂ, ਸਗੋ ਸੱਭ ਦਾ ਹੱਕ ਵਧਾਉਣ ਦਾ ਇਹ ਪ੍ਰਸਤਾਵ ਸੀ। ਪਰ ਕਾਂਗਰਸ, ਸਮਾਜਵਾਦੀ ਪਾਰਟੀ, ਟੀਐਮਸੀ ਅਤੇ ਡੀਐਮਕੇ ਨੇ ਇੰਨ੍ਹਾਂ ਬਿੱਲਾਂ ਦਾ ਵਿਰੋਧ ਕਰ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਸਿਰਫ ਮਹਿਲਾਵਾਂ ਦੀ ਭਲਾਈ ਦਾ ਢੋਂਗ ਕਰਦੇ ਹਨ। ਸਮਾਜਵਾਦੀ ਪਾਰਟੀ ਨੇ ਧਰਮ ਅਧਾਰਿਤ ਰਾਖਵਾਂ ਦੀ ਅਸੰਵੈਧਾਨਿਕ ਮੰਗ ਚੁੱਕ ਕੇ ਸਿਰਫ ਮਾਮਲੇ ਨੂੰ ਭਟਕਾਉਣ ਦਾ ਕੰਮ ਕੀਤਾ ਹੈ, ਜਦੋਂ ਕਿ ਸਾਡਾ ਸੰਵਿਧਾਨ ਧਰਮ ਦੇ ਆਧਾਰ ’ਤੇ ਰਾਖਵਾਂ ਦੀ ਮੰਜੂਰੀ ਨਹੀਂ ਦਿੰਦਾ। ਵਿਰੋਧੀ ਧਿਰ ਜਾਣਦਾ ਹੈ ਕਿ ਜੇਕਰ ਬਹਸ ਅਸਲੀ ਮੁੱਦੇ ’ਤੇ ਹੋਈ, ਤਾਂ ਦੇਸ਼ ਦੀ ਮਹਿਲਾਵਾਂ ਪੁੱਛਣਗੀਆਂ ਕਿ ਇੰਨ੍ਹੇ ਸਾਲਾਂ ਤੱਕ ਉਨ੍ਹਾਂ ਨੂੰ ਅਧਿਕਾਰ ਕਿਉਂ ਨਹੀਂ ਦਿੱਤਾ ਗਿਆ, ਇਸ ਲਈ ਮੁੱਦੇ ਭਟਕਾਏ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਾਂਗਰਸ ’ਤੇ ਦੋਗਲੀ ਨੀਤੀ ਅਪਨਾਉਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਕਾਂਗਰਸੀ ਨੇਤਾ ਜੋ ਸ਼ਾਹਬਾਨੋ ਮਾਮਲੇ ਵਿੱਚ ਮਹਿਲਾਵਾਂ ਦੇ ਖਿਲਾਫ ਖੜੇ ਸਨ ਅਤੇ ਜਿਨ੍ਹਾਂ ਨੇ ਦਿਹਾਕਿਆਂ ਤੱਕ ਮਹਿਲਾ ਰਾਖਵਾਂਕਰਣ ਨੂੰ ਤਕਨੀਕੀ ਬਹਾਨਿਆਂ ਅਤੇ ਫਾਇਲਾਂ ਵਿੱਚ ਦਬਾ ਕੇ ਰੱਖਿਆ, ਉਹ ਅੱਜ ਵੀ ਉਂਹੀ ਸਾਜਿਸ਼ ਦੋਹਰਾ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਭਾਰਤ ਆਜਾਦ ਹੋਇਆ, ਉਸੀ ਸਮੇਂ ਕਈ ਹੋਰ ਦੇਸ਼ ਵੀ ਆਜਾਦ ਹੋਏ ਸਨ। ਪਰ ਕੁੱਝ ਦੇਸ਼ ਵਿਕਸਿਤ ਬਣ ਚੁੱਕੇ ਹਨ, ਅਤੇ ਭਾਰਤ ਨੂੰ ਉਸ ਮੁਕਾਮ ਤੱਕ ਪਹੁੰਚਣ ਵਿੱਚ ਦਿਹਾਕੇ ਲੱਗ ਗਏ। ਇਸ ਦੇਰੀ ਦਾ ਕਾਰਨ ਕੀ ਸੀ। ਮੈਂ ਸਪਸ਼ਟ ਕਹਿਣਾ ਚਾਹੁੰਦਾ ਹਾਂ ਕਿ ਉਹ ਸੀ ਕਾਂਗਰਸ ਦਾ ਨਕਾਰਾਤਮ੍ਕ ਅਤੇ ਵਿਕਾਸ-ਵਿਰੋਧੀ ਰਾਜਨੀਤੀ। ਇੰਨ੍ਹਾਂ ਸਿਆਸਤ ਦਾ ਮੂਲਮੰਤਰ ਰਿਹਾ ਹੈ- ਅਟਕਾਓ, ਲਟਕਾਓ ਤੇ ਭਟਕਾਓ। ਸ਼ੁਰੂ ਤੋਂ ਹੀ ਉਨ੍ਹਾਂ ਨੇ ਹਰ ਉਸ ਫੈਸਲੇ ਦਾ ਵਿਰੋਧ ਕੀਤਾ, ਜੋ ਦੇਸ਼ ਨੂੰ ਅੱਗੇ ਲੈ ਜਾਣ ਵਾਲਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਮਹਿਲਾਵਾਂ ਦੇ ਸਨਮਾਨ ਲਈ ਤਿੰਨ ਤਲਾਕ ਕਾਨੂੰਨ ਲਿਆਇਆ ਗਿਆ, ਜਦੋਂ ਧਾਰਾ 370 ਨੂੰ ਹਟਾ ਕੇ ਦੇਸ਼ ਨੂੰ ਏਕੀਕ੍ਰਿਤ ਕੀਤਾ ਗਿਆ, ਜਦੋਂ ਸਮਾਨ ਨਾਗਰਿਕ ਸੰਹਿਤਾ ’ਤੇ ਚਰਚਾ ਹੋਈ, ਜਦੋਂ ਵਨ-ਨੇਸ਼ਨ, ਵਨ ਇਲੈਕਸ਼ਨ ਦੀ ਗੱਲ ਆਈ, ਜਦੋਂ ਵੋਟਰ ਲਿਸਟ ਨੂੰ ਸ਼ੁੱਧ ਕਰਨ ਦੀ ਗੱਲ ਹੋਈ, ਜਦੋਂ ਕੇਂਦਰੀ ਵਕਫ ਕੌਂਸਲ ਵਿੱਚ ਸੁਧਾਰ ਦੀ ਚਰਚਾ ਹੋਈ, ਜਦੋਂ ਨਾਗਰਿਕਾਂ ਸੋਧ ਐਕਟ ਲਿਆਇਆ ਗਿਆ, ਹਰ ਵਾਰ, ਹਰ ਮੋਰਚੇ ’ਤੇ, ਇੰਨ੍ਹਾਂ ਨੇ ਸਿਰਫ ਵਿਰੋਧੀ ਹੀ ਕੀਤਾ। ਉਨ੍ਹਾਂ ਨੇ ਵਿਰੋਧੀ ਧਿਰ ਨੂੰ ਸੁਚੇਤ ਕਰਦੇ ਹੋਏ ਕਿਹਾ ਕਿ ਮਹਿਲਾਵਾਂ ਦੇ ਅਧਿਕਾਰਾਂ ’ਤੇ ਰਾਜਨੀਤੀ ਕਰਨ ਵਾਲਿਆਂ ਨੂੰ ਦੇਸ਼ ਦੀ ਮਹਿਲਾਵਾਂ ਕਦੀ ਮਾਫ ਨਹੀਂ ਕਰਣਗੀਆਂ।

## ਹੁਣ ਕੋਈ ਵੀ ਪੰਜਾਬ ਵਿੱਚ ਬੇਅਦਬੀ ਕਰਨ ਦੀ ਨਹੀਂ ਕਰ ਸਕੇਗਾ ਹਿੰਮਤ : ਕੁਲਤਾਰ ਸਿੰਘ ਸੰਧਵਾਂ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਬੜੀ ਖੁਸ਼ੀ ਨਾਲ ਦੱਸਿਆ ਕਿ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ 2026 ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਬੇਅਦਬੀ ਵਿਰੋਧੀ ਬਿੱਲ 13 ਅਪ੍ਰੈਲ, 2026 ਨੂੰ ਪੰਜਾਬ ਦੇ ਮੁੱਖ ਮੰਤਰੀ ਸ . ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਸੀ।

ਸਪੀਕਰ ਸੰਧਵਾਂ ਨੇ ਦੱਸਿਆ ਕਿ ਇਸ ਬੇਅਦਬੀ ਵਿਰੋਧੀ ਐਕਟ ਤਹਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਲਈ ਉਮਰ ਕੈਦ ਅਤੇ ਭਾਰੀ ਜੁਰਮਾਨੇ ਦੀ ਵਿਵਸਥਾ ਹੈ। ਉਨ੍ਹਾਂ ਨੇ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਪਰਮਾਤਮਾ ਨੇ ਮੈਨੂੰ ਧਾਰਮਿਕ ਸੁਰੱਖਿਆ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਦਾ ਮੌਕਾ ਦਿੱਤਾ ਹੈ। ਇਸ ਬਿੱਲ ਰਾਹੀਂ ਸਾਡੀ ਸਰਕਾਰ ਨੇ ਧਾਰਮਿਕ ਬੇਅਦਬੀ ਨਾਲ ਸਬੰਧਤ ਪੰਜਾਬੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਕੀਤੀ ਹੈ।

## ਪੰਜਾਬ ਸਰਕਾਰ ਵੱਲੋਂ ਵਿਧਵਾ ਅਤੇ ਨਿਆਸ਼ਰਿਤ ਔਰਤਾਂ ਲਈ 102 ਕਰੋੜ ਰੁਪਏ ਤੋਂ ਵੱਧ ਰਾਸ਼ੀ ਜਾਰੀ: ਡਾ. ਬਲਜੀਤ ਕੌਰ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਵਿਧਵਾ ਅਤੇ ਨਿਆਸ਼ਰਿਤ ਔਰਤਾਂ ਦੀ ਆਰਥਿਕ ਸੁਰੱਖਿਆ ਅਤੇ ਆਤਮ-ਸਨਮਾਨ ਨੂੰ ਮਜ਼ਬੂਤ ਕਰਨ ਲਈ ਵੱਡਾ ਕਦਮ ਚੁੱਕਦਿਆਂ ਵਿੱਤੀ ਸਾਲ 2026-27 ਦੇ ਮਹੀਨਾ ਮਾਰਚ ਲਈ 102 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ ਕੀਤੀ ਗਈ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ, ਖਾਸ ਕਰਕੇ ਔਰਤਾਂ ਨੂੰ ਆਰਥਿਕ ਤੌਰ @ਤੇ ਮਜ਼ਬੂਤ ਬਣਾਉਣ ਲਈ ਲਗਾਤਾਰ ਲੋਕ-ਕੇਂਦਰਿਤ ਅਤੇ ਨਤੀਜਾ-ਮੁੱਖੀ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਵਿੱਤੀ ਸਹਾਇਤਾ ਹਜ਼ਾਰਾਂ ਔਰਤਾਂ ਲਈ ਸਹਾਰਾ ਬਣ ਰਹੀ ਹੈ, ਜਿਸ ਨਾਲ ਉਹ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਦੀਆਂ ਹੋਈਆਂ ਆਤਮ-ਵਿਸ਼ਵਾਸ ਨਾਲ ਜੀਵਨ ਬਤੀਤ ਕਰ ਸਕਦੀਆਂ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਵੇਲੇ ਸੂਬੇ ਦੀਆਂ 6,83,004 ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਇਸ ਸਕੀਮ ਦਾ ਲਾਭ ਦਿੱਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਹਰ ਮਹੀਨੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।ਡਾ. ਬਲਜੀਤ ਕੌਰ ਨੇ ਹੋਰ ਦੱਸਿਆ ਕਿ ਵਿੱਤੀ ਸਾਲ 2026-27 ਦੌਰਾਨ ਯੋਗ ਲਾਭਪਾਤਰੀਆਂ ਨੂੰ ਨਿਰਵਿਘਨ ਪੈਨਸ਼ਨ ਜਾਰੀ ਰਹੇ। ਇਸ ਲਈ ਪੰਜਾਬ ਸਰਕਾਰ ਵੱਲੋਂ 1200 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਦਾ ਬਜਟ ਉਪਬੰਧ ਕੀਤਾ ਗਿਆ ਹੈ, ਜੋ ਔਰਤਾਂ ਦੀ ਸਮਾਜਿਕ ਸੁਰੱਖਿਆ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਦੱਸਿਆ ਕਿ 58 ਸਾਲ ਤੋਂ ਘੱਟ ਉਮਰ ਦੀਆਂ ਵਿਧਵਾ ਅਤੇ ਨਿਆਸ਼ਰਿਤ ਔਰਤਾਂ, 30 ਸਾਲ ਤੋਂ ਵੱਧ ਉਮਰ ਦੀਆਂ ਅਣਵਿਆਹੀਆਂ ਔਰਤਾਂ, ਅਤੇ 60,000 ਰੁਪਏ ਜਾਂ ਇਸ ਤੋਂ ਘੱਟ ਸਾਲਾਨਾ ਆਮਦਨ ਵਾਲੀਆਂ ਔਰਤਾਂ ਇਸ ਸਕੀਮ ਦਾ ਲਾਭ ਲੈਣ ਲਈ ਯੋਗ ਹਨ।

ਡਾ. ਬਲਜੀਤ ਕੌਰ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਸੂਬੇ ਦੀਆਂ ਔਰਤਾਂ ਦੀ ਭਲਾਈ ਅਤੇ ਸਸ਼ਕਤੀਕਰਨ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਰ ਯੋਗ ਔਰਤ ਨੂੰ ਸਮੇਂ ਸਿਰ ਵਿੱਤੀ ਸਹਾਇਤਾ ਮਿਲੇ। ਉਨ੍ਹਾਂ ਕਿਹਾ ਕਿ ਅਜਿਹੀਆਂ ਯੋਜਨਾਵਾਂ ਨਾਲ ਔਰਤਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੋਣ ਦੇ ਨਾਲ-ਨਾਲ ਉਨ੍ਹਾਂ ਨੂੰ ਆਤਮ-ਸਨਮਾਨ ਨਾਲ ਜੀਵਨ ਬਤੀਤ ਕਰਨ ਵਿੱਚ ਮਦਦ ਮਿਲ ਰਹੀ ਹੈ।

## ਪੰਜਾਬ ਦੀਆਂ ਮੰਡੀਆਂ ’ਚ 28 ਲੱਖ ਮੀਟਰਿਕ ਟਨ ਕਣਕ ਦੀ ਆਮਦ, 24 ਲੱਖ ਮੀਟਰਿਕ ਟਨ ਤੋਂ ਵੱਧ ਦੀ ਖ਼ਰੀਦ : ਲਾਲ ਚੰਦ ਕਟਾਰੂਚੱਕ



**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਇੱਥੇ ਦਾਣਾ ਮੰਡੀ ਵਿਖੇ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਕਿਹਾ ਕਿ ਸੂਬੇ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ ਨਿਰਵਿਘਨ ਜਾਰੀ ਹੈ ਅਤੇ ਹੁਣ ਤੱਕ ਹੋਈ 28 ਲੱਖ ਮੀਟਰਿਕ ਟਨ ਤੋਂ ਵੱਧ ਕਣਕ ਦੀ ਆਮਦ ‘ਚੋਂ 24 ਲੱਖ ਮੀਟਰਿਕ ਟਨ ਤੋਂ ਵੱਧ ਫਸਲ ਖਰੀਦੀ ਜਾ ਚੁੱਕੀ ਹੈ।

ਦਾਣਾ ਮੰਡੀ ਵਿਖੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਸੰਬੰਧਤ ਅਧਿਕਾਰੀਆਂ ਸਮੇਤ ਪਹੁੰਚੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਨੇੜਲੇ ਪਿੰਡ ਬਸਤੀ ਦੇ ਕਿਸਾਨ ਜੈਲ੍ਹਾ ਦੀ ਢੇਰੀ ਦੀ ਖ਼ਰੀਦ ਕਰਵਾਉਂਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿਚ ਖ਼ਰੀਦ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ ਜਿਸ ਕਰਕੇ ਕਿਸਾਨਾਂ ਨੂੰ ਫ਼ਸਲ ਵੇਚਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ । ਉਨ੍ਹਾਂ ਕਿਹਾ ਕਿ ਕਣਕ ਦੀ ਖ਼ਰੀਦ ਬਦਲੇ ਘੱਟੋ-ਘੱਟ ਸਮਰਥਨ ਮੁੱਲ 2585 ਦੇ ਹਿਸਾਬ ਨਾਲ ਹੁਣ ਤੱਕ ਕਿਸਾਨਾਂ ਦੇ ਖਾਤਿਆਂ ਵਿਚ 647 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਇਕ-ਇੱਕ ਦਾਣਾ ਚੁੱਕਣ ਲਈ ਵਚਨਬੱਧ ਹੈ ਜਿਸ ਦੇ ਸਿੱਟੇ ਵਜੋਂ ਮੰਡੀਆਂ ਵਿਚ ਨਿਰਵਿਘਨ ਖ਼ਰੀਦ ਜਾਰੀ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਅਨੁਸਾਰ ਖਰੀਦ ਦੇ 48 ਘੰਟਿਆਂ ਵਿੱਚ ਕਿਸਾਨਾਂ ਨੂੰ ਬਣਦੀਆਂ ਅਦਾਇਗੀਆਂ ਵੀ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਦੇ ਨਾਲ ਜੀ ਲਿਫਟਿੰਗ ਵੀ ਤੇਜ਼ ਹੋ ਰਹੀ ਹੈ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਖ਼ਰੀਦ ਏਜੰਸੀਆਂ ਦੇ ਨੁਮਾਇੰਦਿਆਂ ਅਤੇ ਸੰਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਮੰਡੀਆਂ ਵਿਚ ਬਾਰਦਾਨਾ, ਮੰਡੀ ਲੇਬਰ ਅਤੇ ਢੋਆ-ਢੁਆਈ ਦੇ ਪ੍ਰਬੰਧਾਂ ਦੀ ਗੱਲ ਕਰਦਿਆਂ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸੂਬੇ ਭਰ ਦੀਆਂ ਮੰਡੀਆਂ ਵਿੱਚ ਸਾਰੇ ਲੋੜੀਂਦੇ ਪ੍ਰਬੰਧ ਅਮਲ ਵਿਚ ਹਨ ਅਤੇ ਕਣਕ ਦੀ ਖਰੀਦ ਸੁਚੱਜੇ ਢੰਗ ਨਾਲ ਜਾਰੀ ਹੈ। ਉਨ੍ਹਾਂ ਨੇ ਕਿਸਾਨਾਂ ਵੱਲੋਂ ਆਪਣੇ ਖ਼ੂਨ-ਪਸੀਨੇ ਅਤੇ ਮਿਹਨਤ ਨਾਲ ਪੈਦਾ ਕੀਤੇ ਇੱਕ-ਇੱਕ ਦਾਣੇ ਨੂੰ ਖਰੀਦਣ ਦੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਕਿਸਾਨਾਂ ਦੀ ਫਸਲ ਘੱਟੋ-ਘੱਟ ਸਮੇਂ ਵਿਚ ਖਰੀਦ ਕੇ ਨਿਰਧਾਰਤ ਸਮੇਂ ਵਿਚ ਉਨ੍ਹਾਂ ਦੇ ਖਾਤਿਆਂ ਵਿਚ ਅਦਾਇਗੀਆਂ ਕੀਤੀਆਂ ਜਾ ਰਹੀਆਂ ਹਨ । ਕੈਬਿਨਟ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਸਗੋਂ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਰਾਹੀਂ ਉਪਲਬਧ ਮਸ਼ੀਨਰੀ ਨਾਲ ਇਸ ਦਾ ਖੇਤਾਂ ਵਿਚ ਹੀ ਪ੍ਰਬੰਧਨ ਕਰਨ ।

ਪਿਛਲੇ ਦਿਨੀ ਬੇਮੌਸਮੀ ਬਰਸਾਤ ਕਾਰਨ ਫ਼ਸਲ ਨੂੰ ਹੋਏ ਨੁਕਸਾਨ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲਾਂ ਹੀ ਵਿਸ਼ੇਸ਼ ਗਿਰਦਾਵਰੀ ਦੇ ਨਿਰਦੇਸ਼ ਦੇ ਦਿੱਤੇ ਸਨ ਅਤੇ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਵੱਲੋਂ ਕੀਤੀ ਜਾਵੇਗੀ।

ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਨੂੰ ਪਿਛਲੇ ਸਾਲਾਂ ਵਾਂਗ ਸੁਚੱਜੇ ਢੰਗ ਨਾਲ ਨਾਲੋ-ਨਾਲ ਖ਼ਰੀਦ ਕੇ ਲਿਫ਼ਟ ਕਰਵਾਏਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਰਾਜ ਸਰਕਾਰ ਨੇ ਲਗਾਤਾਰ ਕਿਸਾਨਾਂ ਦੀ ਬਾਂਹ ਫੜੀ ਹੈ ਅਤੇ ਕਈ ਵੱਡੇ ਕਿਸਾਨ ਪੱਖੀ ਫ਼ੈਸਲੇ ਲਏ ਹਨ ਜਿਸ ਨਾਲ ਸੂਬੇ ਭਰ ਵਿਚ ਕਿਸਾਨਾਂ ਨੂੰ ਬੇਹੱਦ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦੀ ਖਰੀਦ ਬਦਲੇ ਨਿਰਧਾਰਤ ਸਮੇਂ ਦੇ ਵਿੱਚ-ਵਿੱਚ ਅਦਾਇਗੀਆਂ ਨੂੰ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਤਾਕੀਦ ਕੀਤੀ ਗਈ ਹੈ ਕਿ ਮੰਡੀਆਂ ਵਿਚ ਕਿਸਾਨਾਂ ਦੀ ਫ਼ਸਲ ਦੀ ਸਮੇਂ ਸਿਰ ਖਰੀਦ ਕੀਤੀ ਜਾਵੇ।

ਇਸ ਮੌਕੇ ਐਸ.ਡੀ. ਐਮ. ਲਵਪ੍ਰੀਤ ਸਿੰਘ, ਮਾਰਕਿਟ ਕਮੇਟੀ ਦੇ ਚੇਅਰਮੈਨ ਰਾਜਵਿੰਦਰ ਸਿੰਘ, ਮਾਰਕਿਟ ਕਮੇਟੀ ਸਕੱਤਰ ਹਰਪ੍ਰੀਤ ਸਿੰਘ, ਡਿਪਟੀ ਡਾਇਰੈਕਟਰ ਖੁਰਾਕ ਸਪਲਾਈ ਰਜਨੀਸ਼ ਕੁਮਾਰੀ, ਡੀ.ਐਫ.ਐਸ.ਸੀ. ਪ੍ਰੀਤਕਮਲ ਸੂਦ ਆਦਿ ਵੀ ਮੌਜੂਦ ਸਨ।

## ਪੰਜਾਬ ਸਰਕਾਰ ਸਕੂਲਾਂ ਦੇ ਸਰਬਪੱਖੀ ਵਿਕਾਸ ਲਈ ਤੱਤਪਰ : ਵਿਧਾਇਕ ਨਰਿੰਦਰਪਾਲ ਸਿੰਘ ਸਵਨਾ

**ਫਾਜ਼ਿਲਕਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ @ਪੰਜਾਬ ਸਿੱਖਿਆ ਕ੍ਰਾਂਤੀ@ ਰਾਹੀਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਵੱਡੇ ਪੱਧਰ @ਤੇ ਵਿਕਾਸ ਕਰ ਕੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਵਿਦਿਆਰਥੀਆਂ ਨੂੰ ਖੇਡਾਂ ਵਿਚ ਸਰਬੋਤਮ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਵਿਧਾਇਕ ਫਾਜ਼ਿਲਕਾ ਸ. ਨਰਿੰਦਰਪਾਲ ਸਿੰਘ ਸਵਨਾ ਨੇ 84.64 ਲੱਖ ਦੀ ਲਾਗਤ ਨਾਲ ਪਿੰਡ ਰੂਪਨਗਰ ਤੇ ਕੋਇਲ ਖੇੜਾ ਦੇ ਸਰਕਾਰੀ ਸਕੂਲਾਂ ਵਿਚ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਮੌਕੇ ਕੀਤਾ।



ਇਸ ਮੌਕੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੇ ਅੱਜ ਪਿੰਡ ਰੂਪਨਗਰ ਦੇ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਵਿਚ 38.50 ਲੱਖ ਅਤੇ ਪਿੰਡ ਕੋਇਲ ਖੇੜਾ ਦੇ ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਵਿਚ 46.14 ਲੱਖ ਦੀ ਲਾਗਤ ਨਾਲ ਨਵੇਂ ਕਮਰੇ, ਨਵੇਂ ਇੰਟ੍ਰੈਕਟਿਵ ਟੀਵੀ ਪੈਨਲ, ਨਵੇਂ ਬਾਥਰੂਮ, ਨਵੇਂ ਫਰਸ਼ ਅਤੇ ਸ਼ੈੱਡ ਸਮੇਤ ਕੀਤੇ ਗਏ ਹੋਰ ਵੀ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ।

ਇਸ ਮੌਕੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਜੋ ਸਿੱਖਿਆ ਮਾਡਲ ਸੂਬੇ ਵਿੱਚ ਬਣਾਇਆ ਹੈ, ਉਸ ਤੋਂ ਹੋਰ ਸੂਬੇ ਵੀ ਸੇਧ ਲੈ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਵੱਲੋਂ ਕਰਾਏ ਗਏ ਇਨ੍ਹਾਂ ਵਿਕਾਸ ਕਾਰਜਾਂ ਅਤੇ ਸੁਧਾਰਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਸੰਖਿਆ ਵਿੱਚ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਾ ਰਹੇ ਹਨ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਹਲਕੇ ਦੇ ਹੋਰ ਸਕੂਲਾਂ ਵਿੱਚ ਲੋੜ ਅਨੁਸਾਰ ਵਿਕਾਸ ਕਾਰਜ ਜਾਰੀ ਰੱਖੇ ਜਾਣਗੇ ਤਾਂ ਜੋ ਬੱਚਿਆਂ ਨੂੰ ਵਧੀਆ ਸਿੱਖਿਆ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।

ਇਸ ਮੌਕੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਦੇ ਧਰਮਪਤਨੀ ਸ਼੍ਰੀਮਤੀ ਖੁਸ਼ਬੂ ਸਵਨਸੁੱਖਾ ਸਵਨਾ, ਮਾਰਕਿਟ ਕਮੇਟੀ ਚੇਅਰਮੈਨ ਪਰਮਜੀਤ ਸਿੰਘ, ਸਿੱਖਿਆ ਕੋਆਰਡੀਨੇਟਰ ਸੁਰਿੰਦਰ ਕੰਬੋਜ, ਸਰਪੰਚ ਮਾਲਾ ਸਿੱਖ ਕੋਇਲ ਖੇੜਾ, ਬਲਾਕ ਪ੍ਰਧਾਨ ਦਲੀਪ ਸਹਾਰਾਨ, ਸਰਪੰਚ ਗੁਰਪ੍ਰੀਤ ਸਿੰਘ, ਸੁਰਿੰਦਰ ਬੇਨੀਵਾਲ, ਰਾਏ ਸਾਹਿਬ, ਸੁਰੇਸ਼ ਕੰਬੋਜ, ਅਰਵਿੰਦ ਭੋਬੀਆ, ਪਿੰਡ ਰੂਪਨਗਰ ਦੇ ਮੌਜੂਦਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜ਼ਰ ਸਨ।

## ਸਥਾਨਕ ਗੁਰਦੁਆਰਾ ਭਜਨਗੜ੍ਹ ਸਾਹਿਬ ਵਿਖੇ ਅਖੰਡਪਾਠ ਦੇ ਭੋਗ ਮੌਕੇ ਹੋਏ ਨਤਮਸਤਕ



**ਬਠਿੰਡਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਨੂੰ ਹਮੇਸ਼ਾ ਗੁਰੂਆਂ ਦੇ ਦਰਸਾਏ ਮਾਰਗ ਤੇ ਚੱਲਦਿਆਂ ਜ਼ੁਲਮ ਵਿਰੁੱਧ ਲੜਨ, ਸੱਚ ਅਤੇ ਧਰਮ ਦੀ ਰਾਖੀ ਕਰਨ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਿਨੇਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਸਥਾਨਕ ਗੁਰਦੁਆਰਾ ਭਜਨਗੜ੍ਹ ਸਾਹਿਬ ਵਿਖੇ ਖ਼ਾਲਸਾ ਸਿਰਜਨਾ ਦਿਵਸ (ਵਿਸਾਖੀ) ਸਬੰਧੀ ਰਖਵਾਏ ਗਏ ਸ੍ਰੀ ਅਖੰਡਪਾਠ ਦੇ ਭੋਗ ਦੌਰਾਨ ਨਤਮਸਤਕ ਹੋ ਕੇ ਸੰਗਤਾਂ ਦੇ ਰੂਬਰੂ ਹੁੰਦਿਆਂ ਕੀਤਾ।

ਇਸ ਮੌਕੇ ਕੈਬਿਨੇਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਵਿਸਾਖੀ ਦਾ ਤਿਉਹਾਰ ਪੰਜਾਬ ਦੀ ਖੁਸ਼ਹਾਲ ਕਿਸਾਨੀ, ਸੱਭਿਆਚਾਰ ਅਤੇ ਵਿਰਸੇ ਦਾ ਪ੍ਰਤੀਕ ਹੈ। 13 ਅਪ੍ਰੈਲ 1699 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਰਦਿਆਂ ਖਾਲਸੇ ਨੂੰ ਮੁਗਲ ਹਕੂਮਤ ਅਤੇ ਜਾਬਰ ਸ਼ਾਸਕਾਂ ਵਿਰੁੱਧ ਅਣਥੱਕ ਸੰਘਰਸ਼ ਕਰਕੇ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਰਾਖੀ ਕਰਨ ਦੀ ਨੀਂਹ ਰੱਖੀ ਸੀ। ਇਹ ਦਿਹਾੜਾ ਸਾਨੂੰ ਕੁਰਬਾਨੀ, ਬਰਾਬਰੀ ਅਤੇ ਸੇਵਾ ਭਾਵਨਾ ਦੀ ਯਾਦ ਦਿਵਾਉਂਦਾ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਸੀ.ਐਮ. ਦੀ ਯੋਗਸ਼ਾਲਾ ਤਹਿਤ ਲੋਕ ਆਪਣੀ ਸਿਹਤ ਪ੍ਰਤੀ ਦਿਖਾ ਰਹੇ ਹਨ ਰੁਚੀ : ਯੋਗਾ ਟ੍ਰੇਨਰ



**ਸ੍ਰੀ ਆਨੰਦਪੁਰ ਸਾਹਿਬ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੀ ÷ਸੀ.ਐਮ.ਦੀ ਯੋਗਸ਼ਾਲਾ÷ ਰਾਹੀਂ ਬਹੁਤ ਸਾਰੇ ਲੋਕ ਲਾਭ ਲੈ ਰਹੇ ਹਨ। ਪੰਜਾਬ ਦੇ ਲੋਕਾਂ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਤੰਦਰੁਸਤ ਬਣਾਏ ਰੱਖਣ ਲਈ ਮੁੱਖ ਮੰਤਰੀ ÷ਭਗਵੰਤ ਸਿੰਘ ਮਾਨ÷ ਵੱਲੋਂ ਇਸ ਯੋਗਸ਼ਾਲਾ ਦੀ ਸ਼ੁਰੂਆਤ ਕੀਤੀ ਗਈ ਹੈ।

ਸ੍ਰੀ ਅਨੰਦਪੁਰ ਸਾਹਿਬ ਵਿੱਚ ਦਿਕਸ਼ਾ ਯੋਗ ਟ੍ਰੇਨਰ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਉਹ ਸ੍ਰੀ ਅਨੰਦਪੁਰ ਸਾਹਿਬ ਵਿੱਚ ਨਿਯਮਤ ਰੂਪ ਵਿੱਚ ਯੋਗ ਕਲਾਸਾਂ ਲੈ ਰਹੀ ਹੈ। ਉਹ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਕਬੀਰ ਮੰਦਿਰ, ਮੁਹੱਲਾ ਕੁਰਾਲੀ ਵਾਲਾ ਸ਼ਿਵ ਮੰਦਿਰ, ਮੀਢਵਾ, ਚਰਨ ਗੰਗਾ ਸਟੇਡੀਅਮ ਅਤੇ ਮਾਈਟੀ ਖਾਲਸਾ ਸਕੂਲ ਵਿੱਚ ਯੋਗ ਸੈਸ਼ਨ ਕਰਵਾ ਰਹੀ ਹੈ।

ਯੋਗ ਟ੍ਰੇਨਰ ਦਿਕਸ਼ਾ ਨੇ ਦੱਸਿਆ ਕਿ ਯੋਗ ਕਲਾਸ ਵਿੱਚ ਸਿਖਿਆਰਥੀ ਹਰ ਰੋਜ਼ ਯੋਗ ਅਭਿਆਸ ਕਰਦੇ ਹਨ। ਇਸ ਵਿੱਚ ਉਹ ਸੂਖਮ ਕਸਰਤ, ਆਸਨ, ਪ੍ਰਾਣਾਯਾਮ ਅਤੇ ਧਿਆਨ ਦਾ ਅਭਿਆਸ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਯੋਗ ਕਰਨਾ ਚੰਗਾ ਲੱਗਦਾ ਹੈ, ਉਹ ਨਵੇਂ ਨਵੇਂ ਆਸਨ ਕਰਦੇ ਹਨ, ਜਿਸ ਨਾਲ ਉਹ ਸਰੀਰਕ ਤੌਰ @ਤੇ ਸਿਹਤਮੰਦ ਰਹਿੰਦੇ ਹਨ ਅਤੇ ਪ੍ਰਾਣਾਯਾਮ ਤੇ ਧਿਆਨ ਕਰਨ ਨਾਲ ਉਹ ਮਾਨਸਿਕ ਤੌਰ @ਤੇ ਵੀ ਤੰਦਰੁਸਤ ਮਹਿਸੂਸ ਕਰਦੇ ਹਨ। ਯੋਗ ਅਭਿਆਸ ਨਾਲ ਉਹ ਆਪਣੀ ਪੜ੍ਹਾਈ ਅਤੇ ਜੀਵਨ ਵਿੱਚ ਆਪਣੇ ਕੰਮ ਉੱਤੇ ਧਿਆਨ ਕੇਂਦਰਿਤ ਕਰਦੇ ਹਨ।

ਇਨ੍ਹਾਂ ਵਿੱਚ ਟ੍ਰੇਨਰ ਸਵੇਰ-ਸ਼ਾਮ ਦੀਆਂ ਸ਼ਿਫਟਾਂ ਵਿੱਚ ਟਰੇਨਿੰਗ ਦੇ ਰਹੇ ਹਨ। ਪੰਜਾਬ ਸਰਕਾਰ ਵੱਲੋਂ ਇੱਕ ਹੈਲਪਲਾਈਨ ਨੰਬਰ 7669400500 ਜਾਰੀ ਕੀਤਾ ਗਿਆ ਹੈ। ਇਸ ਨੰਬਰ @ਤੇ ਤੁਸੀਂ ਮੁਫ਼ਤ ਯੋਗ ਇੰਸਟ੍ਰਕਟਰ ਲਈ ਮਿਸਡ ਕਾਲ ਕਰ ਸਕਦੇ ਹੋ ਜਾਂ ਖੁਦ ਵੈੱਬਸਾਈਟ @ਤੇ ਜਾ ਕੇ ਰਜਿਸਟਰ ਕਰ ਸਕਦੇ ਹੋ। ਮਿਸਡ ਕਾਲ ਕਰਨ ਤੋਂ ਬਾਅਦ ਤੁਹਾਡੇ ਖੇਤਰ ਵਿੱਚ ਯੋਗ ਟਰੇਨਰ ਤੁਹਾਨੂੰ ਯੋਗ ਦੀ ਟਰੇਨਿੰਗ ਦੇਣਗੇ।

ਸੀ.ਐਮ.ਦੀ ਯੋਗਸ਼ਾਲਾ ਤਹਿਤ ਖਾਸ ਕਰਕੇ ਨੌਜਵਾਨਾਂ ਵਿੱਚ ਯੋਗ ਪ੍ਰਤੀ ਜਾਗਰੂਕਤਾ ਵਧੀ ਹੈ। ਵਿਦਿਆਰਥੀਆਂ ਨੂੰ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਮਿਲ ਰਹੀ ਹੈ ਅਤੇ ਇਮਤਿਹਾਨਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਨੂੰ ਮਾਨਸਿਕ ਸਪੱਸ਼ਟਤਾ ਅਤੇ ਸਕਾਰਾਤਮਕ ਊਰਜਾ ਮਿਲ ਰਹੀ ਹੈ।

ਸੀ.ਐਮ.ਦੀ ਯੋਗਸ਼ਾਲਾ ਦੇ ਸੁਪਰਵਾਈਜ਼ਰ ÷ਸ਼੍ਰੀ ਸੁਰੇਂਦਰ ਝਾ÷ ਨੇ ਕਿਹਾ ਕਿ ਯੋਗਸ਼ਾਲਾਵਾਂ ਵਿੱਚ ਭਾਗੀਦਾਰੀ ਅਤੇ ਉਤਸ਼ਾਹ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ। ਪੰਜਾਬ ਸਰਕਾਰ ਦੀ ਇਸ ਅਨੋਖੀ ਪਹਿਲ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਨੀਤੀ ਅਤੇ ਨੀਅਤ ਸਹੀ ਹੋਵੇ, ਤਾਂ ਸਮਾਜ ਨੂੰ ਸਿਹਤਮੰਦ ਬਣਾਉਣ ਵੱਲ ਵੱਡਾ ਬਦਲਾਅ ਲਿਆਇਆ ਜਾ ਸਕਦਾ ਹੈ।

## ਬੇਅਦਬੀ ਮਾਮਲੇ ਸਬੰਧੀ ਸਜਾਵਾਂ ਦੇਣ ਵਾਲੇ ਬਿੱਲ ਤੇ ਰਾਜਪਾਲ ਵੱਲੋਂ ਕੀਤੇ ਗਏ ਦਸਤਖ਼ਤ

**ਬਠਿੰਡਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

13 ਅਪ੍ਰੈਲ 1699 ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਉਸ ਇਤਿਹਾਸਕ ਦਿਨ ਗੁਰੂ ਸਾਹਿਬ ਨੇ ਜਾਤ-ਪਾਤ, ਊਚ-ਨੀਚ ਅਤੇ ਭੇਦਭਾਵ ਨੂੰ ਖ਼ਤਮ ਕਰਕੇ ‘ਪੰਜ ਪਿਆਰਿਆਂ’ ਨੂੰ ਅੰਮ੍ਰਿਤ ਛਕਾ ਕੇ ਖ਼ਾਲਸੇ ਦੀ ਸਿਰਜਣਾ ਕੀਤੀ। ਖ਼ਾਲਸੇ ਨੂੰ ‘ਸਵਾ ਲੱਖ ਨਾਲ ਇਕ ਲੜਾਵਾਂ’ ਦਾ ਸੰਕਲਪ ਦੇ ਕੇ ਗੁਰੂ ਸਾਹਿਬ ਨੇ ਜ਼ੁਲਮ ਵਿਰੁੱਧ ਲੜਨ, ਸੱਚ ਅਤੇ ਧਰਮ ਦੀ ਰਾਖੀ ਕਰਨ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਕਿਹਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸਥਾਨਕ ਗੁਰਦੁਆਰਾ ਭਜਨਗੜ੍ਹ ਸਾਹਿਬ ਵਿਖੇ ਖ਼ਾਲਸਾ ਸਿਰਜਨਾ ਦਿਵਸ (ਵਿਸਾਖੀ) ਸਬੰਧੀ ਰਖਵਾਏ ਗਏ ਸ੍ਰੀ ਅਖੰਡਪਾਠ ਦੇ ਭੋਗ ਦੌਰਾਨ ਨਤਮਸਤਕ ਹੋ ਕੇ ਸੰਗਤਾਂ ਦੇ ਰੂਬਰੂ ਹੁੰਦਿਆਂ ਕੀਤਾ।



ਸ. ਸੰਧਵਾਂ ਨੇ ਇਸ ਮੌਕੇ ਅਪੀਲ ਕਰਦਿਆਂ ਕਿਹਾ ਕਿ ਵਿਸਾਖੀ ਦੇ ਪਵਿੱਤਰ ਦਿਨ ਸਾਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਗਏ ਸਰਬੱਤ ਦੇ ਭਲੇ, ਭਾਈਚਾਰਕ ਸਾਂਝ ਅਤੇ ਸਮਾਜਿਕ ਬਰਾਬਰੀ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿੱਚ ਜ਼ਰੂਰ ਅਪਨਾਉਣ ਦੇ ਨਾਲ-ਨਾਲ ਸੂਬੇ ਵਿੱਚ ਅਮਨ-ਸ਼ਾਂਤੀ, ਖੁਸ਼ਹਾਲੀ ਅਤੇ ਨਿਆਂ-ਪ੍ਰਧਾਨ ਸਮਾਜ ਸਿਰਜਣ ਲਈ ਪੂਰੀ ਤਰ੍ਹਾਂ ਵਚਨਬੱਧ ਰਹਿਣਾ ਚਾਹੀਦਾ ਹੈ।

ਇਸ ਮੌਕੇ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜਾਵਾਂ ਮਿਲਣ ਸਬੰਧੀ ਜੋ ਬਿੱਲ ਲਿਆਂਦਾ ਗਿਆ ਸੀ, ਉਸ ਬਿੱਲ ਨੂੰ ਗਵਰਨਰ ਕੋਲ ਭੇਜਿਆ ਗਿਆ ਸੀ। ਇਸ ਬਿੱਲ ਉੱਪਰ ਪੰਜਾਬ ਦੇ ਗਵਰਨਰ ਵੱਲੋਂ ਦਸਤਖਤ ਕਰ ਦਿੱਤੇ ਗਏ ਹਨ ਅਤੇ ਹੁਣ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਕਾਨੂੰਨ ਮੁਤਾਬਕ ਸਜਾਵਾਂ ਮਿਲਣਗੀਆਂ।

ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਕਬੱਡੀ ਖਿਡਾਰੀ ਮਨਦੀਪ ਸਿੰਘ ਦਾ ਸਨਮਾਨ

**ਸੰਗਰੂਰ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਵਿਧਾਨ ਸਭਾ ਹਲਕਾ ਲਹਿਰਾਗਗਾ ਦੇ ਪਿੰਡ ਬਲਰਾ ਵਿਖੇ ਪਹੁੰਚ ਕੇ ਕਬੱਡੀ ਖਿਡਾਰੀ ਮਨਦੀਪ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਨਦੀਪ ਸਿੰਘ ਨੇ ਪਿੰਡ ਭਲੱਥ ਵਿਖੇ ਹੋਏ ਕਬੱਡੀ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬੁਲੇਟ ਮੋਟਰਸਾਈਕਲ ਸਮੇਤ ਕਰੀਬ 14 ਲੱਖ ਰੁਪਏ ਦਾ ਇਨਾਮ ਜਿੱਤ ਕੇ ਆਪਣੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਖਿਡਾਰੀ ਵੱਖ ਵੱਖ ਸਥਾਨਾਂ @ਤੇ ਹੋਏ ਕਬੱਡੀ ਮੁਕਾਬਲਿਆਂ ਵਿੱਚ ਘੋੜੀਆਂ, ਗੱਡੀਆਂ, ਨਗਦ ਇਨਾਮ ਆਦਿ ਜਿੱਤ ਕੇ ਇਲਾਕੇ ਦਾ ਨਾਮ ਰੋਸ਼ਨ ਕਰ ਚੁੱਕਾ ਹੈ।



ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਖਿਡਾਰੀ ਨੂੰ ਵਧਾਈ ਦਿੱਤੀ ਅਤੇ ਉਸਦੇ ਸੁਨਿਹਰੇ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਖੇਡਾਂ ਲਈ ਮਸ਼ਹੂਰ ਰਹੀ ਹੈ ਅਤੇ ਇੱਥੋਂ ਦੇ ਨੌਜਵਾਨਾਂ ਵਿੱਚ ਬੇਹੱਦ ਕਾਬਲੀਅਤ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖਿਡਾਰੀਆਂ ਨੂੰ ਬਣਦਾ ਮਾਣ-ਸਨਮਾਨ ਦੇਣ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਮੌਕੇ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਪੱਧਰ ਤੋਂ ਲੈ ਕੇ ਸੂਬਾ ਪੱਧਰ ਤੱਕ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਨਵੇਂ ਖੇਡ ਮੈਦਾਨਾਂ ਦਾ ਵਿਕਾਸ, ਆਧੁਨਿਕ ਸਹੂਲਤਾਂ ਦੀ ਉਪਲਬਧਤਾ ਅਤੇ ਖਿਡਾਰੀਆਂ ਲਈ ਪ੍ਰੋਤਸਾਹਨ ਰਾਸ਼ੀਆਂ ਜਿਹੇ ਕਦਮ ਚੁੱਕੇ ਜਾ ਰਹੇ ਹਨ, ਜਿਸ ਨਾਲ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਰੰਗਲਾ ਪੰਜਾਬ ਅਤੇ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਤਾਂ ਹੀ ਸਾਕਾਰ ਹੋ ਸਕਦਾ ਹੈ ਜਦੋਂ ਨੌਜਵਾਨ ਆਪਣੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਗਾਉਣ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਨਾਲ ਜੁੜ ਕੇ ਆਪਣਾ ਅਤੇ ਸੂਬੇ ਦਾ ਨਾਮ ਰੋਸ਼ਨ ਕਰਨ ਅਤੇ ਨਸ਼ਿਆਂ ਤੋਂ ਦੂਰ ਰਹਿਣ।ਇਸ ਮੌਕੇ ਇਲਾਕੇ ਦੇ ਮੋਤਬਰ ਵਿਅਕਤੀ ਵੀ ਹਾਜ਼ਰ ਸਨ, ਜਿਨ੍ਹਾਂ ਵੱਲੋਂ ਮਨਦੀਪ ਸਿੰਘ ਦੀ ਜਿੱਤ ਦੀ ਸਰਾਹਨਾ ਕਰਦੇ ਹੋਏ ਉਸਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਪ੍ਰਧਾਨ ਮੰਤਰੀ ਬਾਰੇ ਕਾਂਗਰਸ ਪ੍ਰਧਾਨ ਖੜਗੇ ਦੀ ਟਿੱਪਣੀ ’ਤੇ ਗਰਮਾਈ ਸਿਆਸਤ ; BJP ਨੇ ਚੋਣ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ

**ਨਵੀਂ ਦਿੱਲੀ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਇੱਕ ਉੱਚ ਪੱਧਰੀ ਵਫ਼ਦ ਨੇ ਅੱਜ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਕਥਿਤ ਤੌਰ ’ਤੇ ਵਰਤੇ ਗਏ ਅਤਿਵਾਦੀ ਸ਼ਬਦ ਵਿਰੁੱਧ ਸ਼ਿਕਾਇਤ ਦਰਜ ਕਰਵਾਈ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਅੱਜ ਕਿਹਾ, ਅਸੀਂ ਬਹੁਤ ਦੁਖੀ ਹਾਂ ਅਤੇ ਸਾਨੂੰ ਬਹੁਤ ਗੁੱਸਾ ਹੈ। ਅਸੀਂ ਬਹੁਤ ਹੀ ਭਾਰੇ ਮਨ ਨਾਲ ਅੱਜ ਚੋਣ ਕਮਿਸ਼ਨ ਨੂੰ ਮਿਲੇ ਹਾਂ ਅਤੇ ਕਾਂਗਰਸ ਪ੍ਰਧਾਨ ਵਿਰੁੱਧ ਸਖ਼ਤ



ਕਾਰਵਾਈ ਦੀ ਮੰਗ ਕੀਤੀ ਹੈ।”

ਉਨ੍ਹਾਂ ਦੇ ਨਾਲ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਵੀ ਮੌਜੂਦ ਸਨ। ਰਿਜਿਜੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਗਾਲ੍ਹਾਂ ਕੱਢਣ ਦਾ ਕਾਂਗਰਸ ਦਾ ਤਰੀਕਾ 2007 ਤੋਂ ਚੱਲ ਰਿਹਾ ਹੈ, ਜਦੋਂ ਸੋਨੀਆ ਗਾਂਧੀ ਨੇ ਮੌਤ ਕਾ ਸੌਦਾਗਰ ਵਰਗੇ ਸ਼ਬਦ ਵਰਤੇ ਸਨ। ਰਿਜਿਜੂ ਨੇ ਅੱਗੇ ਕਿਹਾ, ਉਸ ਤੋਂ ਬਾਅਦ ਕਾਂਗਰਸੀ ਆਗੂਆਂ ਨੇ ਪ੍ਰਧਾਨ ਮੰਤਰੀ ਨੂੰ ਬੁਰਾ-ਭਲਾ ਕਹਿਣ ਦੀ ਆਦਤ ਬਣਾ ਲਈ। ਭਾਰਤ ਦੇ ਲੋਕ ਕਾਂਗਰਸ ਨੂੰ ਜਵਾਬ ਦੇਣਗੇ, ਜਿਸ ਨੇ ਇਸ ਵਾਰ ਸ਼ਰਾਫ਼ਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਭਾਜਪਾ ਚਾਹੁੰਦੀ ਹੈ ਕਿ ਖੜਗੇ ਵਿਰੁੱਧ ਭਾਰਤੀ ਨਿਆਂ ਸੰਹਿਤਾ (BNS) ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ, ਇਸ ਦੇ ਨਾਲ ਹੀ ਉਨ੍ਹਾਂ ਨੂੰ ਅਜਿਹਾ ਵਿਵਹਾਰ ਨਾ ਦੁਹਰਾਉਣ ਦੀ ਚਿਤਾਵਨੀ ਦਿੱਤੀ ਜਾਵੇ ਅਤੇ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਇਸ ਇਤਰਾਜ਼ਯੋਗ ਪੋਸਟ ਨੂੰ ਹਟਾਉਣ ਦਾ ਹੁਕਮ ਦਿੱਤਾ ਜਾਵੇ।

# ਅਜਨਾਲਾ ਥਾਣੇ ਹਮਲੇ ਸਬੰਧੀ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਲਈ ਅਸਾਮ ਪਹੁੰਚੀ ਪੰਜਾਬ ਪੁਲਿਸ

**ਅੰਮ੍ਰਿਤਸਰ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ (ਦਿਹਾਤੀ) ਪੁਲੀਸ ਫਰਵਰੀ 2023 ਦੇ ਅਜਨਾਲਾ ਥਾਣਾ ਹਮਲੇ ਦੇ ਸਬੰਧ ਵਿੱਚ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਰਸਮੀ ਤੌਰ ’ਤੇ ਗ੍ਰਿਫ਼ਤਾਰ ਕਰਨ ਲਈ ਅਸਾਮ ਦੇ ਡਿਬਰੂਗੜ੍ਹ ਪਹੁੰਚ ਗਈ ਹੈ। ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ ਐੱਸ ਏ) ਤਹਿਤ ਅੰਮ੍ਰਿਤਪਾਲ ਦੀ ਨਜ਼ਰਬੰਦੀ ਖ਼ਤਮ ਹੋਣ ਤੋਂ ਬਾਅਦ, ਉਸ ਨੂੰ 23 ਅਪਰੈਲ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਸੰਭਾਵਨਾ ਹੈ।

ਅੰਮ੍ਰਿਤਪਾਲ 23 ਅਪਰੈਲ, 2023 ਤੋਂ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਬੰਦ ਹੈ, ਜਦੋਂ ਉਸ ਨੂੰ ਹਿਰਾਸਤ ਵਿੱਚ ਲੈ ਕੇ ਐੱਨ ਐੱਸ ਏ ਲਗਾਇਆ ਗਿਆ ਸੀ। ਉਸ ਦੇ ਸਾਥੀ ਪਪਲਪ੍ਰੀਤ ਸਿੰਘ, ਦਲਜੀਤ ਸਿੰਘ ਕਲਸੀ, ਕੁਲਵੰਤ ਸਿੰਘ, ਵਰਿੰਦਰ ਜੌਹਲ, ਗੁਰਮੀਤ ਸਿੰਘ ਬੁੱਕਣਵਾਲਾ, ਉਸ ਦੇ ਚਾਚਾ ਹਰਜੀਤ ਸਿੰਘ, ਬਸੰਤ ਸਿੰਘ, ਗੁਰਿੰਦਰ ਸਿੰਘ ਔਜਲਾ ਅਤੇ ਭਗਵੰਤ ਸਿੰਘ ਨੂੰ ਵੀ ਐੱਨ ਐੱਸ ਏ ਤਹਿਤ ਉਥੇ ਹਿਰਾਸਤ ਵਿੱਚ ਲਿਆ ਗਿਆ ਸੀ। ਇਨ੍ਹਾਂ ਸਾਰਿਆਂ



ਨੂੰ ਪਿਛਲੇ ਸਾਲ ਪੰਜਾਬ ਲਿਆਂਦਾ ਗਿਆ ਸੀ ਅਤੇ ਹੁਣ ਉਹ ਅਜਨਾਲਾ ਦੀ ਅਦਾਲਤ ਵਿੱਚ ਕੇਸ ਦਾ ਸਾਹਮਣਾ ਕਰ ਰਹੇ ਹਨ।

ਦੋ ਦਿਨ ਪਹਿਲਾਂ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਹ ਇਜਾਜ਼ਤ ਦੇ ਦਿੱਤੀ ਸੀ ਕਿ ਅਜਨਾਲਾ ਕੇਸ ਵਿੱਚ ਗ੍ਰਿਫ਼ਤਾਰੀ ਪਾਉਣ ਤੋਂ ਬਾਅਦ (ਭਾਵੇਂ ਅੰਮ੍ਰਿਤਪਾਲ ’ਤੇ ਲੱਗੀ ਐੱਨ ਐੱਸ ਏ ਦੀ ਮਿਆਦ ਖ਼ਤਮ ਹੋ ਜਾਵੇ) ਵੀ ਉਸ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਰੱਖਿਆ ਜਾ ਸਕਦਾ ਹੈ।

# ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ’ ਨੂੰ ਹਾਈ ਕੋਰਟ ਵਿੱਚ ਚੁਣੌਤੀ

## ਉਮਰ ਕੈਦ ਦੀ ਸਜ਼ਾ ਵਾਲੇ ਨਵੇਂ ਕਾਨੂੰਨ ਨੂੰ ਰੱਦ ਕਰਨ ਦੀ ਮੰਗ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਬੇਅਦਬੀ ਦੇ ਮਾਮਲਿਆਂ ਵਿੱਚ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਦੇਣ ਲਈ ਲਿਆਂਦੇ ਗਏ ਨਵੇਂ ਕਾਨੂੰਨ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026’ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਜਲੰਧਰ ਦੇ ਰਹਿਣ ਵਾਲੇ 43 ਸਾਲਾ ਸਿਮਰਨਜੀਤ ਸਿੰਘ ਵੱਲੋਂ ਦਾਇਰ ਕੀਤੀ ਇਸ ਪਟੀਸ਼ਨ ਵਿੱਚ ਇਸ ਐਕਟ ਨੂੰ ਸੰਵਿਧਾਨਕ ਤੌਰ ’ਤੇ ਗਲਤ ਦੱਸਦਿਆਂ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਹਾਲਾਂਕਿ, ਅਦਾਲਤ ਨੇ ਅਜੇ ਇਸ ਮਾਮਲੇ ਦੀ ਸੁਣਵਾਈ ਕਰਨੀ ਹੈ।

ਰਾਸ਼ਟਰਪਤੀ ਦੀ ਸਹਿਮਤੀ ਦਾ ਮੁੱਦਾ ਪਟੀਸ਼ਨਕਰਤਾ ਨੇ ਦਲੀਲ ਦਿੱਤੀ ਹੈ ਕਿ ਇਸ ਐਕਟ ਰਾਹੀਂ ਅਜਿਹੀਆਂ ਅਪਰਾਧਿਕ ਸਜ਼ਾਵਾਂ ਤੈਅ ਕੀਤੀਆਂ ਗਈਆਂ ਹਨ ਜੋ ‘ਸਮਵਰਤੀ ਸੂਚੀ’ ਦੇ ਅਧੀਨ ਆਉਂਦੀਆਂ ਹਨ। ਸੰਵਿਧਾਨ ਦੀ ਧਾਰਾ 254(2) ਅਨੁਸਾਰ, ਜੇਕਰ



ਕੋਈ ਸੂਬਾ ਕੇਂਦਰੀ ਕਾਨੂੰਨ (ਭਾਰਤੀ ਨਿਆਂ ਸੰਹਿਤਾ) ਨਾਲ ਮੇਲ ਨਹੀਂ ਖਾਂਦਾ, ਤਾਂ ਉਸ ਲਈ ਰਾਸ਼ਟਰਪਤੀ ਦੀ ਸਹਿਮਤੀ ਲਾਜ਼ਮੀ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਐਕਟ ਨੂੰ ਸਿਰਫ਼ ਰਾਜਪਾਲ ਦੀ ਪ੍ਰਵਾਨਗੀ (17 ਅਪਰੈਲ 2026) ਤੋਂ ਬਾਅਦ ਹੀ ਨੋਟੀਫਾਈ ਕਰ ਦਿੱਤਾ ਗਿਆ ਹੈ, ਜੋ ਕਿ ਕਾਨੂੰਨੀ ਤੌਰ ’ਤੇ ਨੁਕਸਦਾਰ ਹੈ।

ਧਾਰਾ 14 ਅਤੇ ਧਰਮ ਨਿਰਪੱਖਤਾ ਦੀ ਉਲੰਘਣਾ ਪਟੀਸ਼ਨ ਵਿੱਚ ਬਰਾਬਰੀ ਦੇ ਅਧਿਕਾਰ (ਧਾਰਾ 14) ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਇਹ ਕਾਨੂੰਨ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਲਈ ਸਖ਼ਤ ਸਜ਼ਾ ਦਾ ਪ੍ਰਬੰਧ ਕਰਦਾ ਹੈ ਅਤੇ ਹੋਰ ਧਰਮਾਂ ਦੇ ਪਵਿੱਤਰ ਗ੍ਰੰਥਾਂ ਨੂੰ ਇਸ ਤੋਂ ਬਾਹਰ ਰੱਖਦਾ ਹੈ। ਪਟੀਸ਼ਨਕਰਤਾ ਅਨੁਸਾਰ ਇਹ ‘ਧਰਮ ਨਿਰਪੱਖਤਾ’ ਦੇ ਸਿਧਾਂਤ ਦੇ ਖ਼ਿਲਾਫ਼ ਹੈ ਅਤੇ ਕਾਨੂੰਨ ਦੀ ਨਜ਼ਰ ਵਿੱਚ ਸਾਰਿਆਂ ਨੂੰ ਬਰਾਬਰ ਸਮਝਣ ਦੇ ਟੈਸਟ ਵਿੱਚ ਫੇਲ੍ਹ ਸਾਬਤ ਹੁੰਦਾ ਹੈ। ਸਜ਼ਾ ਅਤੇ ਬੋਲਣ ਦੀ ਆਜ਼ਾਦੀ ’ਤੇ ਸਵਾਲ ਐਕਟ ਦੀ ਧਾਰਾ 5(3) ਤਹਿਤ ਬੇਅਦਬੀ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਵੀ ਉਮਰ ਕੈਦ ਦੀ ਸਜ਼ਾ ਦਾ ਪ੍ਰਬੰਧ ਹੈ। ਪਟੀਸ਼ਨਕਰਤਾ ਨੇ ਇਸ ਨੂੰ ‘ਮਨਮਾਨੀ’ ਕਰਾਰ ਦਿੰਦਿਆਂ ਕਿਹਾ ਕਿ ਇਸ ਗੁਨਾਹ ਨੂੰ ਕਤਲ ਦੇ ਬਰਾਬਰ ਦੀ ਸਜ਼ਾ ਦੇਣਾ ਜਾਇਜ਼ ਨਹੀਂ ਹੈ। ਇਸ ਤੋਂ ਇਲਾਵਾ, ਬੇਅਦਬੀ ਦੀ ਪਰਿਭਾਸ਼ਾ ਵਿੱਚ ‘ਸ਼ਬਦਾਂ, ਸੰਕੇਤਾਂ ਜਾਂ ਇਲੈਕਟ੍ਰਾਨਿਕ ਸਾਧਨਾਂ’ ਨੂੰ ਸ਼ਾਮਲ ਕਰਨ ’ਤੇ ਵੀ ਇਤਰਾਜ਼ ਜਤਾਇਆ ਗਿਆ ਹੈ। ਪਟੀਸ਼ਨ ਅਨੁਸਾਰ ਇਹ ਪਰਿਭਾਸ਼ਾ ਇੰਨੀ ਅਸਪਸ਼ਟ ਹੈ ਕਿ ਇਹ ਸੰਵਿਧਾਨ ਦੀ ਧਾਰਾ 19 ਤਹਿਤ ਮਿਲੀ ‘ਬੋਲਣ ਦੀ ਆਜ਼ਾਦੀ’ ’ਤੇ ਮਾੜਾ ਅਸਰ ਪਾ ਸਕਦੀ ਹੈ।

# ਸੁਪਰੀਮ ਕੋਰਟ ਨੇ ਰਾਜੋਆਣਾ ਦੀ ਪਟੀਸ਼ਨ ’ਤੇ ਕੇਂਦਰ ਨੂੰ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ

**ਨਵੀਂ ਦਿੱਲੀ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਕੇਂਦਰ ਨੂੰ 1995 ਦੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਹੱਤਿਆ ਕਾਂਡ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ ’ਤੇ ਦੋ ਹਫ਼ਤਿਆਂ ਦੇ ਅੰਦਰ ਆਪਣਾ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਹੈ।



ਰਾਜੋਆਣਾ ਨੇ ਆਪਣੀ ਰਹਿਮ ਦੀ ਅਪੀਲ ’ਤੇ ਫੈਸਲਾ ਲੈਣ ਵਿੱਚ ਹੋ ਰਹੀ ਦੇਰੀ ਕਾਰਨ ਆਪਣੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ ਹੈ। ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਹੈ, ਜਿਸ ਵਿੱਚੋਂ ਉਹ 15 ਸਾਲਾਂ ਤੋਂ ਵੱਧ ਸਮੇਂ ਤੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ।

ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਵਿਜੇ ਬਿਸ਼ਨੋਈ ਦੇ ਬੈਂਚ ਨੇ ਕੇਂਦਰ ਵੱਲੋਂ ਪੇਸ਼ ਹੋਏ ਵਕੀਲ ਨੂੰ ਪੁੱਛਿਆ, ਤੁਸੀਂ ਹੁਣ ਤੱਕ ਆਪਣਾ ਜਵਾਬੀ ਹਲਫ਼ਨਾਮਾ ਦਾਇਰ ਕਿਉਂ ਨਹੀਂ ਕੀਤਾ? ਵਕੀਲ ਨੇ ਕਿਹਾ ਕਿ ਉਹ ਅਦਾਲਤ ਦੇ ਸਾਹਮਣੇ ਸੀਲਬੰਦ ਲਿਫ਼ਾਫ਼ੇ ਵਿੱਚ ਕੁਝ ਦਸਤਾਵੇਜ਼ ਰੱਖਣਾ ਚਾਹੁੰਦੇ ਹਨ।

ਬੈਂਚ ਨੇ ਕਿਹਾ, ਤੁਸੀਂ ਆਪਣਾ ਜਵਾਬੀ ਹਲਫ਼ਨਾਮਾ ਦਾਇਰ ਕਰੋ ਨਹੀਂ ਤਾਂ ਉਸ ਦੇ (ਰਾਜੋਆਣਾ ਦੇ) ਦੋਸ਼ਾਂ ਦਾ ਕੋਈ ਖੰਡਨ ਨਹੀਂ ਹੋਵੇਗਾ, ਅਦਾਲਤ ਨੇ ਅੱਗੇ ਕਿਹਾ, ਤੁਸੀਂ ਜੋ ਵੀ ਕਹਿਣਾ ਚਾਹੁੰਦੇ ਹੋ, ਹਲਫ਼ਨਾਮੇ ਵਿੱਚ ਰੱਖੋ।

ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2012 ਵਿੱਚ ਪਟੀਸ਼ਨਰ ਦੀ ਤਰਫੋਂ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਅਜੇ ਵੀ ਲਟਕ ਰਹੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ 2023 ਵਿੱਚ ਕਿਹਾ ਸੀ ਕਿ ਅਧਿਕਾਰੀਆਂ ਨੂੰ ਰਹਿਮ ਦੀ ਅਪੀਲ ’ਤੇ ਫੈਸਲਾ ਲੈਣਾ ਚਾਹੀਦਾ ਹੈ।

ਰੋਹਤਗੀ ਨੇ ਸੁਪਰੀਮ ਕੋਰਟ ਦੇ ਪਿਛਲੇ ਸਾਲ 24 ਸਤੰਬਰ ਦੇ ਹੁਕਮ ਦਾ ਹਵਾਲਾ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਜਵਾਬਦੇਹ ਧਿਰਾਂ ਵੱਲੋਂ ਮਾਮਲੇ ਵਿੱਚ ਮੁਲਤਵੀ ਕਰਨ ਦੀ ਕਿਸੇ ਵੀ ਹੋਰ ਬੇਨਤੀ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਬੈਂਚ ਨੇ ਕੇਂਦਰ ਦੇ ਵਕੀਲ ਨੂੰ ਹਲਫ਼ਨਾਮਾ ਦਾਇਰ ਕਰਨ ਲਈ ਦੋ ਹਫ਼ਤਿਆਂ ਦਾ ਸਮਾਂ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ।

ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਕੇਂਦਰ ਨੂੰ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ ’ਤੇ ਫੈਸਲਾ ਲੈਣ ਲਈ ਕਿਹਾ ਸੀ। ਕੇਂਦਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਸੀ ਅਤੇ ਕਿਹਾ ਸੀ ਕਿ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ। ਸਤੰਬਰ 2024 ਵਿੱਚ ਸਿਖਰਲੀ ਅਦਾਲਤ ਨੇ ਰਾਜੋਆਣਾ ਦੀ ਪਟੀਸ਼ਨ ’ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ 31 ਅਗਸਤ 1995 ਨੂੰ ਚੰਡੀਗੜ੍ਹ ਵਿੱਚ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ ’ਤੇ ਹੋਏ ਧਮਾਕੇ ਵਿੱਚ ਮਾਰੇ ਗਏ ਸਨ।

# ਮਾਨ ਸਰਕਾਰ ਵੱਲੋਂ ਗੜ੍ਹੇਮਾਰੀ ਨਾਲ ਨੁਕਸਾਨੀਆਂ ਫ਼ਸਲਾਂ ਲਈ 123.28 ਕਰੋੜ ਰੁਪਏ ਦੀ ਰਾਹਤ ਰਾਸ਼ੀ ਜਾਰੀ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਸੂਬੇ ਵਿੱਚ ਹੋਈ ਗੜ੍ਹੇਮਾਰੀ ਕਾਰਨ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਤਹਿਤ ਕਿਸਾਨਾਂ ਲਈ 123.28 ਕਰੋੜ ਰੁਪਏ ਤੋਂ ਵੱਧ ਦਾ ਰਾਹਤ ਪੈਕੇਜ ਮਨਜ਼ੂਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਵੱਖ-ਵੱਖ ਜ਼ਿਲ੍ਹਾ ਪ੍ਰਸ਼ਾਸਨਾਂ ਵੱਲੋਂ ਗਿਰਦਾਵਰੀ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਤੁਰੰਤ ਕਾਰਵਾਈ ਵਿੱਢੀ ਤਾਂ ਜੋ ਪ੍ਰਭਾਵਿਤ ਕਾਸ਼ਤਕਾਰਾਂ ਨੂੰ ਸਮੇਂ ਸਿਰ ਮੁਆਵਜ਼ਾ ਮਿਲ ਸਕੇ ਅਤੇ ਵਾਢੀ ਦੇ ਸੀਜ਼ਨ ਦੌਰਾਨ ਹੋਏ ਅਣਕਿਆਸੇ ਨੁਕਸਾਨ ਤੋਂ ਉਭਰਿਆ ਜਾ ਸਕੇ।

ਮਾਲ ਮੰਤਰੀ ਨੇ ਦੱਸਿਆ ਕਿ ਸੱਤ ਜ਼ਿਲ੍ਹਿਆਂ ਦੇ 111 ਪਿੰਡਾਂ ਵਿੱਚ 92695 ਏਕੜ ਰਕਬੇ ’ਚ ਹੋਏ ਫ਼ਸਲੀ ਨੁਕਸਾਨ ਲਈ 123,28,05,938 ਰੁਪਏ ਦੇ ਕੁੱਲ ਰਾਹਤ ਪੈਕੇਜ ਨੂੰ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨੁਕਸਾਨੇ ਕੁੱਲ ਖੇਤਰ ਵਿੱਚ 26 ਤੋਂ 32 ਫ਼ੀਸਦੀ ਨੁਕਸਾਨ ਵਾਲਾ 992 ਏਕੜ ਰਕਬਾ, 33 ਤੋਂ 75 ਫ਼ੀਸਦੀ ਨੁਕਸਾਨਿਆ ਗਿਆ 61115 ਏਕੜ ਰਕਬਾ ਅਤੇ 76 ਤੋਂ 100 ਫ਼ੀਸਦੀ ਖ਼ਰਾਬੇ ਵਾਲਾ 30588 ਏਕੜ ਰਕਬਾ ਸ਼ਾਮਲ ਹੈ।

ਉਨ੍ਹਾਂ ਅੱਗੇ ਕਿਹਾ, “ਸਾਡੀ ਸਰਕਾਰ ਇਸ ਔਖੀ ਘੜੀ ਵਿੱਚ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਇਹ ਯਕੀਨੀ ਬਣਾ ਰਹੀ ਹੈ ਕਿ ਕੁਦਰਤੀ ਆਫ਼ਤਾਂ ਕਾਰਨ ਪੈਦਾ ਹੋਈ ਵਿੱਤੀ ਅਸਥਿਰਤਾ ਨੂੰ ਫ਼ੌਰੀ ਦਖ਼ਲ ਦੇ ਕੇ ਘਟਾਇਆ ਜਾ ਸਕੇ।”

ਕੈਬਨਿਟ ਮੰਤਰੀ ਨੇ ਦੱਸਿਆ ਕਿ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਫ਼ਾਜ਼ਿਲਕਾ ਨੂੰ ਸਭ ਤੋਂ ਵੱਧ ਕਰੀਬ 44.24 ਕਰੋੜ ਰੁਪਏ ਦੀ ਰਾਹਤ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਤੋਂ ਬਾਅਦ ਸ੍ਰੀ ਮੁਕਤਸਰ ਸਾਹਿਬ ਨੂੰ ਕਰੀਬ 43.01 ਕਰੋੜ ਰੁਪਏ, ਬਠਿੰਡਾ ਨੂੰ ਲਗਭਗ 22.83 ਕਰੋੜ ਰੁਪਏ, ਮੋਗਾ ਨੂੰ 7.73 ਕਰੋੜ ਰੁਪਏ ਅਤੇ ਅੰਮ੍ਰਿਤਸਰ ਨੂੰ 5.26 ਕਰੋੜ ਰੁਪਏ ਤੋਂ ਵੱਧ ਦੀ ਰਾਹਤ ਰਾਸ਼ੀ ਜਾਰੀ ਕੀਤੀ ਗਈ ਹੈ। ਇਸੇ ਤਰ੍ਹਾਂ ਫ਼ਿਰੋਜ਼ਪੁਰ ਅਤੇ ਰੂਪਨਗਰ ਜ਼ਿਲ੍ਹਿਆਂ ਦੇ ਕਿਸਾਨਾਂ ਲਈ ਕ੍ਰਮਵਾਰ ਲਗਭਗ 17.10 ਲੱਖ ਰੁਪਏ ਅਤੇ 1.35 ਲੱਖ ਰੁਪਏ ਦਾ ਮੁਆਵਜ਼ਾ ਮਨਜ਼ੂਰ ਕੀਤਾ ਗਿਆ ਹੈ।

ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਨੇ ਦੱਸਿਆ ਕਿ ਰਾਹਤ ਦਾ ਇਹ ਮੁਲਾਂਕਣ ਗੜ੍ਹੇਮਾਰੀ ਦੌਰਾਨ ਫ਼ਸਲੀ ਨੁਕਸਾਨ ਦੇ ਮੁਤਾਬਿਕ ਕੀਤਾ ਗਿਆ ਹੈ ਅਤੇ ਇਸ ਤਹਿਤ 26 ਫ਼ੀਸਦੀ ਤੋਂ ਲੈ ਕੇ 100 ਫ਼ੀਸਦੀ ਨੁਕਸਾਨੇ ਰਕਬੇ ਨੂੰ ਕਵਰ ਕੀਤਾ ਗਿਆ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਰੇਕ ਪ੍ਰਭਾਵਿਤ ਕਿਸਾਨ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਮੁਆਵਜ਼ਾ ਮਿਲ ਸਕੇ।

ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਮਾਲ ਵਿਭਾਗ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਮੁਆਵਜ਼ਾ ਵੰਡਣ ਸਬੰਧੀ ਕਾਰਵਾਈਆਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਮਨਜ਼ੂਰ ਕੀਤੀ ਰਕਮ ਬਿਨਾਂ ਕਿਸੇ ਦੇਰੀ ਦੇ ਲਾਭਪਾਤਰੀਆਂ ਤੱਕ ਪਹੁੰਚਾਈ ਜਾ ਸਕੇ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਅਤੇ ਪੇਂਡੂ ਜੀਵਨ ਲਈ ਵੱਡਾ ਖ਼ਤਰਾ ਬਣਦੀਆਂ ਕੁਦਰਤੀ ਆਫ਼ਤਾਂ ਦੌਰਾਨ ਫ਼ੌਰੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਭਾਸ਼ਾ ਦੇ ਪਸਾਰ ਲਈ ਇੱਕ ਹੋਰ ਪਹਿਲਕਦਮੀ



**ਪਟਿਆਲਾ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਸਰਪ੍ਰਸਤੀ ’ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਭਾਸ਼ਾਵਾਂ ਦੀ ਦੇਖ-ਰੇਖ ਵਿੱਚ ਤਿਆਰ ਕੀਤੀ ਗਈ ‘ਸ਼ਬਦਮਾਲਾ ਐਂਡਰਾਇਡ ਐਪ’ ਦਾ ਆਗਾਜ਼ ਹੋ ਗਿਆ ਹੈ। ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਇਸ ਐਪ ਨੂੰ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਵਿਭਾਗ ਦੇ ਅਧਿਕਾਰੀ ਅਤੇ ਐਪ ਦੀ ਸਿਰਜਣਾ ਕਰਨ ਵਾਲੀ ਟੀਮ ਹਾਜ਼ਰ ਸੀ।

ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ‘ਸ਼ਬਦਮਾਲਾ’ ਆਧੁਨਿਕ ਕੋਸ਼ ਪਲੇਟਫਾਰਮ ਹੈ ਜਿਸ ਰਾਹੀਂ ਸ਼ਬਦ ਜਿਗਿਆਸੂ ਵੱਖ-ਵੱਖ ਕੋਸ਼ਾਂ ਵਿੱਚੋਂ ਸ਼ਬਦਾਂ ਦੇ ਅਰਥ ਆਨਲਾਈਨ ਖੋਜ ਸਕਦੇ ਹਨ। ਹੁਣ ਇਸ ਮੋਬਾਈਲ ਐਪ ਰਾਹੀਂ ਸ਼ਬਦ-ਅਰਥ ਲੱਭਣ ਦੀ ਪ੍ਰਕਿਰਿਆ ਹੋਰ ਵੀ ਆਸਾਨ ਹੋ ਗਈ ਹੈ ਅਤੇ ਵਰਤੋਂਕਾਰ ਆਪਣੇ ਫੋਨ ਰਾਹੀਂ ਕਿਤੇ ਵੀ, ਕਦੇ ਵੀ ਤੇ ਕਿਸੇ ਵੀ ਸ਼ਬਦ ਦੇ ਅਰਥ ਲੱਭ ਸਕਣਗੇ। ਉਨ੍ਹਾਂ ਦੱਸਿਆ ਕਿ ਵਿਭਾਗ ਦੀ ਟੀਮ ਵੱਲੋਂ ਡਿਪਟੀ ਡਾਇਰੈਕਟਰ ਸ੍ਰੀ ਆਲੋਕ ਚਾਵਲਾ ਦੀ ਅਗਵਾਈ ’ਚ ਇਸ ਐਪ ਨੂੰ ਤਿਆਰ ਕਰਨ ਦਾ ਕਾਰਜ 2023 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਸਤੰਬਰ 2024 ਵਿੱਚ ਵੈੱਬ ਪਲੇਟਫਾਰਮ ਰੂਪ ਵਿੱਚ ਲਾਂਚ ਕੀਤਾ ਗਿਆ ਸੀ। ਹੁਣ ਇਹ ਐਪ ਦੇ ਰੂਪ ਵਿੱਚ ਇੱਕ ਹੋਰ ਮਹੱਤਵਪੂਰਨ ਪੜਾਅ @ਤੇ ਪਹੁੰਚ ਗਿਆ ਹੈ। ਇਸ ਸਮੇਂ ਐਪ ਵਿੱਚ ਪੋਠੋਹਾਰੀ ਕੋਸ਼, ਕਿੱਸਾ ਸੰਦਰਭ ਕੋਸ਼, ਡੋਗਰੀ-ਪੰਜਾਬੀ ਕੋਸ਼, ਅੰਗਰੇਜ਼ੀ-ਪੰਜਾਬੀ ਮਿਡਲ ਕੋਸ਼, ਪੰਜਾਬੀ ਅਖਾਣ ਕੋਸ਼, ਮੁਹਾਵਰਾ ਕੋਸ਼ ਅਤੇ ਵਾਰਿਸ ਮੁਹਾਵਰਾ ਕੋਸ਼ ਉਪਲਬਧ ਹਨ। ਸ. ਜ਼ਫ਼ਰ ਨੇ ਕਿਹਾ ਮਸ਼ੀਨੀ ਬੁੱਧੀਮਾਨਤਾ ਦੇ ਯੁੱਗ ਵਿੱਚ ਹਰ ਭਾਸ਼ਾ ਨੂੰ ਸਮੇਂ ਦੇ ਹਾਣ ਦੀ ਬਣਾਉਣ ਲਈ ਅਜਿਹੇ ਉੱਦਮ ਕਰਨੇ ਲਾਜ਼ਮੀ ਹੋ ਗਏ ਹਨ।

# ਸਪ੍ਰਾਈਟ ਆਪਣੇ ਪਹਿਲੇ ਸੁਆਦ ਨਾਲ ਗਰਮੀਆਂ ਵਿੱਚ ਇੱਕ ਪੁਦੀਨੇ ਦਾ ਮੋੜ ਜੋੜਦਾ ਹੈ : ਸਪ੍ਰਾਈਟ ਲੈਮਨ ਮਿੰਟ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਦੋਂ ਗਰਮੀਆਂ ਆਉਂਦੀਆਂ ਹਨ, ਤਾਂ ਭਾਰਤ ਜਾਣਦਾ ਹੈ ਕਿ ਕਿਵੇਂ ਠੰਢਾ ਹੋਣਾ ਹੈ। ਠੰਢੇ ਪੀਣ ਵਾਲੇ ਪਦਾਰਥਾਂ ਵਿੱਚ ਕੁਚਲਿਆ ਜਾਂਦਾ ਹੈ, ਗਰਮੀਆਂ ਦੇ ਕੂਲਰਾਂ ਵਿੱਚ ਘੋਲਿਆ ਜਾਂਦਾ ਹੈ, ਜਾਂ ਸਿਰਫ਼ ਨਿੰਬੂ ਅਤੇ ਕਿਸੇ ਠੰਢੀ ਚੀਜ਼ ਨਾਲ ਮਿਲਾਇਆ ਜਾਂਦਾ ਹੈ, ਪੁਦੀਨਾ ਭਾਰਤ ਦਾ ਘਰੇਲੂ ਤੌਰ ’ਤੇ ਤਿਆਰ ਕੀਤਾ ਗਿਆ ਠੰਢਾ ਕਰਨ ਵਾਲਾ ਰਿਵਾਜ ਹੈ। ਸਪ੍ਰਾਈਟ ਲੈਮਨ ਮਿੰਟ ਇਸ ਗੱਲ ਦੀ ਇੱਕ ਵਧੀਆ ਉਦਾਹਰਣ ਹੈ ਕਿ ਕਿਵੇਂ ਸਪ੍ਰਾਈਟ ਅਸਲ ਖਪਤਕਾਰਾਂ ਦੇ ਵਿਵਹਾਰ ਨੂੰ ਅਰਥਪੂਰਨ ਨਵੀਨਤਾ ਵਿੱਚ ਬਦਲ ਰਿਹਾ ਹੈ। ਨਿੰਬੂ ਅਤੇ ਪੁਦੀਨੇ ਦਾ ਸੁਮੇਲ ਸੱਭਿਆਚਾਰਕ ਤੌਰ ’ਤੇ ਜਾਣੂ ਹੈ ਅਤੇ ਤਾਜ਼ਗੀ ਨੂੰ ਵਧਾਉਂਦਾ ਹੈ। ਭਾਰਤ ਵਿੱਚ ਆਪਣੀ ਪਹਿਲੀ ਸੁਆਦੀ ਨਵੀਨਤਾ ਵਿੱਚ, ਬ੍ਰਾਂਡ ਆਪਣੇ ਦਸਤਖਤ ਵਾਲੇ ਤਿੱਖੇ ਨਿੰਬੂ ਨੂੰ ਬੋਲਡ, ਠੰਢੇ ਪੁਦੀਨੇ ਦੇ ਨੋਟਾਂ ਨਾਲ ਜੋੜਦਾ ਹੈ ਤਾਂ ਜੋ ਲੋਕਾਂ ਨੂੰ ਪਹਿਲਾਂ ਹੀ ਪਸੰਦ ਆਉਣ ਵਾਲੇ ਸੁਆਦ ਨੂੰ ਤਾਜ਼ਗੀ ਦੇ ਇੱਕ ਬਿਲਕੁਲ ਨਵੇਂ ਪੱਧਰ




’ਤੇ ਲੈ ਜਾਇਆ ਜਾ ਸਕੇ। ਸਪ੍ਰਾਈਟ ਲੈਮਨ ਮਿੰਟ ਨੂੰ ਖਾਸ ਤੌਰ ’ਤੇ ਦਿਲਚਸਪ ਬਣਾਉਣ ਵਾਲੀ ਗੱਲ ਇਹ ਹੈ ਕਿ ਇਹ ਜਾਣ-ਪਛਾਣ ਅਤੇ ਨਵੀਨਤਾ ਵਿਚਕਾਰ ਇੱਕ ਸੰਪੂਰਨ ਸੰਤੁਲਨ ਬਣਾਉਂਦਾ ਹੈ। ਇਸਨੂੰ ਜੀਵਨ ਵਿੱਚ ਲਿਆਉਣ ਵਾਲੀ ਇੱਕ ਨਵੀਂ ਮੁਹਿੰਮ ਫਿਲਮ ਹੈ, ਜਿਸਨੂੰ StudioX WPP ਦੁਆਰਾ ਡਿਜ਼ਾਈਨ ਕੀਤਾ ਗਿਆ ਹੈ, ਜਿਸ ਵਿੱਚ ਸੁਨੀਲ ਗਰੋਵਰ ਹਨ, ਜੋ ਬ੍ਰਾਂਡ ਦੇ ’ਠੰਡ ਰੱਖ ’ ਫਲਸਫੇ ਨੂੰ ਦਰਸਾਉਂਦੇ ਹਨ, ਜਾਣੇ-ਪਛਾਣੇ, ਰੋਜ਼ਾਨਾ ਦੇ ਪਲਾਂ ਨੂੰ ਕੈਦ ਕਰਦੇ ਹਨ ਜਿੱਥੇ ਸਥਿਤੀਆਂ ਤੇਜ਼ੀ ਨਾਲ ਵਧਦੀਆਂ ਹਨ ਅਤੇ ਤੁਹਾਨੂੰ ਸਿਰਫ਼ ਇੱਕ ਤੇਜ਼ ਰੀਸੈਟ ਦੀ ਲੋੜ ਹੁੰਦੀ ਹੈ। ਉਸਦੀ ਦਸਤਖਤ ਸ਼ੈਲੀ ਨਾਲ, ਫਿਲਮ ਇਸ ਗੱਲ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਕਈ ਵਾਰ ਸਭ ਤੋਂ ਹੁਸ਼ਿਆਰ ਪ੍ਰਤੀਕਿਰਿਆ ਪ੍ਰਤੀਕਿਰਿਆ ਨਹੀਂ ਹੁੰਦੀ ਬਲਕਿ ਸਿਰਫ਼ ਠੰਡਾ ਰਹਿਣਾ ਚੁਣਨਾ ਹੁੰਦਾ ਹੈ। ਸੁਨੀਲ ਗਰੋਵਰ ਨੇ ਕਿਹਾ , ਅਸੀਂ ਸਾਰੇ ਆਪਣੇ ਗਰਮੀਆਂ ਦੇ ਪੀਣ ਵਾਲੇ ਪਦਾਰਥਾਂ ਵਿੱਚ ਪੁਦੀਨਾ ਪਾਉਂਦੇ ਹੋਏ ਵੱਡੇ ਹੋਏ ਹਾਂ, ਇਸ ਲਈ ਇਹ ਤੁਰੰਤ ਜਾਣੂ ਮਹਿਸੂਸ ਹੋਇਆ। ਸਪ੍ਰਾਈਟ ਲੈਮਨ ਮਿੰਟ ਇਸ ਵਿਚਾਰ ਨੂੰ ਲੈਂਦਾ ਹੈ ਅਤੇ ਇਸਨੂੰ ਆਸਾਨੀ ਨਾਲ ਬਣਾਉਂਦਾ ਹੈ।

# ਮੁੱਖ ਮੰਤਰੀ ਸਿਹਤ ਯੋਜਨਾ ਹੇਠ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਕਵਰ ਮਿਲ ਰਿਹੈ : ਡਾ. ਬਲਬੀਰ ਸਿੰਘ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦਾ ਸਿਹਤ ਖੇਤਰ ਇੱਕ ਕ੍ਰਾਂਤੀਕਾਰੀ ਬਦਲਾਅ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਪੰਜਾਬ ਸਰਕਾਰ ਦੇ ਵਾਅਦੇ ਅਨੁਸਾਰ ਹਰ ਪਰਿਵਾਰ ਨੂੰ ਸੁਖਾਲੀਆਂ, ਕਿਫਾਇਤੀ ਅਤੇ ਸਨਮਾਨਜਨਕ ਸਿਹਤ ਸੇਵਾਵਾਂ ਮਿਲ ਰਹੀਆਂ ਹਨ।

ਕਈ ਸਾਲਾਂ ਤੋਂ ਉੱਚ ਇਲਾਜ ਦਰਾਂ ਕਾਰਨ ਮਰੀਜ਼ ਇਲਾਜ ਵਿੱਚ ਦੇਰੀ ਲਈ ਮਜ਼ਬੂਰ ਹੁੰਦੇ ਰਹੇ, ਮੈਡੀਕਲ ਟੈਸਟਾਂ ਨੂੰ ਟਾਲਦੇ ਰਹੇ ਜਾਂ ਦਵਾਈਆਂ ਅੱਧ -ਵਿਚਕਾਰ ਹੀ ਛੱਡ ਦਿੰਦੇ ਸਨ, ਜਿਸ ਨਾਲ ਪਰਿਵਾਰ ਕਰਜ਼ੇ ਹੇਠ ਆ ਜਾਂਦੇ ਸਨ ਅਤੇ ਸਿਹਤ ਨਤੀਜੇ ਵੀ ਪ੍ਰਭਾਵਿਤ ਹੁੰਦੇ ਸਨ। ਇਹ ਹਾਲਤ, ਜੋ ਸ਼ਹਿਰੀ ਅਤੇ ਪੇਂਡੂ ਦੋਹਾਂ ਖੇਤਰਾਂ ਵਿੱਚ ਵਿਆਪਕ ਸੀ, ਹੁਣ ਹੌਲੀ ਹੌਲੀ ਬਦਲ ਰਹੀ ਹੈ।

ਇਸ ਬਦਲਾਅ ਦੇ ਕੇਂਦਰ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਹੈ, ਜੋ ਭਗਵੰਤ ਮਾਨ ਸਰਕਾਰ ਦੀ ਪ੍ਰਮੁੱਖ ਪਹਿਲ ਹੈ ਅਤੇ ਤੇਜ਼ੀ ਨਾਲ ਲੋਕਾਂ ਦੀ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਵਧਾ ਰਹੀ ਹੈ। ਸਿਰਫ਼ ਤਿੰਨ ਮਹੀਨਿਆਂ ਵਿੱਚ 40 ਲੱਖ



ਤੋਂ ਵੱਧ ਹੈਲਥ -ਕਾਰਡ ਜਾਰੀ ਕੀਤੇ ਜਾ ਚੁੱਕੇ ਹਨ, ਜੋ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਕਵਰ ਦਿੰਦੇ ਹਨ। ਇਸ ਯੋਜਨਾ ਨੂੰ ਵੱਡੀ ਪੱਧਰ ’ਤੇ ਅਪਣਾਉਣ ਤੋਂ ਇਸਦੀ ਲੋੜ ਅਤੇ ਇਸ਼ ਵਿੱਚ ਲੋਕਾਂ ਦੇ ਭਰੋਸੇ ਦਾ ਪਤਾ ਚੱਲਦਾ ਹੈ। 21 ਅਪ੍ਰੈਲ ਨੂੰ 28,766 ਰਜਿਸਟ੍ਰੇਸ਼ਨ ਹੋਏ, ਜੋ ਇਹ ਸੰਕੇਤ ਦਿੰਦੇ ਹਨ ਕਿ ਸਿਹਤ ਪ੍ਰਣਾਲੀ ਹੁਣ ਹੋਰ ਜ਼ਿਆਦਾ ਜਵਾਬਦੇਹ, ਸਮਾਵੇਸ਼ੀ ਅਤੇ ਲੋਕ-ਕੇਂਦ੍ਰਿਤ ਬਣ ਰਹੀ ਹੈ।

ਜ਼ਿਲ੍ਹਿਆਂ ਵਿੱਚ ਇਸ ਯੋਜਨਾ ਦਾ ਸਕਾਰਾਤਮਕ ਪ੍ਰਭਾਵ ਸਪੱਸ਼ਟ ਦਿਖਾਈ ਦੇ ਰਿਹਾ ਹੈ। ਲੁਧਿਆਣਾ 4.20 ਲੱਖ ਕਾਰਡਾਂ ਨਾਲ ਸਭ ਤੋਂ ਅੱਗੇ ਹੈ, ਇਸ ਤੋਂ ਬਾਅਦ ਪਟਿਆਲਾ (3.82 ਲੱਖ) ਅਤੇ ਜਲੰਧਰ (2.85 ਲੱਖ) ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਯੋਜਨਾ ਦੀ ਪਹੁੰਚ ਸਿਰਫ਼ ਵੱਡੇ ਸ਼ਹਿਰਾਂ ਤੱਕ ਸੀਮਿਤ ਨਹੀਂ ਰਹੀ। ਹੁਸ਼ਿਆਰਪੁਰ, ਅੰਮ੍ਰਿਤਸਰ, ਮਾਨਸਾ, ਫਾਜ਼ਿਲਕਾ ਅਤੇ ਬਰਨਾਲਾ ਵਰਗੇ ਟਾਇਰ-2 ਅਤੇ ਟਾਇਰ-3 ਜ਼ਿਲ੍ਹਿਆਂ ਵਿੱਚ ਵੀ ਇਸਦੀ ਵਰਤੋਂ ਲਗਾਤਾਰ ਵਧ ਰਹੀ ਹੈ, ਜੋ ਦਰਸਾਉਂਦੀ ਹੈ ਕਿ ਸਰਕਾਰ ਦੀ ਇਹ ਸਿਹਤ ਪਹਿਲ ਛੋਟੇ ਕਸਬਿਆਂ ਤੱਕ ਤੇਜ਼ੀ ਨਾਲ ਪਹੁੰਚ ਰਹੀ ਹੈ, ਜਿੱਥੇ ਇਸਦੀ ਸਭ ਤੋਂ ਵੱਧ ਲੋੜ ਸੀ।

ਇਸ ਬਦਲਾਅ ਦੀ ਸਭ ਤੋਂ ਵੱਡੀ ਪੁਸ਼ਟੀ ਜ਼ਮੀਨੀ ਪੱਧਰ ਤੋਂ ਦਿਖਾਈ ਦੇ ਰਹੀ ਹੈ। ਸਬ-ਡਿਵਿਜ਼ਨਲ ਹਸਪਤਾਲ ਖੰਨਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਿੰਦਰ ਸਿੰਘ ਭਸੀਨ ਕਹਿੰਦੇ ਹਨ, ਸਿਹਤ ਸੇਵਾ ਕਿਸੇ ਵਿਸ਼ੇਸ਼ ਅਧਿਕਾਰ ਵਾਂਗ ਨਹੀਂ ਹੋਣੀ ਚਾਹੀਦੀ। ਪਹਿਲਾਂ ਕਵਰੇਜ ਸੀਮਿਤ ਸੀ, ਪਰ ਹੁਣ ਹਰ ਨਿਵਾਸੀ ਨੂੰ ਸ਼ਾਮਲ ਕੀਤਾ ਗਿਆ ਹੈ। ਉਹ ਅੱਗੇ ਦੱਸਦੇ ਹਨ, ਹਾਲੀਆ ਮਹੀਨਿਆਂ ਵਿੱਚ ਅਸੀਂ 200 ਤੋਂ ਵੱਧ ਗਾਲਬਲੈਡਰ (ਪਿੱਤੇ ਦੀਆਂ) ਸਰਜਰੀਆਂ ਕੀਤੀਆਂ ਹਨ। ਆਮ ਤੌਰ ’ਤੇ ਇਸਦੀ ਲਾਗਤ 40,000 ਤੋਂ ?80,000 ਰੁਪਏ ਹੁੰਦੀ ਹੈ, ਪਰ ਮਰੀਜ਼ਾਂ ਨੂੰ ਇਸ ਯੋਜਨਾ ਅਧੀਨ ਕੋਈ ਭੁਗਤਾਨ ਨਹੀਂ ਕਰਨਾ ਪਿਆ।

# ਕੋਕਾ-ਕੋਲਾ ਅਤੇ ਬਰਗਰ ਕਿੰਗ ਨੇ ’ਫੀਸਟ ਔਨ ਵ੍ਹੀਲਜ਼’ ਨਾਲ ਯੂਥ ਅਵਸਰਾਂ ਨੂੰ ਅਨਲੌਕ ਕਰਨ ਲਈ ਰਣਨੀਤਕ ਭਾਈਵਾਲੀ ਦਾ ਐਲਾਨ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਕਾ-ਕੋਲਾ ਇੰਡੀਆ ਅਤੇ ਬਰਗਰ ਕਿੰਗ ਇੰਡੀਆ ਨੇ ਅੱਜ ਇੱਕ ਰਣਨੀਤਕ, ਲੰਬੇ ਸਮੇਂ ਦੀ ਭਾਈਵਾਲੀ ਦਾ ਐਲਾਨ ਕੀਤਾ ਹੈ ਜਿਸਦਾ ਉਦੇਸ਼ ਦੇਸ਼ ਭਰ ਵਿੱਚ ਕੋਕਾ-ਕੋਲਾ ਦੇ ਮੌਕਿਆਂ ਨਾਲ ਨੌਜਵਾਨਾਂ ਦੀ ਅਗਵਾਈ ਵਾਲੇ ਭੋਜਨ ਜੋੜਿਆਂ ਨੂੰ ਅਨਲੌਕ ਕਰਨਾ ਹੈ। ਕੋਕਾ-ਕੋਲਾ ਦੀ ਗਲੋਬਲ ਫੂਡ ਪੇਅਰਿੰਗ ਰਣਨੀਤੀ ਅਤੇ ਸੱਭਿਆਚਾਰਕ ਤੌਰ ’ਤੇ ਸੰਬੰਧਿਤ ਤਜ਼ਰਬਿਆਂ ਰਾਹੀਂ ਨੌਜਵਾਨਾਂ ਨਾਲ ਜੁੜਨ ਦੀ ਬਰਗਰ ਕਿੰਗ ਦੀ ਰਣਨੀਤੀ ਵਿੱਚ ਸ਼ਾਮਲ, ਇਹ ਸਹਿਯੋਗ ਭਾਰਤ ਦੇ ਜਨਰਲ ਜ਼ੈੱਡ ਈਕੋਸਿਸਟਮ ਦੇ ਅੰਦਰ ਪ੍ਰਤੀਕ ਭੋਜਨ ਸੰਜੋਗਾਂ ਨੂੰ ਵਧੇਰੇ ਪਹੁੰਚਯੋਗ, ਸੰਬੰਧਿਤ ਅਤੇ ਸੱਭਿਆਚਾਰਕ ਤੌਰ ’ਤੇ ਸ਼ਾਮਲ ਕਰਨ ਲਈ ਤਿਆਰ ਕੀਤਾ ਗਿਆ ਹੈ। ਦੋਵੇਂ ਬ੍ਰਾਂਡ ’ਫੀਸਟ ਔਨ ਵ੍ਹੀਲਜ਼’ ਪੇਸ਼ ਕਰ ਰਹੇ ਹਨ, ਜੋ ਕਿ ਆਪਣੀ ਕਿਸਮ ਦਾ ਪਹਿਲਾ, ਮੋਬਾਈਲ ਫੂਡ ਟਰੱਕ ਫਾਰਮੈਟ ਹੈ ਜੋ ਕੋਕਾ-ਕੋਲਾ ਨਾਲ ਬਣੇ ਕਿਊਰੇਟਿਡ ਬਰਗਰ ਕਿੰਗ ਭੋਜਨ ਨੂੰ ਸਿੱਧੇ ਕਾਲਜ ਕੈਂਪਸਾਂ ਵਿੱਚ ਲਿਆਉਂਦਾ ਹੈ। ਇਹ ਪਲੇਟਫਾਰਮ ਨੌਜਵਾਨ ਖਪਤਕਾਰਾਂ ਨੂੰ ਮਿਲਣ ਲਈ ਬਣਾਇਆ ਗਿਆ ਹੈ ਜਿੱਥੇ ਉਹ ਹਨ, ਕਿਫਾਇਤੀਤਾ, ਪਹੁੰਚਯੋਗਤਾ ਅਤੇ ਅਨੁਭਵ ਨੂੰ ਪੈਮਾਨੇ ਲਈ ਤਿਆਰ ਕੀਤੇ ਗਏ ਫਾਰਮੈਟ ਵਿੱਚ ਜੋੜਦੇ ਹੋਏ। 15 ਅਪ੍ਰੈਲ 2026 ਨੂੰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (*♦”) ਵਿਖੇ ਯੂਨੀਵਰਸਿਟੀ ਦੇ ਅੰਤਰ-ਕਾਲਜ ਉਤਸਵ ਦੇ ਹਿੱਸੇ ਵਜੋਂ ਹੋਇਆ , ਇੱਕ ਸੱਭਿਆਚਾਰਕ ਪਲ ਵਿੱਚ ਟੈਪ ਕਰਦੇ ਹੋਏ, ਨੌਜਵਾਨ ਦਰਸ਼ਕਾਂ ਵਿੱਚ ਤੁਰੰਤ ਅਜ਼ਮਾਇਸ਼ਾਂ ਅਤੇ ਲੰਬੇ ਸਮੇਂ ਦੇ ਬ੍ਰਾਂਡ ਸਬੰਧ ਦੋਵਾਂ ਨੂੰ ਚਲਾਉਂਦਾ ਹੈ। LPU ਵਿਖੇ, ’ਫੀਸਟ ਔਨ ਵ੍ਹੀਲਜ਼’ ਅਨੁਭਵ ਵਿੱਚ ਇੱਕ ਪੂਰੀ ਤਰ੍ਹਾਂ ਬ੍ਰਾਂਡ ਵਾਲਾ ਕੋਕਾ-ਕੋਲਾ ⊘ ਬਰਗਰ ਕਿੰਗ ਫੂਡ ਟਰੱਕ ਹੋਵੇਗਾ ਜੋ ਵਿਦਿਆਰਥੀ-ਅਨੁਕੂਲ ਕੀਮਤ ’ਤੇ ਕੋਕਾ-ਕੋਲਾ ਦੇ ਨਾਲ ਜੋੜੇ ਗਏ ਵੌਪਰ ਮੀਲ ਕੰਬੋਜ਼ ਦੀ ਸੇਵਾ ਕਰੇਗਾ। ਜ਼ਮੀਨੀ ਅਨੁਭਵ ਨੂੰ ਇੱਕ ਯੂਥ-ਫਸਟ ਕਲਚਰਲ ਹੱਬ ਵਜੋਂ ਡਿਜ਼ਾਈਨ ਕੀਤਾ ਜਾਵੇਗਾ , ਜਿਸ ਵਿੱਚ ਲਾਈਵ ਸੰਗੀਤ, ਡੀਜੇ, ਟਿਕ-ਟੈਕ-ਟੋ ਅਤੇ ਪਿੰਗ ਪੋਂਗ ਸਮੇਤ ਇੰਟਰਐਕਟਿਵ ਗੇਮਿੰਗ ਜ਼ੋਨ, ਵੱਡੇ ਪੱਧਰ ’ਤੇ ਬ੍ਰਾਂਡ ਸਥਾਪਨਾਵਾਂ, ਅਤੇ ਵਿਦਿਆਰਥੀ ਭਾਈਚਾਰਿਆਂ ਦੁਆਰਾ ਜੈਵਿਕ ਪ੍ਰਫੁੱਲਤਾ ਨੂੰ ਚਲਾਉਣ ਲਈ ਸਮੱਗਰੀ ਨਿਰਮਾਣ ਜ਼ੋਨ ਸ਼ਾਮਲ ਹੋਣਗੇ।

# ਲੜਕੀਆਂ ਦੀ 12ਵੀਂ ਰਾਜ ਗੱਤਕਾ ਚੈਂਪੀਅਨਸ਼ਿਪ 1 ਤੋਂ 3 ਮਈ ਤੱਕ ਹੋਵੇਗੀ ਕੋਟਕਪੂਰਾ ‘ਚ : ਗਰੇਵਾਲ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੱਤਕਾ ਐਸੋਸੀਏਸ਼ਨ ਆਫ਼ ਪੰਜਾਬ ਵੱਲੋਂ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਫ਼ਰੀਦਕੋਟ ਦੇ ਸਹਿਯੋਗ ਨਾਲ 12ਵੀਂ ਰਾਜ ਗੱਤਕਾ ਚੈਂਪੀਅਨਸ਼ਿਪ 2026 (ਲੜਕੀਆਂ) 1 ਤੋਂ 3 ਮਈ ਤੱਕ ਬਾਬਾ ਫ਼ਰੀਦ ਗੁਰੂਕੁਲ ਕਾਲਜ ਕੋਟਕਪੂਰਾ ਜ਼ਿਲ੍ਹਾ ਫ਼ਰੀਦਕੋਟ ਵਿੱਚ ਕਰਵਾਈ ਜਾ ਰਹੀ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਤਿੰਨ ਰੋਜ਼ਾ ਚੈਂਪੀਅਨਸ਼ਿਪ ਸੂਬੇ ਭਰ ਦੀਆਂ ਉਨ੍ਹਾਂ ਹੋਣਹਾਰ ਖਿਡਾਰਨਾਂ ਨੂੰ ਇੱਕ ਢੁਕਵਾਂ ਮੰਚ ਪ੍ਰਦਾਨ ਕਰੇਗੀ ਜੋ ਇਸ ਪ੍ਰਾਚੀਨ ਸਿੱਖ ਜੰਗਜੂ ਕਲਾ ਦੀ ਵਿਰਾਸਤ ਨੂੰ ਅੱਗੇ ਵਧਾ ਰਹੀਆਂ ਹਨ। ਇਹ ਪ੍ਰਤੀਯੋਗਤਾ ਯੁੱਧ ਕਲਾ, ਸਵੈ-ਜ਼ਾਬਤਾ, ਮਰਿਆਦਾ ਅਤੇ ਪਰੰਪਰਾ ਦਾ ਇੱਕ ਅਨੋਖਾ ਸੁਮੇਲ ਪੇਸ਼ ਕਰੇਗੀ।



ਗੱਤਕਾ ਪ੍ਰਮੋਟਰ ਗਰੇਵਾਲ ਨੇ ਦੱਸਿਆ ਕਿ ਸਾਰੇ ਜ਼ਿਲ੍ਹਿਆਂ ਦੀਆਂ ਟੀਮਾਂ 1 ਮਈ ਨੂੰ ਨਿਰਧਾਰਿਤ ਸਥਾਨ ’ਤੇ ਪਹੁੰਚਣਗੀਆਂ ਅਤੇ ਮੁਕਾਬਲੇ 2 ਮਈ ਨੂੰ ਸਵੇਰੇ 9 ਵਜੇ ਉਦਘਾਟਨੀ ਸਮਾਰੋਹ ਦੌਰਾਨ ਵਿਧੀਵਤ ਰੂਪ ਵਿੱਚ ਆਰੰਭ ਹੋਣਗੇ। ਚੈਂਪੀਅਨਸ਼ਿਪ ਦਾ ਸਮਾਪਤੀ ਸਮਾਰੋਹ 3 ਮਈ ਨੂੰ ਹੋਵੇਗਾ ਜਿਸ ਵਿੱਚ ਪ੍ਰਮੁੱਖ ਸ਼ਖ਼ਸੀਅਤਾਂ ਸ਼ਿਰਕਤ ਕਰਨਗੀਆਂ।

ਗੱਤਕਾ ਐਸੋਸੀਏਸ਼ਨ ਆਫ਼ ਪੰਜਾਬ ਦੇ ਉਪ-ਪ੍ਰਧਾਨ ਸਰਬਜੀਤ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਸਾਰੇ ਜ਼ਿਲ੍ਹਿਆਂ ਦੀਆਂ ਲੜਕੀਆਂ ਦੀਆਂ ਟੀਮਾਂ ਅੰਡਰ-14, ਅੰਡਰ-17, ਅੰਡਰ-19, ਅੰਡਰ-22 ਅਤੇ ਅੰਡਰ-25 ਉਮਰ ਵਰਗਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੀਆਂ ਜਿਸ ਨਾਲ ਹਰ ਉਮਰ ਦੀਆਂ ਖਿਡਾਰਨਾਂ ਨੂੰ ਆਪਣੀ ਸਮਰੱਥਾ ਪਰਖਣ ਦਾ ਸੁਨਹਿਰਾ ਮੌਕਾ ਮਿਲੇਗਾ।

ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਅਤੇ ਇਸ ਚੈਂਪੀਅਨਸ਼ਿਪ ਦੇ ਕੋਆਰਡੀਨੇਟਰ ਨਰਿੰਦਰਪਾਲ ਸਿੰਘ ਪਾਰਸ ਨੇ ਸਾਰੀਆਂ ਭਾਗ ਲੈਣ ਵਾਲੀਆਂ ਟੀਮਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੀਆਂ ਐਂਟਰੀਆਂ 26 ਅਪ੍ਰੈਲ ਸ਼ਾਮ 4 ਵਜੇ ਤੱਕ ਲਾਜ਼ਮੀ ਤੌਰ ’ਤੇ ਜਮ੍ਹਾਂ ਕਰਵਾ ਦੇਣ ਤਾਂ ਜੋ ਲੋੜੀਂਦੀ ਰਿਹਾਇਸ਼ ਅਤੇ ਲੰਗਰ ਦਾ ਬਿਹਤਰ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਇਆ ਜਾ ਸਕੇ।

# ਗਰੁੱਪ-ਡੀ ਮੁਲਾਜ਼ਮਾਂ ਨੂੰ ਕਣਕ ਲਈ ਵਿਆਜ ਮੁਕਤ ਕਰਜ਼ਾ ਦੇ ਕੇ ਜ਼ਰੂਰੀ ਲੋੜਾਂ ਲਈ ਸਮੇਂ ਸਿਰ ਸਹਾਇਤਾ ਯਕੀਨੀ ਬਣਾਈ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਾਜ਼ਮਾਂ ਦੀ ਭਲਾਈ ਵੱਲ ਇੱਕ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਨੇ ਸੂਬੇ ਭਰ ਦੇ ਗਰੁੱਪ-ਡੀ ਮੁਲਾਜ਼ਮਾਂ ਲਈ ਕਣਕ ਦੀ ਖਰੀਦ ਵਾਸਤੇ ਵਿਆਜ ਮੁਕਤ ਕਰਜ਼ੇ ਨੂੰ ਮਨਜ਼ੂਰੀ ਦੇ ਦਿੱਤੀ ਹੈ, ਤਾਂ ਜੋ ਘਰੇਲੂ ਖਪਤ ਦੀਆਂ ਜ਼ਰੂਰੀ ਲੋੜਾਂ ਲਈ ਵਿੱਤੀ ਸਹਾਇਤਾ ਯਕੀਨੀ ਬਣਾਈ ਜਾ ਸਕੇ।

ਇਸ ਫੈਸਲੇ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਯੋਗ ਗਰੁੱਪ-ਡੀ ਮੁਲਾਜ਼ਮਾਂ ਨੂੰ ਖਾਸ ਤੌਰ ’ਤੇ ਕਣਕ ਦੀ ਖਰੀਦ ਲਈ ਘੱਟੋ-ਘੱਟ 10,340 ਰੁਪਏ ਦੀ ਵਿਆਜ ਮੁਕਤ ਕਰਜ਼ਾ ਰਾਸ਼ੀ ਪ੍ਰਦਾਨ ਕਰਨਾ ਉਚਿਤ ਹੈ। ਇਸ ਵਿੱਤੀ ਸਹਾਇਤਾ ਦੀ ਗਣਨਾ ਸਰਕਾਰ ਵੱਲੋਂ ਪ੍ਰਤੀ ਪਰਿਵਾਰ ਔਸਤਨ ਚਾਰ ਕੁਇੰਟਲ ਕਣਕ ਦੀ ਖਪਤ ਦੇ ਤੈਅ ਮਾਪਦੰਡ ’ਤੇ ਆਧਾਰਿਤ ਹੈ।

ਲਾਗੂ ਕਰਨ ਦੀ ਸਮਾਂ ਸੀਮਾ ਅਤੇ ਬਜਟ ਸਹਾਇਤਾ ਬਾਰੇ ਚਾਨਣਾ ਪਾਉਂਦਿਆਂ, ਵਿੱਤ ਮੰਤਰੀ ਨੇ ਅੱਗੇ ਕਿਹਾ, ਇਹ ਮੁਲਾਜ਼ਮ 29 ਮਈ, 2026 ਤੱਕ ਸਰਕਾਰੀ ਖਜ਼ਾਨੇ ਵਿੱਚੋਂ ਕਰਜ਼ੇ ਦੀ ਇਸ ਰਕਮ ਨੂੰ ਕਢਵਾਉਣ



ਦੇ ਅਧਿਕਾਰਤ ਹੋਣਗੇ। ਇਸ ਭਲਾਈ ਉਪਰਾਲੇ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ, ਵਿੱਤੀ ਸਾਲ 2026-27 ਲਈ 15 ਕਰੋੜ ਰੁਪਏ ਦੇ ਵਿਸ਼ੇਸ਼ ਬਜਟ ਦੀ ਵਿਵਸਥਾ ਕੀਤੀ ਗਈ ਹੈ।

ਕਰਜ਼ੇ ਦੀ ਵਾਪਸੀ ਵਿਧੀ ਬਾਰੇ ਵਿਸਥਾਰ ਨਾਲ ਦੱਸਦਿਆਂ, ਉਨ੍ਹਾਂ ਜ਼ੋਰ ਦਿੱਤਾ ਕਿ ਇਸ ਢਾਂਚੇ ਨੂੰ ਇਸ ਤਰ੍ਹਾਂ ਉਲੀਕਿਆ ਗਿਆ ਹੈ ਤਾਂ ਜੋ ਮੁਲਾਜ਼ਮਾਂ ’ਤੇ ਵਿੱਤੀ ਬੋਝ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਕਿਹਾ, ਕਰਜ਼ੇ ਦੀ ਵਸੂਲੀ ਪ੍ਰਕਿਰਿਆ ਨੂੰ ਮੁਲਾਜ਼ਮਾਂ ’ਤੇ ਵਿੱਤੀ ਬੋਝ ਘਟਾਉਣ ਲਈ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਕਟੌਤੀ ਅੱਠ ਮਹੀਨਾਵਾਰ ਕਿਸ਼ਤਾਂ ਰਾਹੀਂ ਕੀਤੀ ਜਾਵੇਗੀ। ਇਹ ਕਿਸ਼ਤਾਂ ਜੂਨ ਮਹੀਨੇ ਦੀ ਤਨਖਾਹ, ਜੋ ਜੁਲਾਈ ਵਿੱਚ ਅਦਾ ਕੀਤੀ ਜਾਂਦੀ ਹੈ, ਤੋਂ ਸ਼ੁਰੂ ਹੋਣਗੀਆਂ, ਜਿਸ ਨਾਲ ਇਹ ਯਕੀਨੀ ਬਣੇਗਾ ਕਿ ਚਾਲੂ ਵਿੱਤੀ ਸਾਲ ਦੇ ਮੁਕੰਮਲ ਹੋਣ ਤੋਂ ਪਹਿਲਾਂ ਕਰਜ਼ੇ ਦੀ ਪੂਰੀ ਵਸੂਲੀ ਹੋ ਜਾਵੇ। ਸਰਕਾਰ ਦੀ ਮੁਲਾਜ਼ਮ-ਪੱਖੀ ਪਹੁੰਚ ਦੀ ਮੁੜ ਪੁਸ਼ਟੀ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪ੍ਰਸ਼ਾਸਨ ਦੀ ਵਿਆਪਕ ਵਚਨਬੱਧਤਾ ਨੂੰ ਉਜਾਗਰ ਕੀਤਾ। ਉਨ੍ਹਾਂ ਅੱਗੇ ਕਿਹਾ, ਸਾਡੇ ਮੁਲਾਜ਼ਮਾਂ ਦੀ ਭਲਾਈ ਸਾਡੀ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ, ਅਤੇ ਅਸੀਂ ਉਨ੍ਹਾਂ ਦੀ ਸਹਾਇਤਾ ਅਤੇ ਵਿੱਤੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਵਾਲੇ ਉਪਰਾਲਿਆਂ ਨੂੰ ਬਰਕਰਾਰ ਰੱਖਣ ਲਈ ਨਿਰੰਤਰ ਯਤਨਸ਼ੀਲ ਰਹਾਂਗੇ।

# ਪੋਸ਼ਣ ਪਖਵਾੜਾ 2026: ਸਮੁਦਾਇਕ ਭਾਗੀਦਾਰੀ ਦੇ ਜ਼ਰੀਏ ਮਾਂ ਅਤੇ ਬੱਚੇ ਦੇ ਪੋਸ਼ਣ ’ਤੇ ਜਾਗਰੂਕਤਾ ਦਾ ਪ੍ਰਸਾਰ

**ਚੰਡੀਗੜ੍ਹ, 23 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੋਸ਼ਣ ਪਖਵਾੜਾ 2026 ਦੇ ਤਹਿਤ, ਮਾਂ ਅਤੇ ਬੱਚੇ ਦੇ ਪੋਸ਼ਣ ਦੇ ਵਿਸ਼ੇ ’ਤੇ ਕੇਂਦ੍ਰਿਤ ਜਾਗਰੂਕਤਾ ਅਤੇ ਆਊਟਰੀਚ ਗਤੀਵਿਧੀਆਂ ਦੀ ਇੱਕ ਲੜੀ ਸਫ਼ਲਤਾਪੂਰਵਕ ਆਯੋਜਿਤ ਕੀਤੀ ਗਈ। ਇਸ ਦੌਰਾਨ ਇੱਕ ਪ੍ਰੋਗਰਾਮ ਵਿੱਚ ਏਐੱਨਐੱਮ ਅਤੇ ਐੱਲਐੱਚਵੀ ਦੁਆਰਾ ਜਾਣਕਾਰੀ ਭਰਪੂਰ ਭਾਸ਼ਣ ਦਿੱਤੇ ਗਏ, ਜਿਨ੍ਹਾਂ ਵਿੱਚ ਮਾਂ ਅਤੇ ਬੱਚੇ ਦੀ ਸਿਹਤ ਦੇ ਮਹੱਤਵ ’ਤੇ ਪ੍ਰਕਾਸ਼ ਪਾਇਆ ਗਿਆ। ਇਸ ਤੋਂ ਬਾਅਦ ਗਰਭਵਤੀ ਮਹਿਲਾਵਾਂ ਦੇ ਸਨਮਾਨ ਅਤੇ ਉਤਸ਼ਾਹਵਰਧਨ ਹਿਤ ਰਵਾਇਤੀ ਗੋਦ ਭਰਾਈ ਸਮਾਰੋਹ ਦਾ ਆਯੋਜਨ ਕੀਤਾ ਗਿਆ। ਮਲੋਆ ਵਿਖੇ ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਮਹਿਲਾਵਾਂ ਲਈ ਤੰਦਰੁਸਤ ਆਹਾਰ ਅਤੇ ਜੀਵਨਸ਼ੈਲੀ ’ਤੇ ਇੱਕ ਜਾਗਰੂਕਤਾ ਸੈਸ਼ਨ ਵੀ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਵਿੱਚ ਸੰਤੁਲਿਤ ਪੋਸ਼ਣ, ਸਵੱਛਤਾ ਅਤੇ ਤੰਦਰੁਸਤ ਰੋਜ਼ਾਨਾ ਰੁਟੀਨ ਬਣਾਈ ਰੱਖਣ ਦੇ ਮਹੱਤਵ ’ਤੇ ਜ਼ੋਰ ਦਿੱਤਾ ਗਿਆ, ਤਾਕਿ ਮਾਂ ਅਤੇ ਬੱਚੇ ਦੋਹਾਂ ਦੀ ਸੰਪੂਰਨ ਸਿਹਤ ਸੁਨਿਸ਼ਚਿਤ ਕੀਤੀ ਜਾ ਸਕੇ। ਮੁਹਿੰਮ ਦੇ ਤਹਿਤ ਬੁੜੈਲ ਵਿੱਚ ਇੱਕ ਪੋਸ਼ਣ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਥਾਨਕ ਸਮੁਦਾਇ ਨੇ ਸਰਗਰਮ ਭਾਗੀਦਾਰੀ ਕਰਦੇ ਹੋਏ ਪੌਸ਼ਟਿਕ ਆਹਾਰ ਅਤੇ ਤੰਦਰੁਸਤ ਖਾਣ-ਪੀਣ ਦੀਆਂ ਆਦਤਾਂ ਦੇ ਪ੍ਰਤੀ ਜਾਗਰੂਕਤਾ ਫੈਲਾਈ। ਇਸ ਤੋਂ ਇਲਾਵਾ, ਆਰਸੀ ਧਨਾਸ ਵਿਖੇ ਇੰਪੈਕਟ ਗਰੁੱਪ ਦੁਆਰਾ ਨੁੱਕੜ ਨਾਟਕ ਪ੍ਰਸਤੁਤ ਕੀਤਾ ਗਿਆ, ਜਿਸ ਦੇ ਜ਼ਰੀਏ ਪੋਸ਼ਣ ਅਤੇ ਤੰਦਰੁਸਤ ਜੀਵਨਸ਼ੈਲੀ ਨਾਲ ਜੁੜੇ ਸੰਦੇਸ਼ ਪ੍ਰਭਾਵੀ ਢੰਗ ਨਾਲ ਲੋਕਾਂ ਤੱਕ ਪਹੁੰਚਾਏ ਗਏ। ਮੁਹਿੰਮ ਦੇ ਤਹਿਤ ਵਿਭਿੰਨ ਪੂਰਕ ਗਤੀਵਿਧੀਆਂ ਵੀ ਆਯੋਜਿਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸਮੁੱਚੀ ਤੰਦਰੁਸਤੀ ਲਈ ਆਯੁਸ਼ ’ਤੇ ਲੈਕਚਰ, ਫੂਡ ਫੋਰਟਿਫਿਕੇਸ਼ਨ ਦੀ ਜ਼ਰੂਰਤ ਬਾਰੇ ਜਾਗਰੂਕਤਾ, ਅਤੇ ‘ਪੋਸ਼ਣ ਕੇ ਪੰਚ ਸੂਤਰ’ ਦਾ ਪ੍ਰਚਾਰ-ਪ੍ਰਸਾਰ ਕਰਨਾ ਸ਼ਾਮਲ ਰਿਹਾ। ਘਰ-ਘਰ ਜਾ ਕੇ ਪੂਰਕ ਆਹਾਰ ਪਿਰਤਾਂ ਨੂੰ ਹੁਲਾਰਾ ਦਿੱਤਾ ਗਿਆ ਅਤੇ ਬੱਚਿਆਂ ਦੇ ਆਹਾਰ ਵਿੱਚ ਮਿਲੇਟਸ ਦੇ ਜਲਦੀ ਸਮਾਵੇਸ਼ ਲਈ ਪ੍ਰੇਰਿਤ ਕੀਤਾ ਗਿਆ। ਇਸ ਦੇ ਨਾਲ ਹੀ ਛਾਤੀ ਦਾ ਦੁੱਧ ਚੁੰਘਾਉਣ ਦੀ ਜਲਦੀ ਸ਼ੁਰੂਆਤ, ਗਰਭਵਤੀ ਮਹਿਲਾਵਾਂ ਲਈ ਮਿਲੇਟਸ ਦੇ ਜ਼ਰੀਏ ਪੋਸ਼ਣ ਸਮਰਥਨ, ਨਿਯਮਿਤ ਵਿਕਾਸ ਨਿਗਰਾਨੀ, 3 ਤੋਂ 6 ਵਰ੍ਹਿਆਂ ਦੇ ਬੱਚਿਆਂ ਲਈ ਪ੍ਰੀ-ਸਕੂਲ ਸਿੱਖਿਆ ਨੂੰ ਮਜ਼ਬੂਤ ਕਰਨ ਅਤੇ ਸੰਸਥਾਗਤ ਜਣੇਪੇ ਨੂੰ ਹੁਲਾਰਾ ਦੇਣ ’ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਇਨ੍ਹਾਂ ਸਾਰੀਆਂ ਗਤੀਵਿਧੀਆਂ ਵਿੱਚ ਸਮੁਦਾਇ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ, ਜਿਸ ਨੇ ਪੋਸ਼ਣ, ਸਿਹਤ ਅਤੇ ਸੰਪੂਰਨ ਕਲਿਆਣ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਪੋਸ਼ਣ ਪਖਵਾੜਾ 2026 ਦੇ ਉਦੇਸ਼ਾਂ ਨੂੰ ਹੋਰ ਸਸ਼ਕਤ ਕੀਤਾ।

# ਧਰਤੁ ਸੁਹਾਵੀ ਤਾਲ ਸੁਹਾਵਾ

ਜਲੰਧਰ, ਸੋਮਵਾਰ 24 ਅਪ੍ਰੈਲ, 2017

*ਹਰੀ ਖਾਦ ਵਾਹ ਕੇ ਖੇਤ 'ਚ ਦੱਬੀ ਹੋਵੇ ਤਾਂ ਖੇਤ 'ਚ 25 ਕਿੱਲੋ ਨਾਈਟਰੋਜਨ ਜਾਂ 55 ਕਿੱਲੋ ਯੂਰੀਆ ਦੀ ਪ੍ਰਤੀ ਏਕੜ ਬੱਚਤ ਹੁੰਦੀ ਹੈ। ਹਰੀ ਖਾਦ ਤੋਂ ਬਾਅਦ ਜੇ ਬਾਸਮਤੀ ਦੀ ਫ਼ਸਲ ਲੈਣੀ ਹੋਵੇ ਤਾਂ ਫ਼ਸਲ ਨੂੰ ਨਾਈਟਰੋਜਨ ਖਾਦ ਦੀ ਲੋੜ ਨਹੀ ਪੈਂਦੀ...*

## ਜ਼ਮੀਨ ਦੀ ਚੰਗੀ ਸਿਹਤ ਲਈ ਹਰੀ ਖਾਦ ਉਗਾਓ

• ਗੁਰਪ੍ਰੀਤ ਸਿੰਘ, ਅਮਨਦੀਪ ਕੌਰ

ਜ਼ਮੀਨ ਦੀ ਚੰਗੀ ਸਿਹਤ ਟਿਕਾਊ ਖੇਤੀ ਦਾ ਆਧਾਰ ਹੈ। ਪੰਜਾਬ 'ਚ ਕਣਕ-ਝੋਨਾ ਫ਼ਸਲੀ ਚੱਕਰ, ਵੱਧ ਫ਼ਸਲੀ ਘਣਤਾ, ਰਸਾਇਣਕ ਖਾਦਾਂ ਉੱਪਰ ਨਿਰਭਰਤਾ ਕਾਰਨ ਜ਼ਮੀਨ 'ਚ ਖ਼ੁਰਾਕੀ ਤੱਤਾਂ ਦੀ ਘਾਟ ਆ ਰਹੀ ਹੈ। ਰਸਾਇਣਾਂ ਦੀ ਵਰਤੋਂ ਤੋਂ ਬਾਅਦ ਜੈਵਿਕ ਖਾਦਾਂ ਦੀ ਵਰਤੋਂ ਘਟ ਗਈ ਹੈ। ਫ਼ਸਲ ਦੀ ਚੰਗੀ ਪੈਦਾਵਾਰ ਲਈ ਜ਼ਮੀਨ ਦੇ ਭੌਤਿਕ, ਰਸਾਇਣਕ ਤੇ ਜੈਵਿਕ ਗੁਣਾਂ ਨੂੰ ਬਰਕਰਾਰ ਰੱਖਣਾ ਜ਼ਰੂਰੀ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਹਰੀ ਖਾਦ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਕਿਸੇ ਫ਼ਸਲ ਦੇ ਹਰੇ ਮਾਦੇ ਨੂੰ ਵਾਹ ਕੇ ਜ਼ਮੀਨ 'ਚ ਦੱਬਣ ਨੂੰ ਹਰੀ ਖਾਦ ਆਖਦੇ ਹਨ। ਹਰੇ ਮਾਦੇ ਦੇ ਗਲ਼ਣ ਨਾਲ ਜ਼ਮੀਨ ਵਿਚਲੇ ਖ਼ੁਰਾਕੀ ਤੱਤ ਘੁਲਣਸ਼ੀਲ ਹੋ ਜਾਂਦੇ ਹਨ ਤੇ ਬੂਟੇ ਦੀ ਖ਼ੁਰਾਕ ਦਾ ਹਿੱਸਾ ਬਣਦੇ ਹਨ। ਜੰਤਰ/ਢਾਂਚਾ, ਸਣ ਤੇ ਰਵਾਂਹ ਨੂੰ ਹਰੀ ਖਾਦ ਵਜੋਂ ਪਹਿਲ ਦਿੱਤੀ ਜਾਂਦੀ ਹੈ।



### ਹਰੀ ਖਾਦ ਨੂੰ ਖੇਤ ਵਿਚ ਦੱਬਣਾ

40-50 ਦਿਨਾਂ ਦੀ ਹਰੀ ਖਾਦ ਦੀ ਫ਼ਸਲ ਖੇਤ ਵਿਚ ਦੱਬਣ ਲਈ ਤਿਆਰ ਹੋ ਜਾਂਦੀ ਹੈ। ਝੋਨੇ ਦੀ ਲਵਾਈ ਤੋਂ ਇਕ ਦਿਨ ਪਹਿਲਾਂ ਤੇ ਮੱਕੀ ਬੀਜਣ ਤੋ 10 ਦਿਨ ਪਹਿਲਾਂ ਹਰੀ ਖਾਦ ਨੂੰ ਡਿਸਕ ਹੈਰੋ ਜਾਂ ਰੋਟਾਵੇਟਰ ਦੀ ਮਦਦ ਨਾਲ ਖੇਤ ਵਿਚ ਦਬਾਅ ਦੇਵੋ।

### ਬਿਜਾਈ

ਹਰੀ ਖਾਦ ਦੀ ਬਿਜਾਈ ਹਾੜ੍ਹੀ ਦੀ ਕਿਸੇ ਵੀ ਫ਼ਸਲ ਤੋਂ ਬਾਅਦ ਕੀਤੀ ਜਾ ਸਕਦੀ ਹੈ। ਜੰਤਰ ਜਾਂ ਸਣ ਲਈ ਪ੍ਰਤੀ ਏਕੜ 20 ਕਿੱਲੋ ਜਾਂ 12 ਕਿਲੋ ਰਵਾਂਹ ਦਾ ਬੀਜ ਮਈ ਦੇ ਪਹਿਲੇ ਹਫ਼ਤੇ ਤਕ ਬੀਜੋ।

**ਢੈਂਚਾ** : ਪੀਏਯੂ ਵੱਲੋਂ ਹਰੀ ਖਾਦ ਲਈ ਪੰਜਾਬ ਢੈਂਚਾ-1 ਕਿਸਮ ਦੀ ਸਿਫਾਰਸ਼ ਕੀਤੀ ਗਈ ਹੈ। ਇਹ 40- 50 ਦਿਨਾਂ ਵਿਚ ਖੇਤ 'ਚ ਦੱਬਣ ਲਈ ਤਿਆਰ ਹੋ ਜਾਂਦੀ ਹੈ।

**ਸਣ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਣ ਦੀ ਪੀਏਯੂ-1691 ਤੇ ਨਰਿੰਦਰ ਸਨਈ-1 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਕਿਸਮ 45-60 ਦਿਨਾਂ 'ਚ ਤਿਆਰ ਹੋ ਜਾਂਦੀ ਹੈ।

**ਰਵਾਂਹ** : ਰਵਾਂਹ ਦੀਆਂ ਦੋ ਕਿਸਮਾਂ ਸੀਐੱਲ-367 ਤੇ ਰਵਾਂਹ-88 ਪੰਜਾਬ ਵਿਚ ਕਾਸ਼ਤ ਲਈ ਸਿਫਾਰਸ਼ ਕੀਤੀ ਗਈ ਹੈ।

ਫ਼ਸਲ ਦੇ ਚੰਗੇ ਜੰਮ ਲਈ ਢੈਂਚੇ ਤੇ ਸਣ ਦਾ ਬੀਜ 8 ਘੰਟੇ ਪਾਣੀ 'ਚ ਭਿਓਂ ਲੈਣਾ ਚਾਹੀਦਾ ਹੈ। ਜੇ ਮਿੱਟੀ ਘੱਟ ਫਾਸਫੋਰਸ ਵਾਲੀ ਹੋਵੇ ਤਾਂ ਹਰੀ ਖਾਦ ਦੀ ਫ਼ਸਲ ਨੂੰ 75 ਕਿੱਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਓ। ਹਰੀ ਖਾਦ ਤੋਂ ਬਾਅਦ ਵਾਲੀ ਸਾਉਣੀ ਦੀ ਫ਼ਸਲ ਨੂੰ ਫਾਸਫੋਰਸ ਖਾਦ ਦੀ ਲੋੜ ਨਹੀਂ ਰਹਿੰਦੀ। ਜੇ ਮਿੱਟੀ ਦਰਮਿਆਨੀ ਤੋਂ ਜ਼ਿਆਦਾ ਫਾਸਫੋਰਸ ਵਾਲੀ ਹੋਵੇ ਤੇ ਹਾੜ੍ਹੀ ਦੀ ਫ਼ਸਲ ਨੂੰ ਫਾਸਫੋਰਸ ਖਾਦ ਪਾਈ ਹੋਵੇ ਤਾਂ ਹਰੀ ਖਾਦ ਦੀ ਫ਼ਸਲ 'ਚ ਫਾਸਫੋਰਸ ਦੀ ਵਰਤੋਂ ਨਾ ਕਰੋ। ਹਰੀ ਖਾਦ ਨੂੰ ਨਾਈਟਰੋਜ਼ਨ ਤੱਤ ਵਾਲੀ ਰਸਾਇਣਕ ਖਾਦ ਦੀ ਸਿਫਾਰਸ ਨਹੀ ਕੀਤੀ ਜਾਂਦੀ।

### ਖਾਦ ਦੀ ਬੱਚਤ

ਜੇ 40-50 ਦਿਨ ਦੀ ਹਰੀ ਖਾਦ ਵਾਹ ਕੇ ਖੇਤ 'ਚ ਦੱਬੀ ਹੋਵੇ ਤਾਂ ਖੇਤ 'ਚ 25 ਕਿੱਲੋ ਨਾਈਟਰੋਜਨ ਜਾਂ 55 ਕਿੱਲੋ ਯੂਰੀਆ ਦੀ ਪ੍ਰਤੀ ਏਕੜ ਬੱਚਤ ਹੁੰਦੀ ਹੈ। ਹਰੀ ਖਾਦ ਤੋਂ ਬਾਅਦ ਜੇ ਬਾਸਮਤੀ ਦੀ ਫ਼ਸਲ ਲੈਣੀ ਹੋਵੇ ਤਾਂ ਫ਼ਸਲ ਨੂੰ ਨਾਈਟਰੋਜਨ ਖਾਦ ਦੀ ਲੋੜ ਨਹੀ ਪੈਂਦੀ ਹੈ। ਹਲਕੀਆਂ ਜ਼ਮੀਨਾਂ 'ਚ ਲੋਹੇ ਦੀ ਘਾਟ ਦੂਰ ਕਰਨ ਲਈ ਹਰੀ ਖਾਦ ਲਾਹੇਵੰਦ ਹੁੰਦੀ ਹੈ। ਕਲਰਾਠੀਆਂ ਜ਼ਮੀਨਾਂ 'ਚ ਹਰੀ ਖਾਦ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਲਈ ਹਰੀ ਖਾਦ ਨੂੰ ਰੂੜੀ ਦੇ ਬਦਲ ਵਜੋਂ ਵਰਤਿਆ ਜਾ ਸਕਦਾ ਹੈ। •

*ਮੋਬਾਈਲ 98728-73417*



*ਖੇਤ ਦੀ ਮਿੱਟੀ ਦੀ ਪਰਖ ਨਾ ਕਰਵਾਈ ਗਈ ਹੋਵੇ ਤਾਂ ਖਾਦਾਂ ਦੀ ਵਰਤੋਂ ਬੇਲੋੜੀ ਵਧ ਸਕਦੀ ਹੈ। ਫ਼ਸਲ ਨੂੰ ਬਹੁਤ ਸਾਰੀਆਂ ਬਿਮਾਰੀਆਂ ਮਿੱਟੀ ਤੋਂ ਅਤੇ ਖਾਦਾਂ ਦੀ ਜ਼ਿਆਦਾ ਵਰਤੋਂ ਕਾਰਨ ਲੱਗਦੀਆਂ ਹਨ। ਜਿਸ ਨਾਲ ਖੇਤੀ ਲਾਗਤ ਕਾਫੀ ਵਧ ਜਾਂਦੀ ਹੈ। ਖਾਦਾਂ ਦੀ ਲੋੜ ਅਨੁਸਾਰ ਵਰਤੋਂ ਕਰਨ ਲਈ ਮਿੱਟੀ ਦੀ ਪਰਖ ਇਕ ਬਿਹਤਰ ਹੱਲ ਹੈ...*

## ਖਾਦਾਂ ਦੀ ਸੁਚੱਜੀ ਵਰਤੋਂ ਲਈ ਮਿੱਟੀ ਦੀ ਪਰਖ





ਖਾਦਾਂ ਦੀ ਅਸੰਤੁਲਿਤ ਵਰਤੋਂ ਝੋਨੇ ਤੇ ਬਾਸਮਤੀ 'ਚ ਕਈ ਸਮੱਸਿਆਵਾਂ ਪੈਦਾ ਕਰਦੀ ਹੈ ਤੇ ਕਈ ਬਿਮਾਰੀਆਂ ਨਾਈਟਰੋਜਨ ਵਾਲੀਆਂ ਖਾਦਾਂ ਦੀ ਜ਼ਿਆਦਾ ਵਰਤੋਂ ਕਾਰਨ ਹੁੰਦੀਆਂ ਹਨ। ਇਸ ਲਈ ਜ਼ਮੀਨ ਵਿਚ ਖਾਦਾਂ ਦੀ ਲੋੜ ਦਾ ਪਤਾ ਲਗਾਉਣ ਲਈ ਮਿੱਟੀ ਦੀ ਪਰਖ ਕਰਵਾਉਣੀ ਚਾਹੀਦੀ ਹੈ।

ਮਿੱਟੀ ਦਾ ਨਮੂਨਾ ਲੈਣ ਲਈ ਇਕਸਾਰ ਖੇਤ ਦੀ ਚੋਣ ਕਰ ਕੇ ਇਸ ਵਿੱਚੋਂ 7 ਥਾਵਾਂ 'ਤੇ ਨਿਸ਼ਾਨ ਲਗਾਓ। ਇਨ੍ਹਾਂ ਥਾਵਾਂ ਤੋਂ ਘਾਹ-ਫੂਸ ਹਟਾ ਕੇ ਕਹੀ ਜਾਂ ਰੰਬੇ ਨਾਲ ਅੰਗਰੇਜ਼ੀ ਦੇ 'ਵੀ' ਅੱਖਰ ਦੀ ਸ਼ਕਲ ਦਾ 6 ਇੰਚ ਡੂੰਘਾ ਟੋਆ ਪੁੱਟ ਕੇ ਟੋਏ ਦੇ ਇਕ ਕੱਟ ਵਾਲੇ ਪਾਸਿਓਂ ਇਕ ਇੰਚ ਮਿੱਟੀ ਦੀ ਤਹਿ ਉਪਰ ਤੋਂ ਥੱਲੇ ਤਕ ਰੰਬੇ ਨਾਲ ਇਕਸਾਰ ਉਤਾਰ ਕੇ ਬਾਲਟੀ 'ਚ ਪਾ ਲਓ। ਇਸੇ ਤਰ੍ਹਾਂ ਬਾਕੀ ਥਾਵਾਂ ਤੋਂ ਵੀ ਮਿੱਟੀ ਲੈ ਲਵੋ।

ਮਿੱਟੀ ਦੇ ਇਨ੍ਹਾਂ ਨਮੂਨਿਆਂ ਨੂੰ ਸਾਫ਼ ਕੱਪੜਾ ਵਿਛਾ ਕੇ ਮਿਲਾ ਲਵੋ ਤੇ ਇਸ ਨੂੰ ਚਾਰ ਹਿੱਸਿਆਂ 'ਚ ਵੰਡ ਲਵੋ। ਢੇਰੀ ਦੇ ਆਹਮੋ-ਸਾਹਮਣੇ ਵਾਲੇ ਦੋ ਹਿੱਸਿਆਂ ਨੂੰ ਫਿਰ ਮਿਲਾ ਕੇ ਨਵੀਂ ਢੇਰੀ ਬਣਾ ਲੈਣੀ ਚਾਹੀਦੀ ਹੈ। ਫਿਰ ਇਸ ਢੇਰੀ ਨੂੰ ਚਾਰ ਹਿਸਿਆਂ 'ਚ ਵੰਡਣ ਉਪਰੰਤ ਆਹਮੋ-ਸਾਹਮਣੇ ਵਾਲੇ ਹਿਸਿਆਂ ਦੀ ਵੱਖਰੀ ਢੇਰੀ ਬਣਾ ਲਵੋ। ਇਸ ਤਰ੍ਹਾਂ ਕਰਦੇ ਹੋਏ ਜਦੋਂ ਅੱਧਾ ਕਿੱਲੋ ਮਿੱਟੀ ਰਹਿ ਜਾਏ ਤਾਂ ਉਸ ਨੂੰ ਸਾਫ਼ ਥੈਲੀ 'ਚ ਪਾ ਕੇ ਥੈਲੀ ਉੱਪਰ ਕਿਸਾਨ ਦਾ ਨਾਂ, ਪਤਾ, ਨਮੂਨਾ ਲੈਣ ਦੀ ਤਰੀਕ ਆਦਿ ਲਿਖ ਲਓ। ਵੱਖ-ਵੱਖ ਉਪਜਾਊ ਸ਼ਕਤੀ ਵਾਲੇ ਖੇਤਾਂ ਦੇ ਵੱਖ-ਵੱਖ ਨਮੂਨੇ ਲੈਣੇ ਚਾਹੀਦੇ ਹਨ ਤੇ 10 ਏਕੜ ਰਕਬੇ ਵਿੱਚੋਂ ਇਕ ਨਮੂਨਾ ਲਿਆ ਜਾ ਸਕਦਾ ਹੈ।

ਲੂਣੀਆਂ ਖਾਰੀਆਂ ਜਾਂ ਕੱਲਰ ਤੋਂ ਪ੍ਰਭਾਵਿਤ ਜ਼ਮੀਨਾਂ ਦੇ ਸੁਧਾਰ ਲਈ ਮਿੱਟੀ ਦਾ ਨਮੂਨਾ ਲੈਣ ਲਈ ਖੇਤ 'ਚ 3 ਫੁੱਟ ਡੂੰਘਾ ਟੋਆ ਪੁੱਟੋ ਜਿਸ ਦਾ ਇਕ ਪਾਸਾ ਸਿੱਧਾ ਅਤੇ ਦੂਜਾ ਪਾਸਾ ਤਿਰਛਾ ਹੋਏ। ਟੋਏ ਦੇ ਸਿੱਧੇ ਪਾਸੇ ਤੋਂ ਖੁਰਪੇ ਨਾਲ 0-6 ਇੰਚ, 6-12 ਇੰਚ, 12-24 ਇੰਚ ਤੇ 24 ਤੋਂ 36 ਇੰਚ ਦੀ ਡੂੰਘਾਈ 'ਤੋਂ ਇਕ-ਇਕ ਇੰਚ ਮੋਟੀ ਮਿੱਟੀ ਦੀ ਤਹਿ ਉੱਪਰੋਂ ਹੇਠਾਂ ਵੱਲ ਅਲੱਗ-ਅਲੱਗ ਕੱਟੋ। ਹਰ ਡੂੰਘਾਈ ਦੇ ਨਮੂਨੇ ਸਾਫ ਕੱਪੜੇ ਦੀ ਵੱਖਰੀ ਥੈਲੀ ਵਿਚ ਪਾ ਕੇ ਇਨ੍ਹਾਂ ਥੈਲੀਆਂ ਉਪਰ ਨਮੂਨੇ ਦੀ ਡੂੰਘਾਈ, ਕਿਸਾਨ ਦਾ ਨਾਂ, ਪਤਾ, ਨਮੂਨਾ ਲੈਣ ਦੀ ਤਰੀਕ ਆਦਿ ਲਿਖੋ। ਹਰ ਨਮੂਨੇ ਦੀ ਮਿੱਟੀ ਅੱਧਾ ਕਿੱਲੋ ਹੋਣੀ ਚਾਹੀਦੀ ਹੈ। ਜੇ ਨਮੂਨੇ ਲੈਣ ਵਾਲੀ ਡੂੰਘਾਈ ਵਿਚ ਕੰਕਰ ਜਾਂ ਰੋੜੀ ਆਦਿ ਆ ਜਾਏ ਤਾਂ ਉਸ ਦੀ ਡੂੰਘਾਈ ਤੇ ਮੋਟਾਈ ਨੋਟ ਕਰ ਕੇ ਵੱਖਰਾ ਨਮੂਨਾ ਲਵੋ। ਮਿੱਟੀ ਦੀ ਪਰਖ ਵਾਸਤੇ ਲਏ ਗਏ ਨਮੂਨੇ ਨੂੰ ਸਿਰਫ ਛਾਵੇਂ ਹੀ ਸੁਕਾਉਣਾ ਚਾਹੀਦਾ ਹੈ।

ਸੁਕਾਉਣ ਵੇਲੇ ਇਸ ਗੱਲ ਦਾ ਧਿਆਨ ਰੱਖੋ ਕਿ ਮਿੱਟੀ ਵਿਚ ਖਾਦ ਜਾਂ ਹੋਰ ਅਜਿਹਾ ਪਦਾਰਥ ਨਾ ਰਲੇ। ਥੈਲੀਆਂ, ਕੱਪੜਾ, ਬਾਲਟੀ, ਰੰਬੇ ਆਦਿ ਨੂੰ ਖਾਦ ਜਾਂ ਦਵਾਈ ਨਾ ਲੱਗੀ ਹੋਏ ਤੇ ਨਾ ਹੀ ਖੇਤ ਵਿਚ ਉਸ ਮੌਕੇ ਖਾਦ ਪਾਈ ਗਈ ਹੋਏ। ਰੂੜੀ ਦੇ ਢੇਰ, ਵਾੜ, ਰਸਤੇ ਅਤੇ ਪਾਣੀ ਵਾਲੀ ਖਾਲ ਦੇ ਨੇੜਿਓਂ ਨਮੂਨਾ ਨਾ ਲਿਆ ਜਾਏ। ਜੇ ਨਮੂਨਾ ਲੈਣ ਵੇਲੇ ਖੇਤ 'ਚ ਫ਼ਸਲ ਖੜ੍ਹੀ ਹੋਏ ਤਾਂ ਫਸਲ ਦੀਆਂ ਕਤਾਰਾਂ ਵਿੱਚੋਂ ਮਿੱਟੀ ਦਾ ਨਮੂਨਾ ਲਿਆ ਜਾਵੇ। •

## ਕੰਬਾਈਨ ਨਾਲ ਕਣਕ ਦੀ ਸੁਚੱਜੀ ਕਟਾਈ

• ਬਲਦੇਵ ਡੋਗਰਾ, ਮਹੇਸ਼ ਕੁਮਾਰ ਨਾਰੰਗ

*ਕੰਬਾਈਨ ਨਾਲ ਕਟਾਈ ਕਰਦੇ ਸਮੇਂ ਸਭ ਤੋਂ ਵੱਧ ਨੁਕਸਾਨ ਪਛੇਤੀ ਕਣਕ ਦਾ ਹੁੰਦਾ ਹੈ। ਕਟਾਈ 10 ਤੋਂ12 ਫ਼ੀਸਦੀ ਨਮੀ ਰਹਿਣ 'ਤੇ ਹੀ ਕਰਨੀ ਚਾਹੀਦੀ ਹੈ। ਨਮੀ ਦੀ ਜ਼ਿਆਦਾ ਮਾਤਰਾ ਕਾਰਨ ਦਾਣਿਆਂ ਦੀ ਟੁੱਟ-ਭੱਜ ਵਧ ਜਾਂਦੀ ਹੈ ਅਤੇ ਘੱਟ ਨਮੀ ਹੋਣ 'ਤੇ ਦਾਣੇ ਖੇਤ ਵਿਚ ਕਿਰਨੇ ਸ਼ੁਰੂ ਹੋ ਜਾਂਦੇ ਹਨ...*

ਪੰਜਾਬ ਵਿਚ ਕਣਕ ਦੀ 75 ਫ਼ੀਸਦੀ ਕਟਾਈ ਕੰਬਾਈਨ ਨਾਲ ਕੀਤੀ ਜਾਂਦੀ ਹੈ। ਬਾਕੀ ਫ਼ਸਲ ਰੀਪਰ ਨਾਲ ਜਾਂ ਹੱਥੀਂ ਕੱਟੀ ਜਾਂਦੀ ਹੈ। ਕੰਬਾਈਨ ਨਾਲ ਕਟਾਈ ਆਮ ਤੌਰ 'ਤੇ ਕਿਰਾਏ 'ਤੇ ਕਰਵਾਈ ਜਾਂਦੀ ਹੈ। ਕੰਬਾਈਨ ਆਪ੍ਰੇਟਰ ਕੰਮ ਨੂੰ ਜਲਦੀ ਮੁਕਾਉਣਾ ਚਾਹੁੰਦੇ ਹਨ ਤੇ ਇਸ ਜ਼ਲਦਬਾਜ਼ੀ 'ਚ ਕਿਸਾਨ ਦਾ ਕੁਝ ਨੁਕਸਾਨ ਹੋ ਜਾਂਦਾ ਹੈ। ਇਸ ਨੁਕਸਾਨ ਬਾਰੇ ਜੇ ਕੰਬਾਈਨ ਚਾਲਕ ਨੂੰ ਸੁਚੇਤ ਕੀਤਾ ਜਾਵੇ ਤਾਂ ਇਸ ਨੁਕਸਾਨ ਨੂੰ ਕਾਫੀ ਘੱਟ ਕੀਤਾ ਜਾ ਸਕਦਾ ਹੈ। ਸਭ ਤੋਂ ਵੱਧ ਨੁਕਸਾਨ ਪਛੇਤੀ ਕਟਾਈ ਵਾਲੀ ਕਣਕ ਦਾ ਹੁੰਦਾ ਹੈ। ਕਟਾਈ 10-12 ਫ਼ੀਸਦੀ ਨਮੀ ਰਹਿਣ 'ਤੇ ਕਰਨੀ ਚਾਹੀਦੀ ਹੈ। ਜੇ ਨਮੀ ਇਸ ਤੋਂ ਘੱਟ ਹੋਵੇ ਤਾਂ ਰੀਲ੍ਹ ਜਾਂ ਫਿਰਕੀ ਨਾਲ ਹੋਣ ਵਾਲਾ ਨੁਕਸਾਨ ਵਧ ਜਾਂਦਾ ਹੈ।

### ਘੱਟ ਨਮੀ ਕਾਰਨ ਹੋਣ ਵਾਲਾ ਨੁਕਸਾਨ

ਜਿਵੇਂ-ਜਿਵੇਂ ਫ਼ਸਲ ਦੀ ਨਮੀ ਘਟਦੀ ਹੈ, ਖੇਤ 'ਚ ਦਾਣੇ ਕਿਰਨੇ ਸ਼ੁਰੂ ਹੋ ਜਾਂਦੇ ਹਨ। ਕਟਾਈ ਦੇ ਲੇਟ ਹੋਣ ਕਾਰਨ ਫਿਰਕੀ ਨਾਲ ਹੋਣ ਵਾਲਾ ਨੁਕਸਾਨ ਵਧ ਜਾਂਦਾ ਹੈ।

### ਫਿਰਕੀ ਨਾਲ ਹੋਣ ਵਾਲਾ ਨੁਕਸਾਨ

ਕੰਬਾਈਨ ਵਿਚ ਫ਼ਸਲ ਨੂੰ ਕੰਬਾਈਨ ਵੱਲ ਧੱਕਣ ਵਾਸਤੇ ਇਕ ਫਿਰਕੀ ਲੱਗੀ ਹੁੰਦੀ ਹੈ। ਇਸ ਦੀ ਉਚਾਈ ਤੇ ਚਾਲ ਫ਼ਸਲ ਦੇ ਅਨੁਸਾਰ ਸੈੱਟ ਕਰ ਲੈਣੀ ਚਾਹੀਦੀ ਹੈ। ਜੇ ਨਮੀ ਘੱਟ ਹੋਵੇ ਤਾਂ ਫਿਰਕੀ ਨਾਲ ਵੀ ਕੁਝ ਦਾਣੇ ਖੇਤ 'ਚ ਡਿੱਗ ਪੈਂਦੇ ਹਨ। ਇਸ ਲਈ ਫਿਰਕੀ ਦੀ ਸੈਟਿੰਗ ਤੇ ਫ਼ਸਲ ਦੀ ਨਮੀ ਦਾ ਸਹੀ ਹਿਸਾਬ ਰੱਖਣਾ ਬਹੁਤ ਜ਼ਰੂਰੀ ਹੈ।

### ਗਹਾਈ ਨਾਲ ਹੋਣ ਵਾਲਾ ਨੁਕਸਾਨ

ਜਦੋਂ ਕੰਬਾਈਨ ਨਾਲ ਕਟਾਈ ਕੀਤੀ ਜਾਂਦੀ ਹੈ ਤਾਂ ਕੁਝ ਮਲਬਾ ਉਸ ਦੇ ਪਿੱਛੇ ਡਿੱਗਦਾ ਹੈ। ਕਈ ਵਾਰ ਇਸ ਵਿਚ ਵੀ ਦਾਣੇ ਅਤੇ ਸਿੱਟੇ ਰਹਿ ਜਾਂਦੇ ਹਨ।

#### ਦਾਣਿਆਂ ਦੀ ਟੁੱਟ-ਭੱਜ

ਜੇ ਕੰਬਾਈਨ ਦੇ ਗਹਾਈ ਥਰੈਸਰ ਦੀ ਰਫ਼ਤਾਰ ਜਾਂ ਸਿਲੰਡਰ ਤੇ ਕਨਕੇਵ ਬੈਲਟ ਦਰਮਿਆਨ ਵਿੱਥ ਸਹੀ ਨਾ ਹੋਵੇ ਤਦ ਵੀ ਕੰਬਾਈਨ ਵਿਚ ਦਾਣਿਆਂ ਦੀ ਟੁੱਟ-ਭੱਜ ਵਧ ਜਾਂਦੀ ਹੈ।



### ਨੁਕਸਾਨ ਦਾ ਅੰਦਾਜ਼ਾ ਲਗਾਉਣਾ

ਕੰਬਾਈਨ ਨਾਲ ਕਟਾਈ ਤੋਂ ਪਹਿਲਾਂ ਕਿਰੇ ਹੋਏ ਦਾਣਿਆਂ ਦਾ ਹਿਸਾਬ ਜਾਂਚਣਾ ਚਾਹੀਦਾ ਹੈ। ਇਸ ਵਾਸਤੇ ਇਕ ਵਰਗ ਮੀਟਰ ਖੇਤ ਦੀ ਕਣਕ ਦਾਤਰੀ ਨਾਲ ਕੱਟ ਲਵੋ। ਇਸ ਜਗ੍ਹਾ ਤੋਂ ਕਿਰੇ ਹੋਏ ਦਾਣਿਆਂ ਨੂੰ ਇਕੱਠੇ ਕਰੋ। ਇਸ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿੰਨੇ ਦਾਣੇ ਕੰਬਾਈਨ ਚੱਲਣ ਤੋਂ ਪਹਿਲਾਂ ਹੀ ਖੇਤ ਵਿਚ ਡਿੱਗੇ ਹੋਏ ਹਨ। ਜੇ ਦਾਣਿਆਂ ਦੀ ਗਿਣਤੀ ਪ੍ਰਤੀ ਵਰਗ ਮੀਟਰ 100 ਹੋਵੇ ਤਾਂ ਕਹਿ ਸਕਦੇ ਹਾਂ ਕਿ ਲਗਪਗ ਇਕ ਫ਼ੀਸਦੀ ਝਾੜ ਦਾ ਨੁਕਸਾਨ ਹੈ। ਇਸੇ ਤਰ੍ਹਾਂ ਕੰਬਾਈਨ ਚੱਲਣ ਉਪਰੰਤ 4-5 ਥਾਵਾਂ ਤੋਂ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਕਿਰੇ ਹੋਏ ਦਾਣੇ ਤੇ ਸਿੱਟੇ ਇਕੱਠੇ ਕਰ ਸਕਦੇ ਹਾਂ। ਸਿੱਟਿਆ ਤੋਂ ਦਾਣੇ ਭੋਰ ਕੇ ਅੰਦਾਜ਼ਾ ਲੱਗ ਸਕਦਾ ਹੈ ਕਿ ਕੰਬਾਈਨ ਨਾਲ ਅਣਗਾਹੇ ਦਾਣੇ ਤਾਂ ਨਹੀਂ ਡਿੱਗ ਰਹੇ। ਇਸ ਤਰ੍ਹਾਂ ਔਸਤ ਪ੍ਰਤੀ ਵਰਗ ਮੀਟਰ ਜਿੰਨੇ ਦਾਣੇ ਕੰਬਾਈਨ ਦੇ ਪਿੱਛੇ ਡਿਗ ਜਾਂਦੇ ਹਨ, ਇਨ੍ਹਾਂ ਦਾਣਿਆਂ ਤੋਂ ਨੁਕਸਾਨ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜੇ ਦਾਣੇ ਕੰਬਾਈਨ ਦੇ ਪਿੱਛੇ ਡਿੱਗੇ ਮਲਬੇ 'ਚੋਂ ਚੁਗੇ ਗਏ ਹਨ ਤਾਂ ਇਨ੍ਹਾਂ ਨੂੰ ਕਟਰ-ਬਾਰ ਦੀ ਮੀਟਰਾਂ ਵਿਚਲੀ ਚੌੜਾਈ ਨਾਲ ਤਕਸੀਮ ਕਰੋ।

ਦਾਣਿਆਂ ਦੀ ਟੁੱਟ-ਭੱਜ ਦੀ ਜਾਂਚ ਵਾਸਤੇ ਸਾਨੂੰ ਟਰਾਲੀ ਜਾਂ ਕੰਬਾਈਨ ਦੇ ਟੈਂਕ ਵਿੱਚੋਂ 100 ਗ੍ਰਾਮ ਦਾਣੇ ਲਵੋ। ਇਨ੍ਹਾਂ 'ਚੋਂ ਤੂੜੀ ਤੇ ਟੁੱਟੇ ਦਾਣੇ ਅੱਡ-ਅੱਡ ਕਰ ਲਵੋ। ਇਸ ਤਰੀਕੇ ਨਾਲ ਅਸੀਂ ਦਾਣਿਆਂ ਦੀ ਸਫ਼ਾਈ ਤੇ ਟੁੱਟੇ ਹੋਏ ਦਾਣਿਆਂ ਦਾ ਹਿਸਾਬ ਲਗਾ ਸਕਦੇ ਹਾਂ। ਜੇ ਨੁਕਸਾਨ 4 ਫ਼ੀਸਦੀ ਤੋਂ ਵੱਧ ਹੋਵੇ ਤਾਂ ਕੰਬਾਈਨ ਚਾਲਕ ਨੂੰ ਜਾਣੂ ਕਰਵਾ ਕੇ ਦਾਣਿਆਂ ਦੇ ਨੁਕਸਾਨ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਜਾਵੇ। •

### ਕੰਬਾਈਨ ਚਲਾਉਣ ਸਮੇਂ ਜ਼ਰੂਰੀ ਸਾਵਧਾਨੀਆਂ

- ਕੰਬਾਈਨ ਚਲਾਉਂਦੇ ਸਮੇਂ ਨਸ਼ੇ ਦੀ ਵਰਤੋਂ ਨਾ ਕਰੋ।
- ਕੰਬਾਈਨ ਚਾਲਕ ਨੂੰ ਢਿੱਲੇ ਕਪੜੇ ਨਹੀ ਪਾਉਣੇ ਚਾਹੀਦੇ।
- ਚੱਲਦੇ ਪਟੇ ਜਾਂ ਬੈਲਟ ਉੱਪਰੋਂ ਨਾ ਲੰਘੋ।
- ਚੱਲਦੀ ਕੰਬਾਈਨ 'ਤੇ ਚੜ੍ਹਨਾ ਜਾਂ ਉਤਰਨਾ ਨਹੀਂ ਚਾਹੀਦਾ।
- ਕੰਬਾਈਨ ਉੱਪਰ ਸੁੱਰਖਿਅਤ ਸੀਲਡਾਂ ਜ਼ਰੂਰ ਲੱਗੀਆਂ ਹੋਣ।
- ਖੇਤ 'ਚ ਲਟਕਦੀਆਂ ਬਿਜਲੀ ਦੀਆਂ ਤਾਰਾਂ ਦਾ ਧਿਆਨ ਰੱਖੋ।
- ਗਿੱਲੀ ਜਾਂ ਜ਼ਿਆਦਾ ਨਮੀ ਵਾਲੀ ਫ਼ਸਲ ਦੀ ਕਟਾਈ ਕੰਬਾਈਨ ਨਾਲ ਕਰਦੇ ਸਮੇਂ ਅੱਗ ਲੱਗ ਸਕਦੀ ਹੈ।

### ਕਿਵੇਂ ਘਟਾਇਆ ਜਾਵੇ ਦਾਣਿਆਂ ਦਾ ਨੁਕਸਾਨ?

- ਦਾਣਿਆਂ ਦਾ ਨੁਕਸਾਨ ਘੱਟ ਕਰਨ ਲਈ ਕੰਬਾਈਨ ਦੇ ਨੁਕਸ ਸੈਟਿੰਗ ਰਾਹੀਂ ਦੂਰ ਕੀਤੇ ਜਾਣ।
- ਮਸ਼ੀਨ ਨੂੰ ਮਿੱਥੀ ਹੋਈ ਰਫ਼ਤਾਰ 'ਤੇ ਚਲਾਓ।
- ਡਿੱਗੀ ਹੋਈ ਫ਼ਸਲ ਨੂੰ ਚੁੱਕਣ ਵਾਸਤੇ ਕੰਬਾਈਨ ਨੂੰ ਫ਼ਸਲ ਡਿੱਗਣ ਦੀ ਉਲਟ ਦਿਸ਼ਾ 'ਚ ਚਲਾਓ।
- ਜੇ ਫ਼ਸਲ ਦੀ ਨਮੀ 12 ਫ਼ੀਸਦੀ ਤੋਂ ਵੱਧ ਹੋਵੇ ਤਾਂ ਵਾਢੀ ਨਾ ਕਰੋ।
- ਕਟਰ-ਬਾਰ ਦੇ ਖੁੰਢੇ ਹੋ ਚੁੱਕੇ ਬਲੇਡ ਬਦਲੋ।
- ਜੇ ਕੰਬਾਈਨ ਦੇ ਪਿੱਛੇ ਦਾਣਿਆਂ ਦਾ ਨੁਕਸਾਨ ਇਕ ਫ਼ੀਸਦੀ ਤੋਂ ਵੱਧ ਹੈ ਤਾਂ ਪੱਖੇ ਦੀ ਹਵਾ ਨੂੰ ਘਟਾਓ। ਜੇ ਫਿਰ ਵੀ ਫ਼ਰਕ ਨਾ ਪਵੇ ਤਾਂ ਸਫ਼ਾਈ ਵਾਲੀ ਜਾਲੀ ਦੀ ਵਿੱਥ ਨੂੰ ਵਧਾਓ।
- ਜੇ ਦਾਣਿਆਂ ਵਾਲੇ ਟੈਂਕ 'ਚ ਦਾਣਿਆਂ ਦੀ ਟੁੱਟ ਜ਼ਿਆਦਾ ਹੈ ਤਾਂ ਸਿਲੰਡਰ ਤੇ ਕਨਕੇਵ 'ਚ ਵਿੱਥ ਵਧਾਓ।
- ਜੇ ਅਣਗਾਹੇ ਦਾਣੇ ਇਕ ਫ਼ੀਸਦੀ ਤੋਂ ਵੱਧ ਹਨ ਤਾਂ ਸਿਲੰਡਰ ਤੇ ਕਨਕੇਵ ਵਿਚ ਵਿੱਥ ਘਟਾ ਦਿਓ।
- ਜੇ ਕੰਬਾਈਨ ਓਵਰਲੋਡ ਹੋ ਰਹੀ ਹੈ ਤਾਂ ਰਫ਼ਤਾਰ ਨੂੰ ਘਟਾਓ ਜਾਂ ਫ਼ਸਲ ਨੂੰ ਉੱਚੀ ਵੱਢੋ।
- ਟਾਇਰਾਂ 'ਚ ਮਿੱਥੇ ਹੋਏ ਅੰਕੜੇ ਮੁਤਾਬਕ ਹੀ ਹਵਾ ਭਰੋ।



## ਹਰੇ ਚਾਰੇ ਤੇ ਸਾਈਲੇਜ਼ ਲਈ ਢੁੱਕਵੀਂ ਮੱਕੀ ਦੀ ਜੇ-1006 ਕਿਸਮ

• ਦੇਵਿੰਦਰਪਾਲ ਸਿੰਘ, ਮੀਨਾਕਸ਼ੀ ਗੋਇਲ

ਹਰਾ ਚਾਰਾ ਪਸ਼ੂਆਂ ਲਈ ਖ਼ੁਰਾਕੀ ਤੱਤਾਂ ਦਾ ਮੁੱਖ ਸੋਮਾ ਹੈ। ਇਹ ਵੰਡ-ਦਾਣੇ ਨਾਲੋਂ ਪਸ਼ੂਆਂ ਨੂੰ ਛੇਤੀ ਹਜ਼ਮ ਹੁੰਦਾ ਹੈ। ਚਾਰੇ ਵਿਚਲੇ ਖ਼ੁਰਾਕੀ ਤੱਤ ਵੰਡ-ਦਾਣੇ ਵਿਚਲੇ ਤੱਤਾਂ ਨਾਲੋਂ ਸਸਤੇ ਹੋਣ ਕਾਰਨ ਦੁੱਧ ਉਤਪਾਦਨ ਦਾ ਖ਼ਰਚਾ ਵੀ ਘਟਾਉਂਦੇ ਹਨ।

### ਬਿਹਤਰੀਨ ਹੈ ਮੱਕੀ ਦਾ ਚਾਰਾ

ਪਸ਼ੂਆਂ ਦੀ ਸਿਹਤ ਨੂੰ ਠੀਕ ਰੱਖਣ, ਵਧੇਰੇ ਤੇ ਸਸਤਾ ਦੁਧ ਲੈਣ ਲਈ 40-50 ਕਿੱਲੋ ਹਰਾ ਚਾਰਾ ਪ੍ਰਤੀ ਪਸ਼ੂ ਪ੍ਰਤੀ ਦਿਨ ਦੇਣਾ ਚਾਹੀਦਾ ਹੈ। ਪੰਜਾਬ ਵਿਚ ਦੋ ਮੌਸਮ (ਫਰਵਰੀ-ਮਾਰਚ ਤੇ ਅਗਸਤ-ਸਤੰਬਰ) 'ਚ ਹਰਾ ਚਾਰਾ ਲੋੜ ਤੋਂ ਵੱਧ ਹੁੰਦਾ ਹੈ ਤੇ ਦੋ ਮੌਸਮ (ਮਈ-ਜੂਨ ਤੇ ਨਵੰਬਰ-ਦਸੰਬਰ) 'ਚ ਚਾਰੇ ਦੀ ਘਾਟ ਹੁੰਦੀ ਹੈ। ਜਦੋਂ ਚਾਰਾ ਜ਼ਿਆਦਾ ਹੋਵੇ ਤਾਂ ਉਸ ਦਾ ਆਚਾਰ (ਸਾਈਲੇਜ਼) ਬਣਾ ਕੇ ਜਾਂ ਸੁਕਾ ਕੇ (ਹੇਅ) ਸਾਂਭ ਲੈਣਾ ਚਾਹੀਦਾ ਹੈ। ਇਸ ਨੂੰ ਚਾਰੇ ਦੀ ਥੁੜ੍ਹ ਵੇਲੇ ਵਰਤਿਆ ਜਾ ਸਕਦਾ ਹੈ।

ਗਰਮੀਆਂ ਅਤੇ ਸਾਉਣੀ ਵਿਚ ਗ਼ੈਰ-ਫਲੀਦਾਰ ਚਾਰਿਆਂ ਵਿੱਚੋਂ ਮੱਕੀ ਦੇ ਚਾਰੇ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ ਕਿਉਂਕਿ ਮੱਕੀ 'ਚ ਪ੍ਰੋਟੀਨ 11.4 ਫ਼ੀਸਦੀ ਤੇ ਪਚਣਯੋਗ ਖ਼ੁਰਾਕੀ ਤੱਤ 66.2 ਫ਼ੀਸਦੀ ਹੁੰਦੇ ਹਨ। ਬਾਜਰੇ 'ਚ ਪ੍ਰੋਟੀਨ 8.8 ਤੇ ਖ਼ੁਰਾਕੀ ਤੱਤ 58.2 ਫ਼ੀਸਦੀ, ਜਵਾਰ ਵਿਚ ਪ੍ਰੋਟੀਨ 9 ਤੇ ਖ਼ੁਰਾਕੀ ਤੱਤ 55.6 ਫ਼ੀਸਦੀ, ਨੇਪੀਅਰ ਬਾਜਰੇ 'ਚ ਪ੍ਰੋਟੀਨ 8.7 ਫ਼ੀਸਦੀ ਤੇ ਖ਼ੁਰਾਕੀ ਤੱਤ 59.3 ਫ਼ੀਸਦੀ, ਗਿੰਨੀ ਘਾਹ 'ਚ ਪ੍ਰੋਟੀਨ 10.8 ਫ਼ੀਸਦੀ ਤੇ ਖ਼ੁਰਾਕੀ ਤੱਤ 62.4 ਫ਼ੀਸਦੀ ਹੁੰਦੇ ਹਨ। ਇਸ ਲਈ ਪਸ਼ੂ ਆਚਾਰ ਜਾਂ ਸਾਈਲੇਜ਼ ਬਣਾਉਣ ਲਈ ਮੱਕੀ ਬੇਹੱਦ ਢੁਕਵੀਂ ਹੈ।

### ਜੇ-1006 ਦੀ ਖ਼ਾਸੀਅਤ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਮੁਤਾਬਕ ਮੱਕੀ ਦੀ ਜੇ-1006 ਕਿਸਮ ਅਫਰੀਕਨ ਟਾਲ, ਪਾਈਨਿਅਰ (3396, 3580, 7659), ਪੀਏਸੀ 751, ਡੀਕੇਸੀ 9108 ਤੇ ਐੱਨਕੇ 6240 ਨਾਲੋਂ ਸਾਈਲੇਜ਼ ਬਣਾਉਣ ਲਈ ਬੇਹੱਦ ਢੁਕਵੀਂ ਹੈ। ਜੇ-1006 ਮੱਕੀ ਦੀ ਇਕ ਕੰਪੋਜ਼ਿਟ ਕਿਸਮ ਹੈ। ਇਸ ਦਾ ਬੀਜ ਕਿਸਾਨ ਆਪ ਤਿਆਰ ਕਰ ਸਕਦੇ ਹਨ। ਇਸ ਕਿਸਮ ਦੇ ਪੌਦੇ ਦੋਗਲੀਆਂ ਕਿਸਮਾਂ ਤੋਂ ਜ਼ਿਆਦਾ ਲੰਬੇ ਹੁੰਦੇ ਹਨ। ਇਸ ਕਿਸਮ ਝੁਲਸ ਰੋਗ ਤੇ ਭੂਰੀਆਂ ਧਾਰੀਆਂ ਦੇ ਰੋਗ ਨੂੰ ਕਾਫੀ ਹੱਦ ਤਕ ਝੱਲ ਲੈਂਦੀ ਹੈ। ਛੱਲੀਆਂ ਦਰਮਿਆਨੀਆਂ ਉੱਚੀਆਂ ਲਗਦੀਆਂ ਹਨ। ਦਾਣੇ ਮੋਟੇ ਤੇ ਚਿਟੇ ਰੰਗ ਦੇ ਹੁੰਦੇ ਹਨ ਤੇ ਇਕ ਏਕੜ 'ਚੋਂ ਔਸਤ 165 ਕੁਇੰਟਲ ਹਰਾ ਚਾਰਾ ਮਿਲ ਜਾਂਦਾ ਹੈ।

### ਬਿਜਾਈ

ਮੱਕੀ ਦੀ ਜੇ-1006 ਕਿਸਮ ਦੇ 30 ਕਿੱਲੋ ਬੀਜ ਨੂੰ 30 ਸੈਂਟੀਮੀਟਰ ਦੀਆਂ ਕਤਾਰਾ ਵਿਚ ਬੀਜੋ। ਬਿਜਾਈ ਮਾਰਚ ਦੇ ਪਹਿਲੇ ਹਫ਼ਤੇ ਤੋਂ ਲੈ ਕੇ ਅੱਧ ਸਤੰਬਰ ਤਕ ਕੀਤੀ ਜਾ ਸਕਦੀ ਹੈ। ਬਿਜਾਈ ਖਾਦ-ਬੀਜ ਡਰਿਲ ਨਾਲ ਵੀ ਕੀਤੀ ਜਾ ਸਕਦੀ ਹੈ। ਬੀਜ ਨੂੰ ਬਾਵਿਸਟਨ/ਡੈਰੋਸਲ/ਐਗਰੋਜ਼ਿਮ 50 ਡਬਲਯੂਪੀ (ਕਾਰਬੈਂਡਾਜ਼ਿਮ) ਦਵਾਈ ਨਾਲ ਬਿਜਾਈ ਤੋਂ ਪਹਿਲਾਂ ਸੋਧ ਲਵੋ

### ਖਾਦਾਂ ਤੇ ਨਦੀਨ ਨਾਸ਼ਕ

ਖੇਤ ਤਿਆਰ ਕਰਦੇ ਸਮੇਂ 10 ਟਨ ਰੂੜੀ ਪਾ ਲਈ ਜਾਵੇ ਤਾਂ ਮੱਕੀ ਨੂੰ ਜ਼ਿੰਕ, ਫਾਸਫੋਰਸ ਤੇ ਪੋਟਾਸ਼ ਤੱਤ ਪਾਉਣ ਦੀ ਲੋੜ ਨਹੀਂ। ਨਾਈਟਰੋਜਨ ਤੱਤ ਦਾ ਇਕ ਤਿਹਾਈ ਹਿੱਸਾ ਵੀ ਘੱਟ ਪਾਓ। ਦਰਮਿਆਨੀਆਂ ਜ਼ਮੀਨਾਂ 'ਚ ਬਿਜਾਈ ਸਮੇਂ 40 ਕਿੱਲੋ ਯੂਰੀਆ, 55 ਕਿੱਲੋ ਡੀਏਪੀ, 20 ਕਿੱਲੋ ਪੋਟਾਸ਼ ਪਾਓ ਤੇ 40 ਕਿੱਲੋ ਯੂਰੀਆ ਬਿਜਾਈ ਤੋਂ ਇਕ ਮਹੀਨੇ ਬਾਅਦ ਪਾਓ। ਨਦੀਨਾਂ ਦੀ ਰੋਕਥਾਮ ਲਈ 500 ਗ੍ਰਾਮ ਐਟਰਾਜ਼ੀਨ ਹਲਕੀਆਂ ਜ਼ਮੀਨਾਂ 'ਚ ਤੇ 800 ਗ੍ਰਾਮ ਮਾਤਰਾ ਭਾਰੀਆਂ ਜ਼ਮੀਨਾਂ ਵਿਚ 200 ਲਿਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ ਇਕ-ਦੋ ਦਿਨ ਬਾਅਦ ਸਪਰੇਅ ਕਰੋ।

### ਪੌਦ-ਸੁਰੱਖਿਆ

ਮੱਕੀ ਦਾ ਗੜੂਆਂ ਮਾਰਚ ਤੋਂ ਅਕਤੂਬਰ ਤਕ ਬਹੁਤ ਨੁਕਸਾਨ ਕਰਦਾ ਹੈ। ਇਸ ਕੀੜੇ ਦੀਆਂ ਸੁੰਡੀਆਂ ਗੋਭ ਰਾਹੀਂ ਤਣੇ 'ਚ ਮੋਰੀਆਂ ਕਰ ਦਿੰਦੀਆਂ ਹਨ। ਗੋਭ ਦਾ ਵਿਚਕਾਰਲਾ ਪੱਤਾ ਛਾਨਣੀ ਹੋ ਜਾਂਦਾ ਹੈ। ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਫ਼ਸਲ ਬੀਜਣ ਤੋਂ 2-3 ਹਫ਼ਤੇ ਬਾਅਦ ਜਾਂ ਜਦੋਂ ਗੜੂਏ ਦਾ ਹਮਲਾ ਨਜ਼ਰ ਆਵੇ ਤਾਂ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦੇਵੋ। ਮੱਕੀ ਦੀ ਚਾਰੇ ਵਾਲੀ ਫ਼ਸਲ 'ਤੇ ਉਹ ਕੀਟਨਾਸ਼ਕ ਨਾ ਵਰਤੋ ਜੋ ਮੱਕੀ ਦੀ ਦਾਣਿਆਂ ਵਾਲੀ ਫ਼ਸਲ ਲਈ ਸਿਫਾਰਸ਼ ਕੀਤੇ ਗਏ ਹਨ। ਤੇਲੇ ਅਤੇ ਘੋੜੇ ਆਦਿ ਦੀ ਰੋਕਥਾਮ ਲਈ 250 ਤੋਂ 400 ਮਿਲੀਲਿਟਰ ਮੈਲਾਥਿਅਨ 50 ਈਸੀ ਪ੍ਰਤੀ ਏਕੜ ਛਿੜਕੋ। ਵਾਲਾਂ ਵਾਲੀ ਸੁੰਡੀ ਦੀ ਰੋਕਥਾਮ ਲਈ 15 ਕਿੱਲੋ ਮੈਲਾਥਿਅਨ 5 ਫ਼ੀਸਦੀ ਪ੍ਰਤੀ ਏਕੜ ਦੇ ਹਿਸਾਬ ਨਾਲ ਧੂੜਾ ਦੇਵੋ। ਮੈਲਾਥਿਆਨ ਦੇ ਛਿੜਕਾਅ ਤੋਂ 14 ਦਿਨ ਤਕ ਫ਼ਸਲ ਨੂੰ ਚਾਰੇ ਲਈ ਨਾ ਵਰਤੋ।

*ਪਸ਼ੂਆਂ ਦੀ ਸਿਹਤ ਨੂੰ ਠੀਕ ਰਖਣ, ਉਨ੍ਹਾਂ ਤੋਂ ਵਧੇਰੇ ਅਤੇ ਸਸਤਾ ਦੁਧ ਲੈਣ ਲਈ 40-50 ਕਿੱਲੋ ਹਰਾ ਚਾਰਾ ਪ੍ਰਤੀ ਪਸ਼ੂ ਪ੍ਰਤੀ ਦਿਨ ਦੇਣਾ ਚਾਹੀਦਾ ਹੈ...*

### ਕਟਾਈ

ਕਟਾਈ ਦਾ ਹਰੇ ਚਾਰੇ ਤੇ ਉਸ ਦੀ ਪੌਸ਼ਟਿਕਤਾ 'ਤੇ ਬਹੁਤ ਅਸਰ ਪੈਂਦਾ ਹੈ। ਅਗੇਤੀ ਕਟਾਈ ਨਾਲ ਹਰੇ ਚਾਰੇ ਦਾ ਝਾੜ ਘੱਟ ਹੁੰਦਾ ਹੈ ਤੇ ਪਛੇਤੀ ਕਟਾਈ ਨਾਲ ਚਾਰੇ ਵਿਚ ਰੇਸ਼ੇ ਦੀ ਮਾਤਰਾ ਵਧ ਜਾਂਦੀ ਹੈ। ਜਿਸ ਨਾਲ ਚਾਰੇ ਦੀ ਪਚਣਸ਼ਕਤੀ ਬਹੁਤ ਘਟ ਜਾਂਦੀ ਹੈ। ਇਸ ਲਈ ਜਦੋਂ ਫ਼ਸਲ ਦੋਧੇ ਦੀ ਅਵਸਥਾ 'ਤੇ ਹੋਵੇ ਅਤੇ ਦਾਣੇ ਨਰਮ ਹੋਣ ਤਾਂ ਕਟਾਈ ਕਰੋ। ਇਸ ਵੇਲੇ ਦਾਣੇ ਅਤੇ ਟਾਂਡਾ ਨਰਮ ਹੁੰਦੇ ਹਨ ਤੇ ਪਸ਼ੂ ਆਸਾਨੀ ਨਾਲ ਇਸ ਨੂੰ ਹਜ਼ਮ ਕਰ ਸਕਦੇ ਹਨ। ਵਾਧੂ ਚਾਰੇ ਦਾ ਆਚਾਰ ਬਣਾ ਕੇ ਰੱਖਿਆ ਜਾ ਸਕਦਾ ਹੈ।

### ਅਚਾਰ ਬਣਾਉਣ ਦਾ ਢੰਗ

ਮੱਕੀ ਦੀ ਦੋਧੇ 'ਤੇ ਆਈ ਫ਼ਸਲ ਵਿਚ ਸੁੱਕੇ ਮਾਦੇ ਦੀ ਮਾਤਰਾ ਲਗਪਗ 35 ਫ਼ੀਸਦੀ ਹੁੰਦੀ ਹੈ। ਜੇ ਪਾਣੀ ਦੀ ਮਾਤਰਾ ਜ਼ਿਆਦਾ ਹੋਵੇ ਤਾਂ ਇਕ-ਦੋ ਦਿਨ ਫ਼ਸਲ ਨੂੰ ਸੁਕਾ ਲੈਣਾ ਚਾਹੀਦਾ ਹੈ। ਫ਼ਸਲ ਦਾ 1-2 ਇੰਚ ਲੰਬਾ ਕੁਤਰਾ ਕਰੋ ਤੇ ਟੋਏ ਵਿਚ ਕਰੀਬ ਇਕ ਫੁਟ ਦੀ ਤਹਿ ਪਾ ਕੇ ਦਬਾਓ ਤਾਂ ਜੋ ਚਾਰੇ ਵਿਚਲੀ ਸਾਰੀ ਹਵਾ (ਖ਼ਾਸ ਕਰਕੇ ਆਕਸੀਜਨ) ਨਿਕਲ ਜਾਵੇ ਤੇ ਆਚਾਰ ਗਲਣ ਤੋਂ ਬਚ ਜਾਵੇ। ਇਸ ਤਰ੍ਹਾਂ ਟੋਏ ਨੂੰ ਜ਼ਮੀਨ ਦੇ ਪੱਧਰ ਤੋਂ ਇਕ ਮੀਟਰ ਉੱਪਰ ਤਕ ਭਰ ਦੇਵੋ। ਭਰੇ ਹੋਏ ਟੋਏ ਨੂੰ ਤਰਪਾਲ, ਪਲਾਸਟਿਕ ਜਾਂ ਤੂੜੀ/ਪਰਾਲੀ ਨਾਲ ਢਕ ਕੇ ਉੱਪਰ ਮਿੱਟੀ ਪਾ ਦਿਓ ਤਾਂ ਜੋ ਮੀਂਹ ਦਾ ਪਾਣੀ ਤੇ ਹਵਾ ਟੋਏ ਵਿਚ ਨਾ ਜਾਣ। ਡੇਢ ਮਹੀਨੇ ਬਾਅਦ ਆਚਾਰ ਬਣ ਕੇ ਤਿਆਰ ਹੋ ਜਾਵੇਗਾ। ਵਧੀਆ ਆਚਾਰ ਦੀ ਪਛਾਣ ਇਹ ਹੈ ਕਿ ਇਸ ਦੀ ਮਹਿਕ ਸਿਰਕੇ ਵਰਗੀ ਹੋਵੇਗੀ, ਰੰਗ ਹਲਕਾ ਹਰਾ-ਪੀਲਾ, ਤੇਜ਼ਾਬੀਪਣ 4.2 ਅਤੇ ਇਹ ਉੱਲੀ ਰਹਿਤ ਹੋਣਾ ਚਾਹੀਦਾ ਹੈ। ਇਕ ਪਸ਼ੂ ਨੂੰ 20-25 ਕਿੱਲੋ ਆਚਾਰ ਪ੍ਰਤੀ ਦਿਨ ਫਲੀਦਾਰ ਚਾਰੇ ਨਾਲ ਦੇਣ ਨਾਲ ਵੰਡ-ਦਾਣੇ ਦੀ ਮਾਤਰਾ ਘੱਟ ਕੀਤੀ ਜਾ ਸਕਦੀ ਹੈ ਤੇ ਇਸ ਨਾਲ ਪਸ਼ੂ ਨੂੰ ਸਾਰੇ ਖ਼ੁਰਾਕੀ ਤੱਤ ਵੀ ਮਿਲਦੇ ਹਨ। •

*ਮੋਬਾਈਲ 98763-75167*

#### ਸਿੰਚਾਈ

ਗਰਮ ਰੁਤ ਦੀ ਚਾਰੇ ਦੀ ਮੱਕੀ ਨੂੰ 4-5 ਪਾਣੀਆਂ ਦੀ ਜ਼ਰੂਰਤ ਹੁੰਦੀ ਹੈ। ਸਾਉਣੀ ਦੀ ਰੁੱਤੇ ਪਾਣੀ ਬਰਸਾਤ ਦੇ ਹਿਸਾਬ ਨਾਲ ਲਗਾਓ। ਖੇਤ ਵਿਚ ਪਾਣੀ ਨਾ ਖੜ੍ਹਾ ਹੋਣ ਦੇਵੋ।



## ਝੋਨੇ ਤੇ ਬਾਸਮਤੀ ਦੀ ਖੇਤੀ 'ਚ ਬੀਜ-ਸੋਧ ਦੀ ਮਹੱਤਤਾ

• ਹਰਮਨਪ੍ਰੀਤ

ਪੰਜਾਬ ਅੰਦਰ ਸਾਉਣੀ ਦੀ ਮੁੱਖ ਫ਼ਸਲ ਝੋਨੇ ਤੇ ਬਾਸਮਤੀ 'ਤੇ ਹਰ ਸਾਲ ਕੁਝ ਬਿਮਾਰੀਆਂ ਤੇ ਕੀੜੇ ਵੱਡਾ ਹਮਲਾ ਕਰ ਕੇ ਇਨ੍ਹਾਂ ਫ਼ਸਲਾਂ ਦੀ ਪੈਦਾਵਾਰ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਬਿਮਾਰੀਆਂ ਤੇ ਕੀੜਿਆਂ ਦੀ ਰੋਕਥਾਮ ਲਈ ਵਰਤੀਆਂ ਜਾਂਦੀਆਂ ਦਵਾਈਆਂ ਖੇਤੀ ਖ਼ਰਚਿਆਂ 'ਚ ਵਾਧਾ ਕਰਦੀਆਂ ਤੇ ਕਈ ਮੁਸ਼ਕਿਲਾਂ ਨੂੰ ਜਨਮ ਦਿੰਦੀਆਂ ਹਨ। ਇਹ ਸਿਲਸਿਲਾ ਪਿਛਲੇ ਕਈ ਸਾਲਾਂ ਤੋਂ ਚੱਲਦਾ ਆ ਰਿਹਾ ਹੈ ਤੇ ਹਰ ਸਾਲ ਬਹੁਤ ਸਾਰੇ ਕਿਸਾਨ ਮਾਹਿਰਾਂ ਦੀਆਂ ਸਿਫਾਰਿਸ਼ਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਦਵਾਈ ਵਿਕਰੇਤਾਵਾਂ ਦੇ ਕਹਿਣ 'ਤੇ ਜ਼ਹਿਰਾਂ ਦੀ ਵਰਤੋਂ ਕਰਦੇ ਹਨ। ਮਾਹਿਰਾਂ ਅਨੁਸਾਰ ਝੋਨੇ ਤੇ ਬਾਸਮਤੀ ਦਾ ਸਭ ਤੋਂ ਵੱਧ ਨੁਕਸਾਨ ਕਰਨ ਵਾਲੀਆਂ ਬਿਮਾਰੀਆਂ ਘਟੀਆ ਬੀਜ, ਉੱਲੀ ਤੋਂ ਪ੍ਰਭਾਵਿਤ ਮਿੱਟੀ ਅਤੇ ਖਾਦਾਂ ਦੀ ਬੇਲੋੜੀ ਵਰਤੋਂ ਕਾਰਨ ਜਨਮ ਲੈਂਦੀਆਂ ਹਨ। ਇਸ ਲਈ ਕਿਸਾਨਾਂ ਨੂੰ ਝੋਨੇ/ਬਾਸਮਤੀ ਦੀ ਫ਼ਸਲ ਨੂੰ ਨਿਰੋਗ ਰੱਖਣ ਲਈ ਮਿੱਟੀ ਦੀ ਪਰਖ ਕਰਵਾ ਕੇ ਲੋੜੀਂਦੀਆਂ ਖਾਦਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਬੀਜ ਅਤੇ ਪਨੀਰੀ ਨੂੰ ਸੋਧ ਕੇ ਲਗਾਉਣ ਨਾਲ ਵੀ ਕਈ ਸਮੱਸਿਆਵਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਬੀਜ ਨੂੰ ਸੋਧਣ ਦਾ ਢੰਗ

ਝੋਨੇ ਦੇ ਬੀਜ ਦੀ ਸੋਧ ਲਈ ਬੀਜ ਨੂੰ ਪਾਣੀ 'ਚ ਪਾ ਕੇ ਚੰਗੀ ਤਰਾਂ ਹਿਲਾ ਕੇ ਪਾਣੀ ਉੱਪਰ ਤੈਰਨ ਵਾਲੇ ਹਲਕੇ ਬੀਜਾਂ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ। ਇਸ ਤੋਂ ਬਾਅਦ 8 ਕਿੱਲੋ ਬੀਜ ਨੂੰ 5 ਗ੍ਰਾਮ ਐਮੀਸਾਨ-6 ਅਤੇ ਇਕ ਗ੍ਰਾਮ ਸਟਰੈਪਟੋਸਾਈਕਲਿਨ ਦੇ 10 ਲਿਟਰ ਪਾਣੀ ਦੇ ਘੋਲ 'ਚ ਬਿਜਾਈ ਤੋਂ ਪਹਿਲਾਂ 8 ਤੋਂ 10 ਘੰਟੇ ਡੁੱਬੋ ਕੇ ਸੋਧਿਆ ਜਾ ਸਕਦਾ ਹੈ।

ਬਾਸਮਤੀ ਦੀ ਫਸਲ 'ਤੇ ਉੱਲੀ ਰੋਗਾਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਬੀਜਣ ਤੋਂ ਪਹਿਲਾਂ ਬਵਿਸਟਨ 50 ਡਬਲਯੂਪੀ 0.2 ਫ਼ੀਸਦੀ (20 ਗ੍ਰਾਮ)+ ਸਟਰੈਪਟੋਸਾਈਕਲੀਨ 0.01 ਫ਼ੀਸਦੀ (1 ਗ੍ਰਾਮ) ਨੂੰ 10 ਲਿਟਰ ਪਾਣੀ ਦੇ ਘੋਲ ਵਿਚ 12 ਘੰਟੇ ਲਈ ਡੋਬ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਪਨੀਰੀ ਨੂੰ ਖੇਤ 'ਚ ਲਗਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਬਾਵਿਸਟਨ 50 ਡਬਲਯੂਪੀ (0.02 ਫ਼ੀਸਦੀ) ਦੇ ਘੋਲ 'ਚ 6 ਘੰਟੇ ਲਈ ਡੋਬ ਕੇ ਰੱਖੋ। ਬੀਜ ਨੂੰ ਬੀਜਣ ਤੋਂ ਪਹਿਲਾਂ ਟ੍ਰਾਈਕੋਡਰਮਾ ਹਰਜੇਨੀਅਮ 15 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧਿਆ ਜਾ ਸਕਦਾ ਹੈ ਤੇ ਪਨੀਰੀ ਨੂੰ ਖੇਤ 'ਚ ਲਗਾਉਣ ਤੋਂ ਪਹਿਲਾਂ ਜੜ੍ਹਾਂ ਨੂੰ ਟ੍ਰਾਈਕੋਡਰਮਾ ਹਰਜੇਨੀਅਮ 15 ਗ੍ਰਾਮ ਪ੍ਰਤੀ ਲਿਟਰ ਪਾਣੀ ਵਿਚ 6 ਘੰਟੇ ਲਈ ਡੁਬੋ ਲੈਣਾ ਚਾਹੀਦਾ ਹੈ। •

### ਕਿਉਂ ਜ਼ਰੂਰੀ ਹੈ ਬੀਜ ਦੀ ਸੋਧ?

ਝੋਨੇ/ਬਾਸਮਤੀ ਵਿਚ ਝੁਲਸ ਰੋਗ, ਬੈਕਟੀਰੀਅਲ ਲੀਫ ਬਲਾਈਟ, ਭੂਰੇ ਧੱਬਿਆਂ ਦਾ ਰੋਗ, ਪੱਤੇ ਦਾ ਝੁਲਸ ਰੋਗ, ਤਣੇ ਦਾ ਗਲਣਾ, ਝੂਠੀ ਕਾਂਗਿਆਰੀ, ਪੈਰਾਂ ਦਾ ਗਲਣਾ (ਫੁੱਟ ਰੌਟ) ਤੇ ਬੰਟ ਸਮੇਤ ਕਈ ਬਿਮਾਰੀਆਂ ਗ਼ੈਰਮਿਆਰੀ ਬੀਜ ਅਤੇ ਮਿੱਟੀ ਤੋਂ ਜਨਮ ਲੈਂਦੀਆਂ ਹਨ। ਜੇ ਬੀਜ ਨੂੰ ਸੋਧਿਆ ਨਾ ਹੋਏ ਤਾਂ ਬੀਜ/ਮਿੱਟੀ 'ਚ ਮੌਜੂਦ ਬਿਮਾਰੀ ਫੈਲਾਉਣ ਵਾਲੀ ਉੱਲੀ ਤੇ ਜੀਵਾਣੂ ਹੌਲੀ-ਹੌਲੀ ਵਧਦੇ ਰਹਿੰਦੇ ਹਨ ਤੇ ਫ਼ਸਲ ਦਾ ਵੱਡਾ ਨੁਕਸਾਨ ਕਰਦੇ ਹਨ। ਖ਼ਾਸ ਤੌਰ 'ਤੇ ਝੁਲਸ ਰੋਗ ਤੇ ਪੈਰਾਂ ਦੇ ਗਲਣ ਵਰਗੀਆਂ ਬਿਮਾਰੀਆਂ ਫ਼ਸਲ ਦਾ ਭਾਰੀ ਨੁਕਸਾਨ ਕਰਦੀਆਂ ਹਨ, ਜਿਨ੍ਹਾਂ ਦੀ ਰੋਕਥਾਮ ਕਰਨੀ ਕਿਸਾਨਾਂ ਲਈ ਸਿਰਦਰਦੀ ਬਣ ਜਾਂਦੀ ਹੈ। ਜੇ ਬਿਜਾਈ ਤੋਂ ਪਹਿਲਾਂ ਬੀਜ ਨੂੰ ਸੋਧ ਲਿਆ ਜਾਵੇ ਤਾਂ ਬੀਜ ਅਤੇ ਮਿੱਟੀ ਤੋਂ ਫ਼ੈਲਣ ਵਾਲੀਆਂ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਆਸਾਨੀ ਨਾਲ ਹੋ ਸਕੇਗੀ।



# ਦੀਨਾਨਗਰ: ਇਤਿਹਾਸਕ ਸ਼ਾਹੀ ਬਾਰਾਂਦਰੀ ਦੀ ਭੰਨ-ਤੋੜ 'ਤੇ ਰੋਸ, ਦਿੱਲੀ ਕਮੇਟੀ ਨੇ ਪੰਥਕ ਹਿਤੈਸ਼ੀਆਂ ਦੀ ਬੁਲਾਈ ਮੀਟਿੰਗ

**ਕੌਮੀ ਪਤ੍ਰਿਕਾ**

ਦੀਨਾਨਗਰ 23 ਅਪ੍ਰੈਲ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਬੀਤੇ ਦਿਨੀਂ ਦੀਨਾਨਗਰ ਸਥਿਤ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਇਤਿਹਾਸਕ ਸ਼ਾਹੀ ਬਾਰਾਂਦਰੀ ਦੀ ਭੰਨ-ਤੋੜ ਕਰਨ ਵਾਲਿਆਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਚੇਅਰਮੈਨ ਭੋਮਾ ਨੇ ਆਪਣੇ ਸਾਥੀਆਂ ਨਾਲ ਦੀਨਾਨਗਰ ਵਿਖੇ ਸਥਿਤ ਸ਼ਾਹੀ ਬਾਰਾਂਦਰੀ ਦਾ ਦੌਰਾ ਕਰਨ ਤੋਂ ਬਾਅਦ ਦੱਸਿਆ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਕੋਲੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਵਿਭਾਗ ਵੱਲੋਂ ਸੁਰੱਖਿਅਤ ਘੋਸ਼ਿਤ ਕੀਤੀ ਗਈ ਇਸ ਇਮਾਰਤ ਦੀ ਭੰਨ-ਤੋੜ ਕਰਨ ਵਾਲੇ ਅਨਸਰਾਂ ਅਤੇ ਉਨ੍ਹਾਂ ਦੇ ਮਗਰ ਬੈਠੇ ਭੂ ਮਾਫੀਆ ਅਤੇ ਸਿਆਸੀ ਮਗਰਮੱਛਾਂ ਖਿਲਾਫ ਸਖ਼ਤ ਐਕਸ਼ਨ ਲਿਆ ਜਾਵੇ ਅਤੇ ਇਸ ਇਮਾਰਤ ਨੂੰ ਹੋਰ ਨੁਕਸਾਨ ਪਹੁੰਚਾਉਣ ਤੋਂ ਤੁਰੰਤ ਰੋਕਿਆ ਜਾਵੇ। ਉਨ੍ਹਾਂ ਦੱਸਿਆ ਸ਼ਾਹੀ ਬਾਰਾਂ ਦਰੀ ਨੂੰ ਬਚਾਉਣ ਲਈ 25 ਅਪ੍ਰੈਲ ਦਿਨ ਸ਼ਨੀਵਾਰ ਨੂੰ ਠੀਕ 11 ਵਜੇ ਪੰਥਕ ਹਿਤੈਸ਼ੀਆਂ ਦੀ ਸ਼ਾਹੀ ਬਾਰਾਂਦਰੀ ਵਿਖੇ ਮੀਟਿੰਗ ਬੁਲਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਵਿਰਾਸਤੀ ਇਮਾਰਤ ਤਾਂ ਪਹਿਲਾਂ ਹੀ ਬੇਰੁੱਖੀ ਦਾ ਸ਼ਿਕਾਰ ਹੋ ਕੇ ਖੰਡਰ ਦਾ ਰੂਪ ਧਾਰਨ ਕਰ ਚੁੱਕੀ ਹੈ ਅਤੇ ਉਪਰੋਂ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇਸ ਇਮਾਰਤ ਦੇ ਲੈਂਟਰ ਦੀ ਹੋਰ ਭੰਨ-ਤੋੜ ਕਰਨਾ ਬੇਹੱਦ ਗੰਭੀਰ ਹੈ। ਉਨ੍ਹਾਂ ਕਿਹਾ



ਗੁਰਦਆਰਿਆਂ ਤੇ ਮੰਦਰਾਂ 'ਤੇ ਸੋਨੇ ਚੜ੍ਹਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੀ ਬਾਰਾਂ ਦਰੀ ਦੀ ਇੱਟਾਂ ਵੀ ਲਾਹਕੇ ਭੂ ਮਾਫੀਆ ਲਿਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਤੁਰੰਤ ਇਸ ਮਸਲੇ ਵੱਲ ਧਿਆਨ ਦੇ ਕੇ ਦੋਸ਼ੀਆਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਵਿਰਾਸਤੀ ਮੰਚ ਦੇ ਸਮੂਹ ਮੈਂਬਰਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਇਤਿਹਾਸਕ ਬਾਰਾਂਦਰੀ ਦੀ ਸਾਂਭ-ਸੰਭਾਲ ਕੀਤੀ ਜਾਵੇ। ਸ਼ਾਹੀ ਬਾਰਾਂਦਰੀ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਮਨਜੀਤ ਸਿੰਘ ਭੋਮਾ ਨੇ ਦੱਸਿਆ ਕਿ ਇਹ ਬਾਰਾਂਦਰੀ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ ਸੀ ਅਤੇ ਉਹ ਅਕਸਰ ਹੀ ਹਰ ਸਾਲ ਗਰਮੀਆਂ ਦੇ ਮਹੀਨੇ ਦੀਨਾਨਗਰ ਵਿਖੇ ਗੁਜ਼ਾਰਦੇ ਸਨ। ਦੀਨਾਨਗਰ ਵਿਖੇ ਹੀ ਸਰਕਾਰ ਖ਼ਾਲਸਾ ਦੀ ਇੱਕ ਵੱਡੀ ਫ਼ੌਜੀ ਛਾਉਣੀ ਵੀ ਸੀ। ਉਨ੍ਹਾਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਦੀਨਾਨਗਰ ਵਿਖੇ ਕਈ ਇਤਿਹਾਸਕ ਦਰਬਾਰ ਸਜਾਏ ਗਏ। ਇਸੇ ਕਰਕੇ ਇਸਨੂੰ ਸਰਕਾਰ ਖ਼ਾਲਸਾ ਜੀ ਦੀ ਗਰਮੀਆਂ ਦੀ ਰਾਜਧਾਨੀ ਵੀ ਕਿਹਾ ਜਾਂਦਾ ਸੀ। ਉਨ੍ਹਾਂ ਅੱਗੇ ਦੱਸਿਆ ਦੀਨਾਨਗਰ ਦੀ ਸ਼ਾਹੀ ਬਾਰਾਂਦਰੀ ਵਿਖੇ ਲਾਹੌਰ ਦਰਬਾਰ, ਅੰਗਰੇਜ਼ ਹਕੂਮਤ ਅਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਸ਼ਾਹ ਸੂਜਾ ਦਰਮਿਆਨ ਤ੍ਰੈ-ਪੱਖੀ ਸੰਧੀ ਹੋਈ ਸੀ। ਇਸ ਤੋਂ ਇਲਾਵਾ ਕਸ਼ਮੀਰ ਨੂੰ ਫ਼ਤਹਿ ਕਰਨ ਦੀ ਵਿਉਂਤਬੰਧੀ ਵੀ ਏਥੇ ਹੀ ਘੜੀ ਗਈ ਸੀ। ਉਨ੍ਹਾਂ ਦੱਸਿਆ ਕਿ ਅੰਗਰੇਜ਼ ਲਿਖਾਰੀ ਵਿਲੀਅਮ ਜੀ. ਆਸਬਰਨ ਦੀ ਕਿਤਾਬ 'ਮਹਾਰਾਜਾ ਰਣਜੀਤ ਸਿੰਘ ਕੋਰਟ ਐਂਡ ਕੈਂਪਸ' ਵਿੱਚ ਦੀਨਾਨਗਰ ਦੇ ਸ਼ਾਹੀ ਦਰਬਾਰ ਦੀ ਸ਼ਾਨ ਨੂੰ ਪੜ੍ਹਿਆ ਜਾ ਸਕਦਾ ਹੈ। ਮਨਜੀਤ ਸਿੰਘ ਭੋਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸਾਲ 2010 ਵਿੱਚ ਇਸ ਇਤਿਹਾਸਕ ਬਾਰਾਂਦਰੀ ਨੂੰ ਸੁਰੱਖਿਆ ਇਮਾਰਤ ਦਾ ਦਰਜਾ ਦਿੱਤਾ ਸੀ ਅਤੇ ਸਰਕਾਰ ਵੱਲੋਂ 1.60 ਕਰੋੜ ਰੁਪਏ ਦਾ ਟੈਂਡਰ ਵੀ ਬਾਰਾਂਦਰੀ ਦੀ ਮੁਰੰਮਤ ਲਈ ਲਗਾਇਆ ਗਿਆ ਹੈ, ਪਰ ਕੰਮ ਸ਼ੁਰੂ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਵਿਰਾਸਤੀ ਇਮਾਰਤ ਦੀ ਸੰਭਾਲ ਵੱਲ ਧਿਆਨ ਦਿੱਤਾ ਜਾਵੇ। ਅੱਜ ਦੌਰੇ ਸਮੇਂ ਉਹਨਾਂ ਨਾਲ? ਐਡਵੋਕੇਟ ਅਮਰਜੀਤ ਸਿੰਘ ਪਠਾਨਕੋਟ , ਗੁਰਦੀਪ ਸਿੰਘ ਨਾਜੋਵਾਲ , ਸੁਖਵਿੰਦਰ ਸਿੰਘ ਪਾਹੜਾ , ਮਨਤੇਜ ਸਿੰਘ , ਨਿਸ਼ਾਨ ਸਿੰਘ, ਕਸ਼ਮੀਰ ਸਿੰਘ ਮਾੜੀ ਹਾਜ਼ਰ ਸਨ।

## ਹੁਣ ਵਿਦੇਸ਼ਾਂ ਤੋਂ ਫੰਡ ਹਾਸਲ ਕਰ ਸਕੇਗੀ ਸ਼?ਰੀ ਬਾਗੇਸ਼ਵਰ ਜਨ ਸੇਵਾ ਕਮੇਟੀ, ਕੇਂਦਰ ਨੇ ਦਿੱਤੀ ਮਨਜ਼ੂਰੀ

ਨਵੀਂ ਦਿੱਲੀ 23 ਅਪ੍ਰੈਲ। ਗ੍ਰਹਿ ਮੰਤਰਾਲਾ ਨੇ ਸ਼?ਰੀ ਬਾਗੇਸ਼ਵਰ ਜਨ ਸੇਵਾ ਕਮੇਟੀ ਨੂੰ ਵਿਦੇਸ਼ੀ ਯੋਗਦਾਨ (ਰੈਗੂਲੇਸ਼ਨ) ਐਕਟ (ਐੱਫਸੀਆਰਏ) ਦੇ ਅਧੀਨ ਰਜਿਸਟਰੇਸ਼ਨ ਪ੍ਰਦਾਨ ਕਰ ਦਿੱਤਾ ਹੈ, ਜਿਸ ਨਾਲ ਇਹ ਧਾਰਮਿਕ ਸੰਗਠਨ ਹੁਣ ਵਿਦੇਸ਼ੀ ਧਨ ਪ੍ਰਾਪਤ ਕਰਨ ਦੇ ਯੋਗ ਹੋ ਗਿਆ ਹੈ। ਇਹ ਕਮੇਟੀ 29 ਸਾਲਾ ਕਥਾਵਾਚਕ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਦੀ ਅਗਵਾਈ 'ਚ ਸੰਚਾਲਿਤ ਹੁੰਦੀ ਹੈ ਅਤੇ ਇਸ ਨੂੰ ਇਕ ਧਾਰਮਿਕ (ਹਿੰਦੂ),



ਸੱਭਿਆਚਾਰਕ, ਆਰਥਿਕ, ਸਿੱਖਿਅਕ ਅਤੇ ਸਮਾਜਿਕ ਸੰਗਠਨ ਵਜੋਂ ਦੱਸਿਆ ਗਿਆ ਹੈ। ਬਾਗੇਸ਼ਵਰ ਧਾਮ ਦੀ ਵੈੱਬਸਾਈਟ ਅਨੁਸਾਰ, ਕਮੇਟੀ ਦੀ ਉਹ ਖਾਤਾਧਾਰਕ ਹੈ, ਜਿਸ ਦੇ ਮਾਧਿਅਮ ਨਾਲ ਲੋਕ ਸੰਗਠਨ ਵਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਸਮਰਥਨ ਲਈ ਯੋਗਦਾਨ ਕਰ ਸਕਦੇ ਹਨ। ਇਹ ਸੰਗਠਨ ਉਨ੍ਹਾਂ 38 ਸੰਸਥਾਵਾਂ 'ਚ ਸ਼ਾਮਲ ਹੈ, ਜਿਨ੍ਹਾਂ ਨੂੰ ਇਸ ਸਾਲ ਗ੍ਰਹਿ ਮੰਤਰਾਲਾ ਨੇ ਵਿਦੇਸ਼ੀ ਧਨ ਪ੍ਰਾਪਤ ਕਰਨ ਦੀ ਮਨਜ਼ੂਰੀ ਦਿੱਤੀ ਹੈ। ਇਨ੍ਹਾਂ 'ਚ ਰਾਮਕ੍ਰਿਸ਼ਨ ਮਠ ਬੋਲਪੁਰ, ਕਰਨਾਟਕ 'ਚ ਸ਼?ਰੀ ਰਾਮਕ੍ਰਿਸ਼ਨ ਸ਼ਾਰਦਾ ਆਸ਼ਰਮ, ਪੂਰਨੀਆ 'ਚ ਰਾਮਕ੍ਰਿਸ਼ਨ ਮਠ, ਨਵੀਂ ਦਿੱਲੀ ਦੇ ਜਨਕਪੁਰੀ 'ਚ ਸ਼ਿਖਰ ਧਵਨ ਫਾਊਂਡੇਸ਼ਨ, ਐੱਨਆਈਆਈਟੀ ਫਾਊਂਡੇਸ਼ਨ ਅਤੇ ਐੱਚਸੀਐੱਲ ਫਾਊਂਡੇਸ਼ਨ ਸਮੇਤ ਹੋਰ ਸੰਸਥਾਵਾਂ ਸ਼ਾਮਲ ਹਨ। ਐੱਫਸੀਆਰਏ ਦੇ ਅਧੀਨ ਰਜਿਸਟਰੇਸ਼ਨ ਕਿਸੇ ਵੀ ਵਿਅਕਤੀ ਜਾਂ ਸੰਸਥਾ ਲਈ ਵਿਦੇਸ਼ੀ ਯੋਗਦਾਨ ਪ੍ਰਾਪਤ ਕਰਨ ਲਈ ਜ਼ਰੂਰੀ ਹੁੰਦੀ ਹੈ। ਇਸ ਲਈ ਸੰਬੰਧਤ ਸੰਸਥਾ ਦਾ ਸਪੱਸ਼ਟ ਸੱਭਿਆਚਾਰਕ, ਆਰਥਿਕ, ਸਿੱਖਿਅਕ, ਧਾਰਮਿਕ ਜਾਂ ਸਮਾਜਿਕ ਪ੍ਰੋਗਰਾਮ ਹੋਣਾ ਚਾਹੀਦਾ ਅਤੇ ਉਹ ਐੱਫਸੀਆਰਏ ਦੇ ਅਧੀਨ ਪਾਬੰਦੀਸ਼ੁਦਾ ਗਤੀਵਿਧੀਆਂ 'ਚ ਸ਼ਾਮਲ ਨਹੀਂ ਹੋਣੀ ਚਾਹੀਦੀ। ਐੱਫਸੀਆਰਏ ਦੇ ਅਧੀਨ ਇਹ ਰਜਿਸਟਰੇਸ਼ਨ 5 ਸਾਲਾਂ ਲਈ ਵੈਧ ਹੁੰਦੀ ਹੈ। ਮੌਜੂਦਾ ਸਮੇਂ ਲਗਭਗ 16,000 ਸੰਸਥਾਵਾਂ ਐੱਫਸੀਆਰਏ ਦੇ ਅਧੀਨ ਰਜਿਸਟਰਡ ਹਨ ਅਤੇ ਉਹ ਹਰ ਸਾਲ ਕਰੀਬ 22,000 ਕਰੋੜ ਰੁਪਏ ਦਾ ਵਿਦੇਸ਼ੀ ਅੰਸ਼ਦਾਨ ਪ੍ਰਾਪਤ ਕਰਦੀਆਂ ਹਨ, ਜਿਵੇਂ ਕਿ ਹਾਲ ਹੀ 'ਚ ਐਕਟ 'ਚ ਸੋਧ ਨਾਲ ਜੁੜੇ ਬਿੱਲ ਦੇ ਮਕਸਦਾਂ ਅਤੇ ਕਾਰਨਾਂ ਦੇ ਵੇਰਵੇ 'ਚ ਦੱਸਿਆ ਗਿਆ ਹੈ।

## ਲਖਨਊ 'ਚ ਦਰਦਨਾਕ ਵਾਰਦਾਤ ! ਸੁਨਿਆਰੇ ਨੇ ਲਾਇਸੈਂਸੀ ਬੰਦੂਕ ਨਾਲ ਖ਼ੁਦ ਨੂੰ ਮਾਰੀ ਗੋਲੀ

ਨੈਸ਼ਨਲ ਡੈਸਕ 23 ਅਪ੍ਰੈਲ। ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਪਾਰਾ ਇਲਾਕੇ ਵਿੱਚ ਬੁੱਧਵਾਰ ਨੂੰ ਇੱਕ ਬੇਹੱਦ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਇੱਥੇ ਇੱਕ 55 ਸਾਲਾ ਵਿਅਕਤੀ ਨੇ ਆਪਣੀ ਹੀ ਲਾਇਸੈਂਸੀ ਬੰਦੂਕ ਨਾਲ ਖ਼ੁਦ ਨੂੰ ਗੋਲੀ ਮਾਰ ਕੇ ਜੀਵਨ ਲੀਲਾ ਸਮਾਪਤ ਕਰ ਲਈ। ਪੁਲਸ ਮੁਤਾਬਕ ਇਹ ਖ਼ੌਫ਼ਨਾਕ ਕਦਮ ਪਰਿਵਾਰਕ ਵਿਵਾਦ ਦਾ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਇਹ ਘਟਨਾ ਪਾਰਾ ਥਾਣਾ ਖੇਤਰ ਦੇ ਅਧੀਨ ਆਉਂਦੇ ਬੁੱਧੇਸ਼ਵਰ ਚੌਰਾਹੇ ਨੇੜੇ ਭਪਤਾਮਊ ਇਲਾਕੇ ਵਿੱਚ ਸਵੇਰੇ ਕਰੀਬ 11:30 ਵਜੇ ਵਾਪਰੀ। ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ। ਮ੍ਰਿਤਕ ਦੀ ਪਛਾਣ ਕਪਤਾਨ ਸਿੰਘ ਸਰਦਾਰ ਵਜੋਂ ਹੋਈ ਹੈ, ਜੋ ਮੂਲ ਰੂਪ ਵਿੱਚ ਕਾਸਗੰਜ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਉਹ ਲਖਨਊ ਵਿੱਚ ਆਪਣੇ ਦੋ ਪੁੱਤਰਾਂ ਤੇ ਨੂੰਹਾਂ ਨਾਲ ਰਹਿ ਰਹੇ ਸਨ। ਪੁਲਸ ਨੇ ਦੱਸਿਆ ਕਿ ਕਪਤਾਨ ਸਿੰਘ ਸੁਨਿਆਰੇ ਦਾ ਕਾਰੋਬਾਰ ਕਰਦੇ ਸਨ ਤੇ ਉਨ੍ਹਾਂ ਕੋਲ ਆਪਣਾ ਲਾਇਸੈਂਸੀ ਹਥਿਆਰ ਸੀ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸਿੰਘ ਨੇ ਆਪਣੇ ਲਾਇਸੈਂਸੀ ਹਥਿਆਰ ਨਾਲ ਖ਼ੁਦ ਨੂੰ ਗੋਲੀ ਮਾਰੀ, ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਲਾਂਕਿ ਪੁਲਸ ਵੱਲੋਂ ਪਰਿਵਾਰਕ ਵਿਵਾਦ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ, ਪਰ ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਹਰ ਪਹਿਲੂ ਤੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

## ਆਗਾਮੀ ਮਾਨਸੂਨ ਸੀਜ਼ਨ ਤੇ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਪੁਖਤਾ ਪ੍ਰਬੰਧ ਪਹਿਲਾਂ ਹੀ ਬਣਾਓ ਯਕੀਨੀ : ਦੀਪਸ਼ਿਖਾ ਸ਼ਰਮਾ

ਫਿਰੋਜ਼ਪੁਰ 23 ਅਪ੍ਰੈਲ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਆਗਾਮੀ ਮਾਨਸੂਨ ਸੀਜ਼ਨ ਦੌਰਾਨ ਸੰਭਾਵਿਤ ਹੜ੍ਹਾਂ ਨਾਲ ਨਜਿੱਠਣ ਬਾਰੇ ਹੋਈ ਮੀਟਿੰਗ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ



ਅਗਾਊਂ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਸੰਭਾਵਿਤ ਹੜ੍ਹਾਂ ਦਾ ਸਾਹਮਣਾ ਕਰਨ ਲਈ ਆਪਸੀ ਤਾਲਮੇਲ ਨਾਲ ਕੰਮ ਕੀਤਾ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਅਮਨਦੀਪ ਕੌਰ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਸਮੂਹ ਐੱਸ.ਡੀ.ਐੱਮ. ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਹੜ੍ਹਾਂ ਦੌਰਾਨ ਨਾਜ਼ੁਕ ਸਥਿਤੀ ਵਾਲੇ ਪਿੰਡਾਂ ਦਾ ਪਹਿਲਾਂ ਤੋਂ ਹੀ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈ ਲਿਆ ਜਾਵੇ ਅਤੇ ਬੰਨ੍ਹਾਂ, ਨੋਚਾਂ, ਪੁਲਾਂ, ਰਸਤਿਆਂ ਆਦਿ ਨੂੰ ਪਹਿਲਾਂ ਤੋਂ ਹੀ ਮਜ਼ਬੂਤ ਕਰ ਲਿਆ ਜਾਵੇ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਰੇਤਾ ਦੇ ਗੱਟੇ, ਕਿਸ਼ਤੀਆਂ, ਲਾਈਫ਼ ਜੈਕਟਾਂ, ਫਲੱਡ ਲਾਈਟਾਂ, ਸਰਚ ਲਾਈਟਾਂ, ਮੈਡੀਕਲ ਜ਼ਰੂਰਤਾਂ ਆਦਿ ਸਮਾਨ ਦੀ ਪਹਿਲਾਂ ਤੋਂ ਹੀ ਜਾਂਚ ਕਰ ਲਈ ਜਾਵੇ ਅਤੇ ਜੇਕਰ ਕਿਸੇ ਸਮਾਨ ਨੂੰ ਰਿਪੇਅਰ ਦੀ ਲੋੜ ਹੈ, ਤਾਂ ਤੁਰੰਤ ਠੀਕ ਕਰਵਾਇਆ ਜਾਵੇ। ਇਸ ਤੋਂ ਇਲਾਵਾ ਮਾਨਸੂਨ ਤੋਂ ਪਹਿਲਾਂ ਡਰੇਨੇਜ਼ ਅਤੇ ਸੀਵਰੇਜ਼ ਦੀ ਸਫ਼ਾਈ ਵੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਪ੍ਰਬੰਧਾਂ ਪੱਖੋਂ ਕਿਸੇ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਇਸ ਲਈ ਸੌਂਪੀ ਗਈ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਸਮੇਂ ਸਿਰ ਮੁਕੰਮਲ ਕਰ ਲਿਆ ਜਾਵੇ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਅੱਗੇ ਕਿਹਾ ਕਿ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਜ਼ਿਲ੍ਹਾ ਪੱਧਰ 'ਤੇ ਅਤੇ ਸਬ-ਡਵੀਜ਼ਨ ਪੱਧਰ 'ਤੇ ਫਲੱਡ ਕੰਟਰੋਲ ਰੂਮ ਸਥਾਪਿਤ ਕੀਤੇ ਜਾਣ, ਜਿਸ ਲਈ ਸੰਬੰਧਤ ਸਟਾਫ਼ ਦੀ ਡਿਊਟੀ ਲਗਾਈ ਜਾਵੇ।

## 4 ਕਿਤਾਬਾਂ ਹੋਈਆਂ ਬੰਦ ! ਰਾਜਸਥਾਨ 'ਚ ਪਾਠ ਪੁਸਤਕਾਂ ਨੂੰ ਲੈ ਕੇ ਸਿਆਸੀ ਘਮਸਾਨ

**ਕੌਮੀ ਪਤ੍ਰਿਕਾ**

ਜੈਪੁਰ 23 ਅਪ੍ਰੈਲ। ਰਾਜਸਥਾਨ ਸਰਕਾਰ ਵੱਲੋਂ ਅਕਾਦਮਿਕ ਸੈਸ਼ਨ 2026-27 ਲਈ ਚਾਰ ਸਕੂਲੀ ਪਾਠ ਪੁਸਤਕਾਂ ਨੂੰ ਬੰਦ ਕਰਨ ਦੇ ਫੈਸਲੇ ਨੇ ਸੂਬੇ ਵਿੱਚ ਇੱਕ ਵੱਡਾ ਸਿਆਸੀ ਵਿਵਾਦ ਖੜ੍ਹਾ ਕਰ ਦਿੱਤਾ ਹੈ। ਸਿੱਖਿਆ ਮੰਤਰੀ ਮਦਨ ਦਿਲਾਵਰ ਨੇ ਸ਼ੁੱਕਰਵਾਰ ਨੂੰ ਇਸ ਕਦਮ ਦਾ ਬਚਾਅ ਕੀਤਾ, ਜਦਕਿ ਕਾਂਗਰਸ ਨੇ ਇਸ ਨੂੰ ਇਤਿਹਾਸ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਸੈਕੰਡਰੀ ਸਿੱਖਿਆ ਡਾਇਰੈਕਟੋਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ, ਅਜਮੇਰ ਬੋਰਡ ਦੀਆਂ ਸਿਫ਼ਾਰਸ਼ਾਂ 'ਤੇ ਜਮਾਤ 9ਵੀਂ ਤੋਂ 12ਵੀਂ ਤੱਕ ਦੀਆਂ ਚਾਰ ਕਿਤਾਬਾਂ ਹਟਾ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿੱਚ 9ਵੀਂ ਜਮਾਤ ਦੀ 'ਰਾਜਸਥਾਨ ਦਾ ਸੁਤੰਤਰਤਾ ਅੰਦੋਲਨ ਅਤੇ ਵੀਰਤਾ ਪਰੰਪਰਾ', 10ਵੀਂ ਦੀ 'ਰਾਜਸਥਾਨ ਦਾ ਇਤਿਹਾਸ ਅਤੇ ਸਭਿਆਚਾਰ', ਅਤੇ 11ਵੀਂ-12ਵੀਂ ਜਮਾਤ ਲਈ 'ਆਜ਼ਾਦੀ ਤੋਂ ਬਾਅਦ ਦਾ ਸੁਨਹਿਰੀ ਭਾਰਤ' (ਭਾਗ 1 ਅਤੇ 2) ਸ਼ਾਮਲ ਹਨ। ਸਿੱਖਿਆ ਮੰਤਰੀ ਮਦਨ ਦਿਲਾਵਰ ਨੇ ਕਿਹਾ ਕਿ ਇਹ ਕਿਤਾਬਾਂ ਪ੍ਰੀਖਿਆ ਪ੍ਰਣਾਲੀ ਦਾ ਹਿੱਸਾ ਨਹੀਂ ਸਨ ਤੇ ਇਨ੍ਹਾਂ ਦੇ ਅੰਕ ਨਤੀਜਿਆਂ 'ਚ ਨਹੀਂ ਜੁੜਦੇ ਸਨ। ਉਨ੍ਹਾਂ ਇਲਜ਼ਾਮ ਲਾਇਆ ਕਿ ਇਨ੍ਹਾਂ ਕਿਤਾਬਾਂ ਰਾਹੀਂ 'ਗਲਤ



ਇਤਿਹਾਸ' ਪੜ੍ਹਾਇਆ ਜਾ ਰਿਹਾ ਸੀ ਤੇ ਕਈ ਰਾਸ਼ਟਰੀ ਨੇਤਾਵਾਂ ਨੂੰ ਅਣਗੌਲਿਆ ਕੀਤਾ ਗਿਆ ਸੀ। ਮੰਤਰੀ ਨੇ ਕਿਹਾ ਕਿ ਡਾ. ਬੀ.ਆਰ. ਅੰਬੇਡਕਰ ਵਰਗੀ ਮਹਾਨ ਸ਼ਖ਼ਸੀਅਤ ਨੂੰ ਸਿਰਫ਼ ਇੱਕ ਲਾਈਨ 'ਚ ਸਮੇਟ ਦਿੱਤਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਹੁਣ ਨਵੇਂ ਸਿਲੇਬਸ 'ਚ ਸਰਦਾਰ ਵੱਲਭਭਾਈ ਪਟੇਲ, ਲਾਲ ਬਹਾਦਰ ਸ਼ਾਸਤਰੀ, ਧਾਰਾ 370 ਦਾ ਖਾਤਮਾ ਅਤੇ ਅਟਲ ਬਿਹਾਰੀ ਵਾਜਪਾਈ ਤੇ ਨਰਿੰਦਰ ਮੋਦੀ ਵਰਗੇ ਆਗੂਆਂ ਦੇ ਯੋਗਦਾਨ ਨੂੰ ਢੁਕਵੀਂ ਥਾਂ ਦਿੱਤੀ ਜਾਵੇਗੀ। ਦੂਜੇ ਪਾਸੇ, ਰਾਜਸਥਾਨ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਗੋਵਿੰਦ ਸਿੰਘ ਡੋਟਾਸਰਾ ਨੇ ਇਸ ਫੈਸਲੇ ਨੂੰ ਇਤਿਹਾਸ 'ਤੇ ਹਮਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਉਣ ਵਾਲੀ ਪੀੜ੍ਹੀ ਨੂੰ ਅਧੂਰਾ ਇਤਿਹਾਸ ਪੜ੍ਹਾਉਣਾ ਚਾਹੁੰਦੀ ਹੈ ਅਤੇ ਇਸ ਦਾ ਮਕਸਦ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਮਨਮੋਹਨ ਸਿੰਘ ਵਰਗੇ ਕਾਂਗਰਸੀ ਨੇਤਾਵਾਂ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰਨਾ ਹੈ। ਡੋਟਾਸਰਾ ਨੇ ਸਵਾਲ ਉਠਾਇਆ ਕਿ ਜੇਕਰ ਕਿਤਾਬਾਂ ਵਿੱਚ ਕੋਈ ਤੱਥ ਗਲਤ ਸਨ, ਤਾਂ ਉਨ੍ਹਾਂ ਨੂੰ ਸੁਧਾਰਿਆ ਜਾ ਸਕਦਾ ਸੀ, ਪਰ ਪੂਰੀਆਂ ਕਿਤਾਬਾਂ ਹੀ ਹਟਾ ਦੇਣਾ ਸਰਕਾਰ ਦੀ ਇਤਿਹਾਸ ਮਿਟਾਉਣ ਦੀ ਮਾੜੀ ਨੀਅਤ ਨੂੰ ਦਰਸਾਉਂਦਾ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਸ ਨਾਲ ਸੁਤੰਤਰਤਾ ਅੰਦੋਲਨ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਵਰਗੇ ਅਹਿਮ ਵਿਸ਼ਿਆਂ ਨੂੰ ਸਿਲੇਬਸ ਵਿੱਚੋਂ ਬਾਹਰ ਕੀਤਾ ਜਾ ਰਿਹਾ ਹੈ।

# ਵਪਾਰੀਆਂ ਨੂੰ ਫਿਰੌਤੀ ਦੀਆਂ ਮਿਲ ਰਹੀਆਂ ਧਮਕੀਆਂ

**ਕੌਮੀ ਪਤ੍ਰਿਕਾ**

ਦੋਰਾਹਾ/ਪਾਇਲ 23 ਅਪ੍ਰੈਲ। ਲੁਧਿਆਣਾ ਜ਼ਿਲ੍ਹੇ ਦੇ ਕਸਬਾ ਦੋਰਾਹਾ ਅਤੇ ਪਾਇਲ ਇਲਾਕਿਆਂ 'ਚ ਵਪਾਰੀਆਂ ਨੂੰ ਫਿਰੌਤੀ ਲਈ ਮਿਲ ਰਹੀਆਂ ਧਮਕੀਆਂ ਨੇ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਸਥਾਨਕ ਵਪਾਰੀਆਂ ਨੂੰ ਵਾਰ-ਵਾਰ ਫੋਨ ਕਾਲਾਂ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਵਟਸਐਪ ਨੰਬਰਾਂ 'ਤੇ ਵੁਆਇਸ ਮੈਸੇਜ ਭੇਜ ਕੇ ਨਕਦੀ ਰਕਮ ਦੀ ਮੰਗ ਕੀਤੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਧਮਕੀ ਦੇਣ ਵਾਲੇ ਆਪਣੇ ਆਪ ਨੂੰ ਕਿਸੇ ਗੈਂਗ ਨਾਲ ਸੰਬੰਧਤ ਦੱਸਦਿਆਂ ਪੈਸੇ ਨਾ ਦੇਣ ਦੀ ਸੂਰਤ 'ਚ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਵੀ ਦੇ ਰਹੇ ਹਨ। ਵਪਾਰੀਆਂ ਦਾ ਕਹਿਣਾ ਹੈ ਕਿ ਲਗਾਤਾਰ ਆ ਰਹੀਆਂ ਕਾਲਾਂ ਅਤੇ ਵੁਆਇਸ ਮੈਸੇਜਾਂ ਕਾਰਨ ਉਨ੍ਹਾਂ 'ਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਵਧ ਰਹੀ ਹੈ। ਹਾਲਾਂਕਿ ਇਸ ਸਬੰਧੀ ਪੁਲਸ ਅਧਿਕਾਰੀਆਂ ਵੱਲੋਂ ਅਜੇ ਤੱਕ ਕੋਈ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ ਹੈ। ਪੁਲਸ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਰੇਕ ਪੱਖ ਨੂੰ ਧਿਆਨ 'ਚ ਰੱਖਦਿਆਂ ਤੱਥ ਇਕੱਠੇ ਕੀਤੇ ਜਾ ਰਹੇ ਹਨ। ਇਸ ਮਾਹੌਲ ਦਰਮਿਆਨ ਪਿਛਲੇ ਦਿਨੀਂ ਪਾਇਲ ਦੀ ਅਨਾਜ ਮੰਡੀ 'ਚ ਵਾਪਰੀ ਫਾਇਰਿੰਗ ਦੀ ਘਟਨਾ ਨੇ ਵੀ ਵਪਾਰੀਆਂ 'ਚ ਚਿੰਤਾ ਵਧਾ ਦਿੱਤੀ ਹੈ। ਜਾਣਕਾਰੀ ਅਨੁਸਾਰ ਦੋ ਅਣਪਛਾਤੇ ਹਮਲਾਵਰ ਟੂ-ਵ?ਹੀਲਰ 'ਤੇ ਸਵਾਰ ਹੋ ਕੇ ਮੰਡੀ 'ਚ ਦਾਖ਼ਲ ਹੋਏ ਅਤੇ ਇਕ ਆੜ੍ਹਤੀ ਦੀ ਦੁਕਾਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਲਗਭਗ 6 ਰਾਊਂਡ ਫਾਇਰਿੰਗ ਕਰ ਦਿੱਤੇ। ਵਾਰਦਾਤ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ, ਜਦਕਿ ਗੋਲ?ੀਆਂ ਦੀਆਂ ਆਵਾਜ਼ਾਂ ਨਾਲ ਮੰਡੀ ਵਿੱਚ ਹੜਕੰਪ ਮਚ ਗਿਆ। ਖ਼ੁਸ਼ਕਿਸਮਤੀ ਨਾਲ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਸਾਹਮਣੇ ਨਹੀਂ ਆਈ ਸੀ। ਪੁਲਸ ਸੂਤਰਾਂ ਅਨੁਸਾਰ ਜਿਸ ਆੜ੍ਹਤੀ ਦੀ ਦੁਕਾਨ ਨੂੰ ਪਿਛਲੇ ਦਿਨੀਂ ਨਿਸ਼ਾਨਾ ਬਣਾਇਆ ਗਿਆ ਸੀ, ਉਸ ਨੂੰ ਪਹਿਲਾਂ ਫਿਰੌਤੀ ਲਈ ਧਮਕੀਆਂ ਵੀ ਦਿੱਤੀਆਂ ਗਈਆਂ ਸਨ। ਪ੍ਰਾਪਤ ਜਾਣਕਾਰੀ ਅਨੁਸਾਰ 15 ਅਪ੍ਰੈਲ ਦੀ ਰਾਤ ਨੂੰ ਕਰੀਬ ਪੌਣੇ 10 ਵਜੇ ਵਾਪਰੀ। ਇਸ ਘਟਨਾ ਦੌਰਾਨ ਹਮਲਾਵਰਾਂ ਵੱਲੋਂ ਲਗਭਗ 6 ਰਾਊਂਡ ਫਾਇਰ ਕੀਤੇ ਗਏ ਸਨ ਅਤੇ ਉਸ ਸਮੇਂ ਦੁਕਾਨ ਅੰਦਰ ਮੌਜੂਦ ਦੋ ਵਿਅਕਤੀ ਖ਼ੁਸ਼ਕਿਸਮਤੀ ਨਾਲ ਬਚ ਗਏ ਸਨ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਸੀ. ਸੀ. ਟੀ. ਵੀ. ਫੁਟੇਜ ਆਪਣੇ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਅਧਿਕਾਰੀਆਂ ਮੁਤਾਬਕ ਮੁਲਜ਼ਮਾਂ ਦੀ ਪਛਾਣ ਲਈ ਕੈਮਰਿਆਂ ਦੀ




ਫੁਟੇਜ ਖੰਗਾਲੀ ਜਾ ਰਹੀ ਹੈ ਅਤੇ ਮਾਮਲੇ ਨੂੰ ਹਰ ਪੱਖ ਤੋਂ ਡੂੰਘਾਈ ਨਾਲ ਜਾਂਚਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਹੈ ਕਿ ਫਾਇਰਿੰਗ ਅਤੇ ਫਿਰੌਤੀ ਮਾਮਲਿਆਂ ਵਿਚਕਾਰ ਸਿੱਧੀ ਕੜੀ ਬਾਰੇ ਅਜੇ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ ਅਤੇ ਜਾਂਚ ਜਾਰੀ ਹੈ। ਫਿਲਹਾਲ ਪੁਲਸ ਵੱਲੋਂ ਗਸ਼ਤ ਵਧਾਈ ਗਈ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਸ਼ੱਕੀ ਗਤੀਵਿਧੀ ਸਬੰਧੀ ਤੁਰੰਤ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ। ਉੱਧਰ ਵਪਾਰਕ ਸੰਸਥਾਵਾਂ ਅਤੇ ਯੂਨੀਅਨਾਂ ਵੱਲੋਂ ਇਲਾਕੇ 'ਚ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਦੋਰਾਹਾ-ਪਾਇਲ 'ਚ ਵਪਾਰੀਆਂ ਨੂੰ ਫਿਰੌਤੀ ਦੀਆਂ ਧਮਕੀਆਂ ਅਤੇ ਗੋਲੀਬਾਰੀ ਦੇ ਮਾਮਲਿਆਂ 'ਚ ਹਾਲੇ ਤੱਕ ਕੋਈ ਢੁੱਕਵਾਂ ਸੁਰਾਗ ਨਾ ਲੱਗਣ ਕਾਰਨ ਪੁਲਸ ਪ੍ਰਸ਼ਾਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲੱਗਣ ਲੱਗੇ ਹਨ। ਵਪਾਰੀਆਂ ਦਾ ਕਹਿਣਾ ਹੈ ਕਿ ਲਗਾਤਾਰ ਆ ਰਹੀਆਂ ਕਾਲਾਂ ਅਤੇ ਵੁਆਇਸ ਮੈਸੇਜਾਂ ਕਾਰਨ ਉਨ੍ਹਾਂ ਵਿੱਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਵਧ ਰਹੀ ਹੈ ਪਰ ਇਸ ਦੇ ਬਾਵਜੂਦ ਹਾਲਾਤ 'ਤੇ ਪੂਰੀ ਤਰ੍ਹਾਂ ਕਾਬੂ ਨਹੀਂ ਪਾਇਆ ਜਾ ਸਕਿਆ। ਉੱਧਰ ਵਪਾਰਕ ਸੰਸਥਾਵਾਂ ਅਤੇ ਯੂਨੀਅਨਾਂ ਵੱਲੋਂ ਪੁਲਸ ਪ੍ਰਸ਼ਾਸਨ ਤੋਂ ਇਲਾਕੇ ਵਿੱਚ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਕਾਰਵਾਈ ਨਾ ਕੀਤੀ ਗਈ ਤਾਂ ਇਸ ਦਾ ਵਪਾਰਕ ਮਾਹੌਲ 'ਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਸੁਰਾਗ ਨਾ ਲੱਗਣ ਕਾਰਨ ਲੋਕਾਂ 'ਚ ਪੁਲਸ ਪ੍ਰਸ਼ਾਸਨ ਪ੍ਰਤੀ ਅਸੰਤੋਸ਼ ਵੀ ਵਧਦਾ ਜਾ ਰਿਹਾ ਹੈ ਅਤੇ ਜਲਦ ਨਤੀਜੇ ਸਾਹਮਣੇ ਲਿਆਉਣ ਦੀ ਮੰਗ ਕੀਤੀ ਜਾ ਰਹੀ ਹੈ।

## ਰਾਜਸਥਾਨ 'ਚ ਸਾਈਬਰ ਠੱਗਾਂ ਖਿਲਾਫ ਵੱਡੀ ਕਾਰਵਾਈ ! 'ਆਪ੍ਰੇਸ਼ਨ ਮਿਊਲ ਹੰਟ' ਤਹਿਤ 38 ਮੁਲਜ਼ਮ ਗ੍ਰਿਫਤਾਰ

ਨੈਸ਼ਨਲ ਡੈਸਕ 23 ਅਪ੍ਰੈਲ। ਰਾਜਸਥਾਨ ਪੁਲਸ ਨੇ ਸਾਈਬਰ ਅਪਰਾਧੀਆਂ ਵਿਰੁੱਧ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਦੇਸ਼ ਭਰ 'ਚ 10 ਕਰੋੜ ਰੁਪਏ ਤੋਂ ਵੱਧ ਦੀ ਆਨਲਾਈਨ ਧੋਖਾਧੜੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਨੇ ਇਸ ਮਾਮਲੇ 'ਚ 38 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਲ੍ਹਾ ਪੁਲਸ ਸੁਪਰਡੈਂਟ ਮਨੀਸ਼ ਕੁਮਾਰ ਨੇ ਦੱਸਿਆ ਕਿ ਸਾਈਬਰ ਧੋਖਾਧੜੀ 'ਤੇ ਨਕੇਲ ਪਾਉਣ ਲਈ ਵਿਸ਼ੇਸ਼ ਮੁਹਿੰਮ 'ਆਪ੍ਰੇਸ਼ਨ ਮਿਊਲ ਹੰਟ' ਚਲਾਈ ਗਈ ਸੀ। ਇਸ ਮੁਹਿੰਮ ਤਹਿਤ ਪਿਛਲੇ 15 ਦਿਨਾਂ 'ਚ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਤੋਂ ਇਨ੍ਹਾਂ 38 ਮੁਲਜ਼ਮਾਂ ਨੂੰ ਦਬੋਚਿਆ ਗਿਆ ਹੈ। ਫੜੇ ਗਏ ਮੁਲਜ਼ਮਾਂ ਨੇ ਦੇਸ਼ ਭਰ 'ਚ ਕਰੋੜਾਂ ਰੁਪਏ ਦੀ ਠੱਗੀ ਮਾਰਨ ਦੀ ਗੱਲ ਕਬੂਲੀ ਹੈ। ਪੁਲਸ ਅਨੁਸਾਰ ਇਹ ਗਿਰੋਹ ਨਾ ਸਿਰਫ਼ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਸਗੋਂ ਦੁਬਈ ਤੋਂ ਵੀ ਆਪਣਾ ਨੈੱਟਵਰਕ ਚਲਾ ਰਿਹਾ ਸੀ। ਇਹ ਠੱਗ ਲੋਕਾਂ ਨੂੰ ਨਿਵੇਸ਼, ਟ?ਰੇਡਿੰਗ ਤੇ 'ਐਸਕਾਰਟ ਸਰਵਿਸ' ਦੇ ਨਾਂ 'ਤੇ ਆਪਣੇ ਜਾਲ 'ਚ ਫਸਾਉਂਦੇ ਸਨ। ਹੁਣ ਤੱਕ ਇਨ੍ਹਾਂ ਵਿਰੁੱਧ 17 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ ਤੇ ਧੋਖਾਧੜੀ ਦੀ ਰਕਮ ਹੋਰ ਵਧਣ ਦੀ ਸੰਭਾਵਨਾ ਹੈ। ਕਾਰਵਾਈ ਦੌਰਾਨ ਪੁਲਸ ਨੇ ਮੁਲਜ਼ਮਾਂ ਕੋਲੋਂ 73 ਮੋਬਾਈਲ ਫ਼ੋਨ, 136 ਸਿਮ ਕਾਰਡ ਤੇ ਕਈ ਹੋਰ ਇਲੈਕਟ?ਰਾਨਿਕ ਉਪਕਰਨ ਬਰਾਮਦ ਕੀਤੇ ਹਨ। ਪੁਲਸ ਦੀਆਂ ਟੀਮਾਂ ਹੁਣ ਇਨ੍ਹਾਂ ਨਾਲ ਜੁੜੇ ਬੈਂਕ ਖਾਤਿਆਂ ਦੀ ਬਾਰੀਕੀ ਨਾਲ ਜਾਂਚ ਕਰ ਰਹੀਆਂ ਹਨ। ਐਸ.ਪੀ. ਮਨੀਸ਼ ਕੁਮਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਫ਼ੋਨ ਕਾਲ ਜਾਂ ਐਪ 'ਤੇ ਆਪਣੇ ਬੈਂਕ ਖਾਤੇ, ਆਧਾਰ ਕਾਰਡ, ਪੈਨ ਕਾਰਡ ਜਾਂ ਏ.ਟੀ.ਐਮ. ਕਾਰਡ ਨਾਲ ਸਬੰਧਤ ਜਾਣਕਾਰੀ ਸਾਂਝੀ ਨਾ ਕਰਨ। ਸਾਈਬਰ ਠੱਗਾਂ ਤੋਂ ਬਚਣ ਲਈ ਹਮੇਸ਼ਾ ਸਾਵਧਾਨੀ ਵਰਤਣ ਦੀ ਲੋੜ ਹੈ।

## ਕਾਨੂੰਨ ਅਨੁਸਾਰ ਕੀਤਾ ਜਾ ਰਿਹਾ ਹੈ ਕੰਮ: ਸੁਨੀਲ ਜਾਖੜ

**ਏਜੰਸੀਆਂ**

ਚੰਡੀਗੜ੍ਹ 23 ਅਪ੍ਰੈਲ। ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਜੇ 'ਭ੍ਰਿਸ਼ਟਾਚਾਰ ਖ਼?ਲਾਫ਼ ਜ਼ੀਰੋ ਟਾਲਰੈਂਸ' ਦੇ ਸਿਧਾਂਤ 'ਤੇ ਅਸਲ 'ਚ ਕੰਮ ਕੀਤਾ



ਹੁੰਦਾ, ਤਾਂ ਅੱਜ ਈਡੀ ਜਾਂ ਸੀਬੀਆਈ ਵਰਗੀਆਂ ਕੇਂਦਰੀ ਏਜੰਸੀਆਂ ਨੂੰ ਸੂਬੇ 'ਚ ਆਉਣ ਦੀ ਲੋੜ ਨਾ ਪੈਂਦੀ। ਜਾਖੜ ਪੱਤਰਕਾਰਾਂ ਵੱਲੋਂ ਸੰਸਦ ਮੈਂਬਰ ਖ਼?ਲਾਫ਼ ਈਡੀ ਦੀ ਜਾਂਚ ਬਾਰੇ ਪੁੱਛੇ ਸਵਾਲਾਂ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਸੰਬੰਧਿਤ ਵਿਅਕਤੀ ਸਿਰਫ ਸੰਸਦ ਮੈਂਬਰ ਹੀ ਨਹੀਂ, ਸਗੋਂ ਇੱਕ ਨਿੱਜੀ ਯੂਨੀਵਰਸਿਟੀ ਦਾ ਮਾਲਕ ਵੀ ਹੈ। ਹਾਈ ਕੋਰਟ ਦੀਆਂ ਹਾਲੀਆ ਸਖ਼ਤ ਟਿੱਪਣੀਆਂ ਤੋਂ ਬਾਅਦ ਸੰਭਵ ਹੈ ਕਿ ਈਡੀ ਨੇ ਵੀ ਇਸ ਮਾਮਲੇ 'ਤੇ ਧਿਆਨ ਦਿੱਤਾ ਹੋਵੇ। ਉਨ੍ਹਾਂ ਜਾਂਚ ਪੂਰੀ ਹੋਣ ਤੱਕ ਉਡੀਕ ਕਰਨ ਦੀ ਸਲਾਹ ਦਿੱਤੀ। ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਵਿੱਚ ਗਰੀਬ ਵਿਦਿਆਰਥੀਆਂ ਲਈ ਬਣਾਈ ਗਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਯੋਜਨਾ ਵਿੱਚ ਵੱਡਾ ਘੋਟਾਲਾ ਹੋਇਆ। ਜਾਖੜ ਨੇ ਕਿਹਾ ਕਿ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਪੰਜਾਬ ਡਿਵੈਲਪਮੈਂਟ ਕੌਂਸਲ ਦੇ ਨਾਮ 'ਤੇ ਬਿਨਾਂ ਕਿਸੇ ਸੰਵਿਧਾਨਕ ਅਧਿਕਾਰ ਦੇ ਕੀਤੀਆਂ ਨਿਯੁਕਤੀਆਂ ਦੀ ਜਾਂਚ ਹੋਣੀ ਚਾਹੀਦੀ ਹੈ। ਬੀਬੀਐੱਮਬੀ ਮਾਮਲੇ 'ਤੇ ਇਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਜਾਖੜ ਨੇ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਇਕ ਬੂੰਦ ਪਾਣੀ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲਈ ਪਾਣੀ ਸਿਰਫ ਤਕਨੀਕੀ ਜਾਂ ਪ੍ਰਸ਼ਾਸਨਿਕ ਮਸਲਾ ਨਹੀਂ, ਸਗੋਂ ਭਾਵਨਾਤਮਕ ਮਾਮਲਾ ਹੈ ਅਤੇ ਇਸ 'ਤੇ ਚਰਚਾ ਕਰਦਿਆਂ ਇਨ੍ਹਾਂ ਭਾਵਨਾਵਾਂ ਦਾ ਆਦਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀ ਨਾਲ ਸੰਬੰਧਿਤ ਕਿਸੇ ਵੀ ਫੈਸਲੇ ਵਿੱਚ ਰਾਜ ਸਰਕਾਰ ਨੂੰ ਨਾਲ ਲੈਣਾ ਲਾਜ਼ਮੀ ਹੈ।

## ਗੈਰ-ਕਾਨੂੰਨੀ ਉਸਾਰੀਆਂ ਦੀ ਆੜ 'ਚ ਚੱਲ ਰਿਹਾ ਭ੍ਰਿਸ਼ਟਾਚਾਰ

**ਕੌਮੀ ਪਤ੍ਰਿਕਾ**

ਜਲੰਧਰ 23 ਅਪ੍ਰੈਲ। ਨਗਰ ਨਿਗਮ ਵਿਚ ਗੈਰ-ਕਾਨੂੰਨੀ ਉਸਾਰੀਆਂ ਦੀ ਆੜ ਵਿਚ ਹੋ ਰਿਹਾ ਭ੍ਰਿਸ਼ਟਾਚਾਰ ਇਕ ਵਾਰ ਫਿਰ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਸ਼ਹਿਰ ਭਰ ਦੇ ਨਾਲ-ਨਾਲ ਕੂਲ ਰੋਡ, ਜੋਤੀ ਨਗਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਗੈਰ-ਕਾਨੂੰਨੀ ਉਸਾਰੀਆਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੀਆਂ ਥਾਵਾਂ 'ਤੇ ਪਹਿਲਾਂ ਕਾਰਵਾਈ ਹੋ ਚੁੱਕੀ ਹੈ, ਉੱਥੇ ਹੀ ਦੁਬਾਰਾ ਸ਼ਰੇਆਮ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਜ਼ਿੰਮੇਵਾਰ ਅਧਿਕਾਰੀ ਅੱਖਾਂ ਬੰਦ ਕਰੀ ਬੈਠੇ ਹਨ। ਕੂਲ ਰੋਡ, ਜੋਤੀ ਨਗਰ ਰੇਲਵੇ ਲਾਈਨ ਦੀ ਮੁੱਖ ਸੜਕ 'ਤੇ 'ਕਿੰਗ ਤੰਦੂਰੀ ਵੈੱਜ ਐਂਡ ਨਾਨ ਵੈੱਜ' ਨਾਂ ਹੇਠ ਚੱਲ ਰਹੀ ਦੁਕਾਨ ਦੇ ਨਾਲ ਲੱਗਦੀ ਗਲੀ ਦੇ ਦੂਜੇ ਪਾਸੇ ਬਣੀ ਗੈਰ-ਕਾਨੂੰਨੀ ਦੁਕਾਨ ਨੂੰ ਨਗਰ ਨਿਗਮ ਨੇ 4 ਫਰਵਰੀ 2026 ਨੂੰ ਵਿਜੀਲੈਂਸ ਦੀ ਸ਼ਿਕਾਇਤ ਤੋਂ ਬਾਅਦ ਡੇਗ ਦਿੱਤਾ ਸੀ। ਇਸ ਸਾਰੀ ਕਾਰਵਾਈ ਦੌਰਾਨ ਨਿਗਮ ਅਧਿਕਾਰੀ ਅਤੇ ਪੁਲਸ ਮੁਲਾਜ਼ਮ ਵੀ ਮੌਜੂਦ ਰਹੇ ਸਨ। ਉਸ ਕਾਰਵਾਈ ਨੂੰ ਨਿਗਮ ਦੀ ਸਖ਼ਤੀ ਵਜੋਂ ਪੇਸ਼ ਕੀਤਾ ਗਿਆ ਸੀ, ਪਰ ਹੁਣ ਉਸੇ ਥਾਂ ਦੇ ਆਲੇ-ਦੁਆਲੇ ਫਿਰ ਤੋਂ ਗੈਰ-ਕਾਨੂੰਨੀ ਉਸਾਰੀ ਪੂਰੇ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਚੁੱਕੀ ਹੈ। ਹਾਲਾਂਕਿ ਇਸ ਦੀ ਸ਼ਿਕਾਇਤ ਵੀ ਵਿਜੀਲੈਂਸ ਤੱਕ ਪਹੁੰਚ ਚੁੱਕੀ ਹੈ। ਜੇਕਰ 'ਕਿੰਗ ਤੰਦੂਰੀ' ਦੀ ਗੱਲ ਕਰੀਏ ਤਾਂ ਮੌਕੇ 'ਤੇ ਚੱਲ ਰਹੇ ਉਸਾਰੀ ਦੇ ਕੰਮ ਵਿਚ ਨਾ ਸਿਰਫ਼ ਦੁਕਾਨ ਦੀਆਂ ਉਪਰਲੀਆਂ ਮੰਜ਼ਿਲਾਂ ਨੂੰ ਵਪਾਰਕ ਰੂਪ ਦਿੱਤਾ ਜਾ ਰਿਹਾ ਹੈ, ਸਗੋਂ ਚੌਥੀ ਮੰਜ਼ਿਲ ਤੱਕ ਉਸਾਰੀ ਕਰ ਕੇ ਲੈਂਟਰ ਵੀ ਪਾ ਦਿੱਤਾ ਗਿਆ ਹੈ। ਇੰਨਾ ਹੀ ਨਹੀਂ, ਦੁਕਾਨ ਦੇ ਛੱਜੇ ਨੂੰ ਅੱਗੇ ਕਰੀਬ ਦੋ-ਦੋ ਫੁੱਟ ਤੱਕ ਕਵਰ ਕਰਦਿਆਂ ਡਿਜ਼ਾਈਨ ਖੜ੍ਹੇ ਕਰ ਕੇ ਕਬਜ਼ਾ ਵੀ ਕੀਤਾ ਜਾ ਰਿਹਾ ਹੈ। ਇਹ ਸਭ ਕੁਝ ਸ਼ਹਿਰ ਦੀਆਂ ਸਭ ਤੋਂ ਰੁਝੇਵੇਂ ਵਾਲੀਆਂ ਸੜਕਾਂ ਵਿਚੋਂ ਇਕ 'ਤੇ ਹੋ ਰਿਹਾ ਹੈ, ਜਿੱਥੋਂ ਰੋਜ਼ਾਨਾ ਹਜ਼ਾਰਾਂ ਲੋਕ ਲੰਘਦੇ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਇੰਨੀ ਵੱਡੀ




ਸਰਗਰਮੀ ਦੇ ਬਾਵਜੂਦ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਇਸ ਦੀ ਭਿਣਕ ਤੱਕ ਕਿਵੇਂ ਨਹੀਂ ਲੱਗੀ? ਜਾਂ ਫਿਰ ਇਹ ਸਭ ਕੁਝ ਉਨ੍ਹਾਂ ਦੀ ਜਾਣਕਾਰੀ ਅਤੇ ਕਥਿਤ ਮਿਲੀਭੁਗਤ ਨਾਲ ਹੀ ਹੋ ਰਿਹਾ ਹੈ? ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਿਨਾਂ ਸਿਆਸੀ ਸ਼ਹਿ ਅਤੇ ਪ੍ਰਸ਼ਾਸਨਿਕ ਸਰਪ੍ਰਸਤੀ ਦੇ ਇਸ ਪੱਧਰ ਦੀ ਗੈਰ-ਕਾਨੂੰਨੀ ਉਸਾਰੀ ਸੰਭਵ ਹੀ ਨਹੀਂ ਹੈ। ਇਸ ਕਾਰਨ ਨਗਰ ਨਿਗਮ ਦੇ ਕਮਿਸ਼ਨਰ ਤੋਂ ਲੈ ਕੇ ਫੀਲਡ ਸਟਾਫ ਤੱਕ ਦੀ ਭੂਮਿਕਾ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਜਿਸ ਥਾਂ 'ਤੇ ਪਹਿਲਾਂ ਕਾਰਵਾਈ ਕਰ ਕੇ ਗੈਰ-ਕਾਨੂੰਨੀ ਉਸਾਰੀ ਨੂੰ ਡੇਗਿਆ ਗਿਆ ਸੀ, ਉਸ ਤੋਂ ਮਹਿਜ਼ 10 ਮੀਟਰ ਦੀ ਦੂਰੀ 'ਤੇ ਦੁਬਾਰਾ ਉਸਾਰੀ ਹੋਣਾ ਨਿਗਮ ਦੀ ਕਾਰਜਪ੍ਰਣਾਲੀ 'ਤੇ ਵੱਡਾ ਸਵਾਲੀਆ ਨਿਸ਼ਾਨ ਹੈ। ਹਾਲਾਤ ਅਜਿਹੇ ਹਨ ਜਿਵੇਂ ਅਧਿਕਾਰੀ ਸਭ ਕੁਝ ਦੇਖ ਕੇ ਵੀ ਅਣਡਿੱਠ ਕਰ ਰਹੇ ਹੋਣ। ਸਥਾਨਕ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਸਬੰਧਤ ਦੁਕਾਨਦਾਰ ਪਹਿਲਾਂ ਵੀ ਗਲੀ ਅਤੇ ਸੜਕ 'ਤੇ ਕਬਜ਼ਾ ਕਰ ਕੇ ਗੈਰ-ਕਾਨੂੰਨੀ ਉਸਾਰੀ ਕਰ ਚੁੱਕਾ ਹੈ, ਪਰ ਹੁਣ ਉਸ ਦੇ ਹੌਸਲੇ ਹੋਰ ਬੁਲੰਦ ਨਜ਼ਰ ਆ ਰਹੇ ਹਨ। ਆਰ. ਟੀ. ਆਈ. ਐਕਟੀਵਿਸਟ ਸਿਮਰਨਜੀਤ ਸਿੰਘ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਟੇਟ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਭੇਜ ਦਿੱਤੀ ਹੈ। ਉਨ੍ਹਾਂ ਮੰਗ ਕੀਤੀ ਕਿ ਗੈਰ-ਕਾਨੂੰਨੀ ਉਸਾਰੀ ਨੂੰ ਸਰਪ੍ਰਸਤੀ ਦੇਣ ਵਾਲੇ ਨਿਗਮ ਅਧਿਕਾਰੀਆਂ ਅਤੇ ਸਬੰਧਤ ਸਿਆਸੀ ਆਗੂਆਂ ਖ਼?ਲਾਫ਼ ਉੱਚ ਪੱਧਰੀ ਜਾਂਚ ਕਰ ਕੇ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਲਗਾਤਾਰ ਵਧ ਰਹੇ ਅਜਿਹੇ ਮਾਮਲਿਆਂ ਨੇ ਸਾਫ਼ ਕਰ ਦਿੱਤਾ ਹੈ ਕਿ ਗੈਰ-ਕਾਨੂੰਨੀ ਉਸਾਰੀਆਂ ਵਿਰੁੱਧ ਕਾਰਵਾਈ ਮਹਿਜ਼ ਦਿਖਾਵੇ ਤੱਕ ਸੀਮਤ ਰਹਿ ਗਈ ਹੈ, ਜਦਕਿ ਜ਼ਮੀਨੀ ਪੱਧਰ 'ਤੇ ਨਗਰ ਨਿਗਮ ਵਿਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਡੂੰਘੀਆਂ ਹੋ ਚੁੱਕੀਆਂ ਹਨ।